ਰਾਮਕਲੀ ਕੀ ਵਾਰ = ਇਸ ਵਾਰ ਦੀਆਂ ੨੨ ਪਉੜੀਆਂ ਹਨ, ਹਰੇਕ ਪਉੜੀ ਵਿਚ ੮-੮ ਤੁਕਾਂ ਹਨ। ਇਸ ਵਾਰ ਵਿਚ ਸਾਰੇ ਸਲੋਕ ਵੀ ਮਹਲਾ ੫ ਦੇ ਹੀ ਹਨ, ਪਰ ਕਈ ਸਲੋਕ ਬਹੁਤ ਵੱਡੇ ਹਨ ਅਤੇ ਕਈ ਸਲੋਕ ਕੇਵਲ ੨-੨ ਤੁਕਾਂ ਦੇ ਹੀ ਹਨ। ਪਉੜੀ ੧੯ ਵੀਂ ਦਾ ਇਕ ਸਲੋਕ ਤੇ ਪਉੜੀ ੨੦ ਵੀਂ ਦੇ ਦੋ ਸਲੋਕ ਕਬੀਰ ਜੀ ਨੂੰ ਸੰਬੋਧਨ ਕਰਕੇ ਉਚਾਰੇ ਹੋਏ ਹਨ, ਪਰ ਇਹ ਸਲੋਕ ਗੁਰੂ ਅਰਜਨ ਦੇਵ ਜੀ ਦੇ ਹੀ ਹਨ। ਪਉੜੀ ੨੧ ਵੀਂ ਦੇ ਨਾਲ ਸਲੋਕ ਵੀ ਮਹਲਾ ੫ ਦੇ ਹਨ, ਪਰ ਇਹ ਸਲੋਕ ਫਰੀਦ ਜੀ ਦੇ ਸਲੋਕ ਦੇ ਪ੍ਰਥਾਇ ਹਨ। ਕਬੀਰ ਜੀ ਤੇ ਫਰੀਦ ਜੀ ਦੇ ਸਲੋਕਾਂ ਵਿਚ ਵੀ ਇਹ ਮਹਲਾ ੫ ਦੇ ਸਿਰਲੇਖ ਨਾਲ ਹੀ ਦਰਜ ਹਨ।

ਅੰਗ ੯੫੭ = ਰਾਮਕਲੀ ਕੀ ਵਾਰ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਸਲੋਕ ਮਹਲਾ ੫ ॥ ਜੈਸਾ ਸਤਿਗੁਰੁ ਸੁਣੀਦਾ, ਤੈਸੋ ਹੀ ਮੈ ਡੀਠੁ ॥ ਵਿਛੁੜਿਆ ਮੇਲੇ ਪ੍ਰਭੂ ,ਹਰਿ ਦਰਗਹ ਕਾ ਬਸੀਠੁ ॥ ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ, ਕਟੇ ਹਉਮੈ ਰੋਗੁ ॥ ਨਾਨਕ ਸਤਿਗੁਰੁ ਤਿਨਾ ਮਿਲਾਇਆ, ਜਿਨਾ ਧੁਰੇ ਪਇਆ ਸੰਜੋਗੁ ॥੧॥ (ਹੇ ਭਾਈ!) ਜਿਹੋ ਜਿਹਾ ਸਤਿਗੁਰੂ ਸੁਣੀਦਾ ਸੀ, ਉਹੋ ਜਿਹਾ ਹੀ ਮੈਂ ਅੱਖਾਂ ਨਾਲ ਦੇਖ ਲਿਆ ਹੈ। (ਉਹ ਪ੍ਰਭੂ ਤੋਂ) ਵਿਛੜੇ ਹੋਇਆਂ ਜੀਵਾਂ ਨੂੰ ਪ੍ਰਭੂ ਨਾਲ ਮੇਲਦਾ ਹੈ ਅਤੇ (ਉਹ) ਹਰੀ ਦੀ ਦਰਗਾਹ ਦਾ ਵਿਚੋਲਾ ਹੈ। ਹਰੀ ਦਾ ਨਾਮ ਮੰਤ੍ਰ (ਸਤਿਗੁਰੂ) ਦ੍ਰਿੜ ਕਰਾਉਂਦਾ ਹੈ, ਜੋ ਹਉਮੈ ਦਾ ਰੋਗ ਕੱਟ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਨੇ) ਉਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਮਿਲਾਇਆ ਹੈ, ਜਿਨ੍ਹਾਂ ਦੇ ਭਾਗਾਂ ਵਿਚ ਧੁਰ ਤੋਂ ਮੇਲ ਲਿਖਿਆ ਪਿਆ ਸੀ।੧।

ਮਃ ੫ ॥ ਇਕੁ ਸਜਣੁ ਸਭਿ ਸਜਣਾ, ਇਕੁ ਵੈਰੀ ਸਭਿ ਵਾਦਿ ॥ ਗੁਰਿ ਪੂਰੈ ਦੇਖਾਲਿਆ, ਵਿਣੁ ਨਾਵੈ ਸਭ ਬਾਦਿ ॥ ਸਾਕਤ ਦੁਰਜਨ ਭਰਮਿਆ, ਜੋ ਲਗੇ ਦੂਜੈ ਸਾਦਿ ॥ ਜਨ ਨਾਨਕਿ ਹਰਿ ਪ੍ਰਭੁ ਬੁਝਿਆ, ਗੁਰ ਸਤਿਗੁਰ ਕੈ ਪਰਸਾਦਿ ॥੨॥ ਜੇ ਇਕ ਪ੍ਰਭੂ ਮਿਤ੍ਰ ਬਣ ਜਾਵੇ, ਤਾਂ ਸਾਰਾ ਸੰਸਾਰ ਮਿਤ੍ਰ ਬਣ ਜਾਂਦਾ ਹੈ, ਜੇ ਇਕ ਪ੍ਰਭੂ ਨੂੰ ਵੈਰੀ ਸਮਝ ਲਈਏ (ਬੇਮੁਖ ਹੋ ਜਾਈਏ) ਤਾਂ ਸਾਰੇ ਝਗੜਾ ਕਰਨ ਵਾਲੇ (ਵੈਰੀ) ਬਣ ਜਾਂਦੇ ਹਨ। ਪੂਰੇ ਗੁਰੂ ਨੇ ਦਿਖਾ ਦਿਤਾ ਹੈ ਕਿ ਪ੍ਰਭੂ ਦੇ ਨਾਮ ਤੋਂ ਬਿਨਾ ਸਭ ਕੁਛ ਬਿਅਰਥ ਹੈ। ਜੋ (ਪ੍ਰਭੂ ਦੇ ਨਾਮ ਸਿਮਰਨ ਨੂੰ ਛਡ ਕੇ) ਦੂਜੇ (ਵਿਸ਼ੇ ਭੋਗਾਂ ਦੇ) ਸੁਆਦ ਵਿਚ ਲੱਗੇ ਹੋਏ ਹਨ, (ਉਹ) ਪ੍ਰਭੂ ਤੋਂ ਬੇਮੁਖ ਅਤੇ ਖੋਟੇ ਮਨੁੱਖ (ਭੈੜੀ ਜੋਨੀਆਂ ਵਿਚ) ਭਾਉਂਦੇ ਫਿਰਦੇ ਹਨ। ਪੂਜਨੀਕ ਸਤਿਗੁਰੂ ਦੀ ਕ੍ਰਿਪਾ ਨਾਲ ਦਾਸ ਨਾਨਕ ਨੇ ਹਰੀ ਪ੍ਰਭੂ ਨੂੰ ਸਮਝਿਆ (ਜਾਣਿਆ) ਹੈ।੨।

ਪਦਾਰਥ = ਤੈਸੋ ਹੀ-ਉਹੋ ਜਿਹਾ ਹੀ। ਡੀਠੁ-ਦੇਖ ਲਿਆ ਹੈ। ਬਸੀਠੁ-ਵਿਚੋਲਾ। ਨਾਮੋ ਮੰਤ੍ਰੁ-ਨਾਮ ਮੰਤ੍ਰ; ਨਾਮ ਜਪਣ ਦਾ ਉਪਦੇਸ਼। ਦ੍ਰਿੜਾਇਦਾ-ਹਿਰਦੇ ਵਿਚ ਪੱਕਾ ਕਰ ਦੇਂਦਾ ਹੈ। ਤਿਨਾ-ਉਨ੍ਹਾਂ ਨੂੰ। ਜਿਨਾ-ਜਿਨ੍ਹਾਂ ਦੇ। ਧੁਰੇ-ਧੁਰ (ਹਰੀ ਦੀ ਹਜੂਰੀ) ਤੋਂ। ਸੰਜੋਗੁ-ਮੇਲ ।੧। ਇਕੁ-ਇਕ ਪ੍ਰਭੂ। ਸਜਣੁ-ਮਿਤ੍ਰ। ਵਾਦਿ-ਝਗੜਾ ਕਰਨ ਵਾਲੇ (ਵੈਰੀ); ਵਿਰੋਧੀ। ਗੁਰਿ ਪੂਰੈ-ਪੂਰੇ ਗੁਰੂ ਨੇ। ਬਾਦਿ-ਬਿਅਰਥ। ਸਾਕਤ-ਪ੍ਰਭੂ ਤੋਂ ਬੇਮੁਖ। ਦੁਰਜਨ-ਭੈੜੇ ਮਨੁੱਖ। ਦੂਜੈ ਸਾਦਿ-ਦੂਜੇ ਸੁਆਦ ਵਿਚ। ਨਾਨਕਿ-ਨਾਨਕ ਨੇ। ਪਰਸਾਦਿ-ਕ੍ਰਿਪਾ ਨਾਲ।੨।

ਪਉੜੀ ॥ ਥਟਣਹਾਰੈ ਥਾਟੁ ,ਆਪੇ ਹੀ ਥਟਿਆ ॥ ਆਪੇ ਪੂਰਾ ਸਾਹੁ ,ਆਪੇ ਹੀ ਖਟਿਆ ॥ ਆਪੇ ਕਰਿ ਪਾਸਾਰੁ ,ਆਪੇ ਰੰਗ ਰਟਿਆ ॥ ਕੁਦਰਤਿ ਕੀਮ ਨ ਪਾਇ, ਅਲਖ ਬ੍ਰਹਮਟਿਆ ॥ ਅਗਮ ਅਥਾਹ ਬੇਅੰਤ, ਪਰੈ ਪਰਟਿਆ ॥ ਆਪੇ ਵਡ ਪਾਤਿਸਾਹੁ ,ਆਪਿ ਵਜੀਰਟਿਆ ॥ ਕੋਇ ਨ ਜਾਣੈ ਕੀਮ, ਕੇਵਡੁ ਮਟਿਆ ॥ ਸਚਾ ਸਾਹਿਬੁ ਆਪਿ, ਗੁਰਮੁਖਿ ਪਰਗਟਿਆ ॥੧॥ (ਜਗਤ ਨੂੰ) ਰਚਨ ਵਾਲੇ ਪ੍ਰਭੂ ਨੇ ਰਚਨਾ ਦਾ ਠਾਟ ਆਪ ਹੀ ਬਣਾਇਆ ਹੈ। (ਜਗਤ ਰੂਪ ਹੱਟ ਵਿਚ ਉਹ) ਆਪ ਹੀ ਗੁਰੂ ਰੂਪ ਪੂਰਾ ਸ਼ਾਹ ਹੈ ਅਤੇ ਆਪ ਹੀ ਸਿੱਖ ਰੂਪ ਹੋ ਕੇ ਨਾਮ ਧਨ ਖੱਟਦਾ ਹੈ। ਆਪ ਹੀ ਜਗਤ ਪਸਾਰਾ ਕਰਕੇ ਆਪ ਹੀ (ਇਸ ਦੇ) ਰੰਗਾਂ ਵਿਚ ਰੰਗਿਆ ਹੋਇਆ ਹੈ। ਅਲੱਖ ਕਰਤਾਰ ਦੀ ਰਚੀ ਕੁਦਰਤੀ ਦੀ ਕੀਮਤ ਨਹੀਂ ਪੈ ਸਕਦੀ। ਮਨ ਬਾਣੀ ਦੀ ਪਹੁੰਚ ਤੋਂ ਪਰੇ ਅਥਾਹ ਬੇਅੰਤ ਪ੍ਰਭੂ ਪਰੇ ਤੋਂ ਪਰੇ ਹੈ। (ਉਹ) ਆਪ ਹੀ ਵੱਡਾ ਪਾਤਸ਼ਾਹ ਹੈ ਅਤੇ ਆਪ ਹੀ ਵਜੀਰ ਰੂਪ ਹੈ। (ਪ੍ਰਭੂ ਦੀ) ਕੀਮਤ ਕੋਈ ਨਹੀਂ ਜਾਣਦਾ ਕਿ (ਉਸ ਦਾ) ਕਿੰਨਾ ਵੱਡਾ ਬ੍ਰਹਮੰਡ ਰੂਪ ਮਟਕਾ ਹੈ। (ਉਹ) ਸੱਚਾ ਮਾਲਕ ਆਪ ਹੀ ਗੁਰੂ ਦੁਆਰਾ ਪ੍ਰਗਟ ਹੁੰਦਾ ਹੈ।੧।

ਪਦਾਰਥ = ਥਟਣਹਾਰੈ-ਰਚਨ ਵਾਲੇ ਪ੍ਰਭੂ ਨੇ। ਥਾਟੁ-ਰਚਨਾ; ਬਨਾਵਟ। ਥਟਿਆ-ਰਚਿਆ (ਬਣਾਇਆ)। ਖਟਿਆ-ਨਾਮ ਧਨ ਦੀ ਕਮਾਈ ਕਰਦਾ ਹੈ। ਪਾਸਾਰੁ-ਜਗਤ ਰਚਨਾ ਦਾ ਪਸਾਰਾ। ਰੰਗ ਰਟਿਆ-ਰੰਗਾਂ ਵਿਚ ਰੰਗਿਆ ਹੈ; ਰੰਗਾਂ ਵਿਚ ਮਿਲਿਆ ਹੋਇਆ ਹੈ ।ਕੁਦਰਤਿ-ਕਰਤਾਰ ਦੀ ਰਚਨਾ ਸ਼ਕਤੀ। ਕੀਮ-ਕੀਮਤ। ਅਲਖ (ਅਲੱਖ ਪੜ੍ਹੋ)-ਜਿਸ ਨੂੰ ਪੂਰਨ ਤੌਰ ਤੇ ਜਾਣਿਆ ਨਾ ਜਾਵੇ। ਬ੍ਰਹਮਟਿਆ-ਸਭ ਜਗ੍ਹਾ ਪੂਰਿਆ ਹੋਇਆ ਕਰਤਾਰ (ਸਰਬ ਵਿਆਪਕ)। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਥਾਹ-ਬਹੁਤ ਡੂੰਘਾ। ਪਰੈ ਪਰਟਿਆ-ਪਰੇ ਤੋਂ ਪਰੇ। ਵਜੀਰਟਿਆ-ਵਜਾਰਤ ਵਾਲਾ; ਮੰਤਰੀ ਦੀ ਪਦਵੀ ਰੱਖਣ ਵਾਲਾ। ਕੇਵਡੁ-ਕਿੰਨਾ ਵੱਡਾ। ਮਟਿਆ-ਮਠ (ਮੰਦਰ); ਗੋਲਾਕਾਰ ਜਗਤ (ਮਟਕੇ ਦੇ ਅਕਾਰ ਦਾ ਬ੍ਰਹਮੰਡ)। ਗੁਰਮੁਖਿ-ਗੁਰੂ ਰਾਹੀਂ।੧।

ਸਲੋਕੁ ਮਃ ੫ ॥ ਸੁਣਿ ਸਜਣ ਪ੍ਰੀਤਮ ਮੇਰਿਆ, ਮੈ ਸਤਿਗੁਰੁ ਦੇਹੁ ਦਿਖਾਲਿ ॥ ਹਉ ਤਿਸੁ ਦੇਵਾ ਮਨੁ ਆਪਣਾ, ਨਿਤ ਹਿਰਦੈ ਰਖਾ ਸਮਾਲਿ ॥ ਇਕਸੁ ਸਤਿਗੁਰ ਬਾਹਰਾ, ਧ੍ਰਿਗੁ ਜੀਵਣੁ ਸੰਸਾਰਿ ॥ ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ ,ਜਿਨ ਸਦ ਹੀ ਵਰਤੈ ਨਾਲਿ ॥੧॥ ਮਃ ੫ ॥ ਮੇਰੈ ਅੰਤਰਿ ਲੋਚਾ ਮਿਲਣ ਕੀ, ਕਿਉ ਪਾਵਾ ਪ੍ਰਭ ਤੋਹਿ ॥ ਕੋਈ ਐਸਾ ਸਜਣੁ ਲੋੜਿ ਲਹੁ ,ਜੋ ਮੇਲੇ ਪ੍ਰੀਤਮ ਮੋਹਿ ॥ ਗੁਰਿ ਪੂਰੈ ਮੇਲਾਇਆ, ਜਤ ਦੇਖਾ ਤਤ ਸੋਇ ॥ ਜਨ ਨਾਨਕ ਸੋ ਪ੍ਰਭੁ ਸੇਵਿਆ, ਤਿਸੁ ਜੇਵਡੁ ਅਵਰੁ ਨ ਕੋਇ ॥੨॥ ਹੇ ਮੇਰੇ ਪਿਆਰੇ ਸੱਜਣ ਪ੍ਰਭੂ ! ਮੇਰੀ ਬੇਨਤੀ ਸੁਣ, ਮੈਨੂੰ ਸਤਿਗੁਰੂ ਦਿਖਾਲ ਦੇਹ (ਦਰਸ਼ਨ ਕਰਾ ਦੇਹ)। ਮੈਂ ਉਸ (ਸਤਿਗੁਰੂ) ਨੂੰ ਅਪਣਾ ਮਨ ਦੇ ਦੇਵਾਂਗਾ ਅਤੇ (ਸਤਿਗੁਰੂ ਦਾ ਉਪਦੇਸ਼) ਨਿਤ ਹਿਰਦੇ ਵਿਚ ਸੰਭਾਲ ਕੇ ਰਖਾਂਗਾ। (ਕਿਉਂਕਿ) ਇਕ ਸਤਿਗੁਰੂ ਤੋਂ ਬਿਨਾ ਸੰਸਾਰ ਵਿਚ ਜੀਵਨ ਫਿਟਕਾਰ ਯੋਗ ਹੈ। ਦਾਸ ਨਾਨਕ ਆਖਦਾ ਹੈ ਕਿ ਉਸ ਪ੍ਰਭੂ ਨੇ ਉਨ੍ਹਾਂ ਪੁਰਖਾਂ ਨੂੰ ਸਤਿਗੁਰੂ ਮਿਲਾਇਆ ਹੈ, ਜਿਨ੍ਹਾਂ ਦੇ ਨਾਲ ਪ੍ਰਭੂ ਸਦਾ ਹੀ ਵਸਦਾ ਹੈ।੧। ਹੇ ਪ੍ਰਭੂ ! ਮੇਰੇ ਹਿਰਦੇ ਅੰਦਰ ਤੈਨੂੰ ਮਿਲਣ ਦੀ ਇੱਛਾ ਹੈ, ਮੈਂ ਤੈਨੂੰ ਕਿਵੇਂ ਪ੍ਰਾਪਤ ਕਰਾਂ? (ਫਿਰ ਮਨ ਵਿਚੋਂ ਖਿਆਲ ਆਇਆ ਕਿ !) ਕੋਈ ਅਜੇਹਾ ਸੱਜਣ ਲੱਭ ਲੈ, ਜੋ ਮੈਨੂੰ ਪਿਆਰਾ ਪ੍ਰਭੂ ਮਿਲਾ ਦੇਵੇ। (ਜਦ ਮਨ ਵਿਚ ਖਿਆਲ ਆਇਆ ਤਾਂ ਪੂਰਨ ਗੁਰੂ ਮਿਲ ਪਏ, ਉਸ) ਪੂਰੇ ਗੁਰੂ ਨੇ (ਮੈਨੂੰ) ਪ੍ਰਭੂ ਮਿਲਾ ਦਿਤਾ ਹੈ, (ਹੁਣ) ਮੈਂ ਜਿੱਥੇ ਦੇਖਦਾ ਹਾਂ, ਉਥੇ ਮੈਂ ਉਸ ਪ੍ਰਭੂ ਨੂੰ ਹੀ ਦੇਖਦਾ ਹਾਂ। ਦਾਸ ਨਾਨਕ ਆਖਦਾ ਹੈ ਕਿ ਮੈ ਉਸ ਪ੍ਰਭੂ ਨੂੰ ਸਿਮਰਿਆ ਹੈ, (ਕਿਉਂਕਿ) ਉਸ ਦੇ ਜਿਤਨਾ ਵੱਡਾ ਹੋਰ ਕੋਈ ਨਹੀਂ ਹੈ।੨।

ਪਦਾਰਥ = ਪ੍ਰੀਤਮ–ਬਹੁਤ ਪਿਆਰਾ। ਮੈ–ਮੈਨੂੰ। ਹਉ–ਮੈਂ। ਤਿਸੁ–ਉਸ (ਸਤਿਗੁਰੂ) ਨੂੰ। ਦੇਵਾ–ਦੇਵਾਂਗਾ। ਨਿਤ–ਸਦਾ। ਰਖਾ ਸਮਾਲਿ –ਸੰਭਾਲ ਕੇ ਰਖਾਂਗਾ। ਬਾਹਰਾ–ਬਿਨਾ। ਧ੍ਰਿਗੁ–ਫਿਟਕਾਰ ਯੋਗ। ਸੰਸਾਰਿ–ਸੰਸਾਰ ਵਿਚ। ਜਨ ਨਾਨਕ–ਦਾਸ ਨਾਨਕ। ਤਿਨਾ–ਉਨ੍ਹਾਂ ਨੂੰ। ਮਿਲਾਇਓਨੁ–ਮਿਲਾਇਆ ਹੈ ਉਸ ਨੇ। ਜਿਨ–ਜਿਨ੍ਹਾਂ ਦੇ। ਵਰਤੈ–ਵਸਦਾ ਹੈ।੧। ਅੰਤਰਿ–ਹਿਰਦੇ ਅੰਦਰ। ਲੋਚਾ–ਇੱਛਾ; ਤਾਂਘ। ਪਾਵਾ–ਪ੍ਰਾਪਤ ਕਰਾਂ। ਪ੍ਰਭ–ਹੇ ਪ੍ਰਭੂ !। ਤੋਹਿ–ਤੈਨੂੰ। ਲੋੜਿ ਲਹੁ–ਲੱਭ ਲਵੋ। ਮੋਹਿ–ਮੈਨੂੰ। ਗੁਰਿ ਪੂਰੈ–ਪੂਰੇ ਗੁਰੂ ਨੇ। ਜਤ–ਜਿੱਥੇ। ਦੇਖਾ –ਮੈਂ ਦੇਖਦਾ ਹਾਂ। ਤਤ–ਉਥੇ। ਸੋ–ਉਹ; ਉਸ ਨੂੰ। ਸੇਵਿਆ–ਸਿਮਰਿਆ ਹੈ। ਜੇਵਡੁ–ਜਿੰਨਾ ਵੱਡਾ। ਅਵਰੁ ਕੋਇ–ਹੋਰ ਕੋਈ।੨।

ਪਉੜੀ ॥ ਦੇਵਣਹਾਰੁ ਦਾਤਾਰੁ ,ਕਿਤੁ ਮੁਖਿ ਸਾਲਾਹੀਐ ॥ ਜਿਸੁ ਰਖੈ ਕਿਰਪਾ ਧਾਰਿ, ਰਿਜਕੁ ਸਮਾਹੀਐ ॥ ਕੋਇ ਨ ਕਿਸ ਹੀ ਵਸਿ ,ਸਭਨਾ ਇਕ ਧਰ ॥ ਪਾਲੇ ਬਾਲਕ ਵਾਗਿ, ਦੇ ਕੈ ਆਪਿ ਕਰ ॥ ਕਰਦਾ ਅਨਦ ਬਿਨੋਦ, ਕਿਛੂ ਨ ਜਾਣੀਐ ॥ ਸਰਬ ਧਾਰ ਸਮਰਥ ,ਹਉ ਤਿਸੁ ਕੁਰਬਾਣੀਐ ॥ ਗਾਈਐ ਰਾਤਿ ਦਿਨੰਤੁ ,ਗਾਵਣ ਜੋਗਿਆ ॥ ਜੋ ਗੁਰ ਕੀ ਪੈਰੀ ਪਾਹਿ, ਤਿਨੀ ਹਰਿ ਰਸੁ ਭੋਗਿਆ ॥੨॥ (ਹੇ ਭਾਈ !) ਦਾਤਾਂ ਦੇਣ ਵਾਲੇ ਪ੍ਰਭੂ ਨੂੰ ਕਿਸ ਮੂੰਹ ਨਾਲ ਸਲਾਹੀਏ? (ਉਹ ਬੇਅੰਤ ਹੈ, ਉਸ ਦੀ ਪੂਰੀ ਸਿਫਤ ਸਲਾਹ ਹੋ ਨਹੀਂ ਸਕਦੀ)। ਜਿਸ ਮਨੁੱਖ ਨੂੰ ਪ੍ਰਭੂ ਕ੍ਰਿਪਾ ਧਾਰ ਕੇ ਰੱਖਦਾ ਹੈ, (ਉਸ ਨੂੰ ਉਹ) ਰਿਜਕ ਪਹੁਚਾਉਂਦਾ ਹੈ। ਕੋਈ ਵੀ ਜੀਵ ਕਿਸੇ (ਦੂਜੇ ਜੀਵ ਦੇ) ਵਸ ਵਿਚ ਨਹੀਂ ਹੈ, ਸਭ ਜੀਵਾਂ ਨੂੰ ਇਕ ਪ੍ਰਭੂ ਦਾ ਆਸਰਾ ਹੈ। (ਉਹ) ਆਪ ਅਪਣਾ ਹੱਥ ਦੇ ਕੇ (ਸਾਰੇ ਜੀਵਾਂ ਨੂੰ) ਬੱਚਿਆਂ ਵਾਂਗ ਪਾਲਦਾ ਹੈ। (ਉਹ) ਅਨੰਦ ਦੇਣ ਵਾਲੇ ਕੌਤਕ ਕਰਦਾ ਹੈ, (ਜਿਸ ਦੇ ਕੌਤਕਾਂ ਨੂੰ) ਕੁਛ ਜਾਣਿਆ ਨਹੀਂ ਜਾ ਸਕਦਾ। ਜੋ ਸਭ ਜੀਵਾਂ ਨੂੰ ਧਾਰਨ ਵਾਲਾ ਸਮਰਥ ਪ੍ਰਭੂ ਹੈ, ਮੈਂ (ਉਸ ਤੋਂ) ਕੁਰਬਾਨ ਜਾਂਦਾ ਹਾਂ। ਗਾਵਣ ਜੋਗ ਪ੍ਰਭੂ ਨੂੰ ਦਿਨ ਰਾਤ ਗਾਉਣਾ ਚਾਹੀਦਾ ਹੈ। ਜੋ ਮਨੁੱਖ ਗੁਰੂ ਦੇ ਪੈਰੀਂ (ਚਰਨੀਂ) ਪੈਂਦੇ ਹਨ, ਉਨ੍ਹਾਂ ਨੇ ਹਰੀ ਦਾ ਨਾਮ ਰਸ ਮਾਣਿਆ ਹੈ।੨।

ਪਦਾਰਥ = ਕਿਤੁ ਮੁਖਿ–ਕਿਸ ਮੂੰਹ ਨਾਲ। ਧਾਰਿ–ਧਾਰ (ਕਰ) ਕੇ। ਰਿਜਕੁ–ਭੋਜਨ। ਸਮਾਹੀਐ–ਪਹੁੰਚਾਉਂਦਾ ਹੈ। ਵਸਿ–ਵਸ ਵਿਚ। ਇਕ ਧਰ–ਇਕ ਪ੍ਰਭੂ ਦਾ ਆਸਰਾ। ਪਾਲੇ–ਪਾਲਦਾ ਹੈ। ਬਾਲਕ ਵਾਗਿ–ਬੱਚਿਆਂ ਵਾਂਗ। ਕਰ–ਹੱਥ। ਬਿਨੋਦ–ਕੌਤਕ; ਚੋਜ ਤਮਾਸ਼ੇ। ਸਰਬ ਧਾਰ–ਸਭ ਨੂੰ ਆਸਰਾ ਦੇਣ ਵਾਲਾ। ਸਮਰਥ–ਬਲਵਾਨ। ਹਉ–ਮੈਂ। ਗਾਵਣ ਜੋਗਿਆ–ਗਾਉਣ ਦੇ ਜੋਗ। ਪੈਰੀ ਪਾਹਿ–ਪੈਰੀਂ ਪੈਂਦੇ ਹਨ। ਤਿਨੀ–ਉਨ੍ਹਾਂ ਨੇ। ਭੋਗਿਆ–ਮਾਣਿਆ ਹੈ।੨।

ਸਲੋਕ ਮਃ ੫ ॥ ਭੀੜਹੁ ਮੋਕਲਾਈ ਕੀਤੀਅਨੁ ,ਸਭ ਰਖੇ ਕੁਟੰਬੈ ਨਾਲਿ ॥ ਕਾਰਜ ਆਪਿ ਸਵਾਰਿਅਨੁ ,ਸੋ ਪ੍ਰਭ ਸਦਾ ਸਭਾਲਿ ॥ ਪ੍ਰਭੁ ਮਾਤ ਪਿਤਾ ਕੰਠਿ ਲਾਇਦਾ, ਲਹੁੜੇ ਬਾਲਕ ਪਾਲਿ ॥ ਦਇਆਲ ਹੋਏ ਸਭ ਜੀਅ ਜੰਤ੍ਰ ,ਹਰਿ ਨਾਨਕ ਨਦਰਿ ਨਿਹਾਲ ॥੧॥ (ਹੇ ਮਨ !) ਉਸ ਪ੍ਰਭੂ ਨੇ ਤੰਗੀ ਤੋਂ ਖੁਲ੍ਹ ਕਰ ਦਿਤੀ ਹੈ (ਤੈਨੂੰ ਮੁਸੀਬਤਾਂ ਤੋਂ ਛਡਾਇਆ ਹੈ, ਉਹ) ਸਾਰੇ ਪ੍ਰਵਾਰ ਸਮੇਤ ਰੱਖਿਆ ਕਰਦਾ ਹੈ। ਉਸ ਪ੍ਰਭੂ ਨੇ (ਤੇਰੇ ਸਾਰੇ) ਕਾਰਜ ਆਪ ਸਵਾਰੇ ਹਨ, (ਇਸ ਲਈ ਤੂੰ) ਉਸ ਪ੍ਰਭੂ ਨੂੰ ਸਦਾ ਯਾਦ ਰੱਖ। ਪ੍ਰਭੂ ਮਾਤਾ ਪਿਤਾ ਵਾਂਗ (ਸੇਵਕਾਂ ਨੂੰ ਅਪਣੇ) ਗਲ ਨਾਲ ਲਾਉਂਦਾ ਹੈ ਅਤੇ ਛੋਟੇ ਬੱਚਿਆਂ ਵਾਂਗ ਪਾਲਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ (ਜਦੋਂ ਕਿਸੇ ਮਨੁੱਖ ਵੱਲ) ਮੇਹਰ ਦੀ ਨਜਰ ਨਾਲ ਦੇਖਦਾ ਹੈ, ਤਾਂ ਸਾਰੇ ਜੀਵ ਜੰਤ (ਉਸ ਤੇ) ਮੇਹਰਵਾਨ ਹੋ ਜਾਂਦੇ ਹਨ।੧।

ਅੰਗ ੯੫੮ = ਮਃ ੫ ॥ ਵਿਣੁ ਤੁਧੁ ਹੋਰੁ ਜਿ ਮੰਗਣਾ, ਸਿਰਿ ਦੁਖਾ ਕੈ ਦੁਖ ॥ ਦੇਹਿ ਨਾਮੁ ਸੰਤੋਖੀਆ, ਉਤਰੈ ਮਨ ਕੀ ਭੁਖ ॥ ਗੁਰਿ ਵਣੁ ਤਿਣੁ ਹਰਿਆ ਕੀਤਿਆ, ਨਾਨਕ ਕਿਆ ਮਨੁਖ ॥੨॥ ਹੇ ਪ੍ਰਭੂ ! ਤੇਰੇ ਨਾਮ ਤੋਂ ਬਿਨਾ (ਤੇਰੇ ਪਾਸੋਂ) ਹੋਰ ਜੋ ਕੁਛ ਮੰਗਣਾ ਹੈ, ਉਹ ਦੁੱਖਾਂ ਦੇ ਸਿਰ ਵੱਡਾ ਦੁੱਖ ਹੈ। (ਇਸ ਲਈ ਮੈਨੂੰ ਅਪਨਾ) ਨਾਮ ਦੇਹ, (ਤਾਂ ਕਿ ਮੈਨੂੰ) ਸੰਤੋਖ ਆ ਜਾਵੇ ਅਤੇ ਮੇਰੇ ਮਨ ਦੀ ਭੁੱਖ ਵੀ ਉਤਰ ਜਾਵੇ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ (ਸੁੱਕੇ) ਬ੍ਰਿਛ ਤੇ ਘਾਹ ਹਰੇ ਕਰ ਦਿਤੇ ਹਨ, ਮਨੁੱਖਾਂ ਨੂੰ ਮੁਕਤ ਕਰਨਾ (ਉਸ ਵਾਸਤੇ) ਕੀ ਔਖਾ ਹੈ?।੨। ਸੁਕੇ ਹਰੇ ਕੀਏ ਖਿਨ ਮਾਹੇ। ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ। (੧੯੧)

ਪਦਾਰਥ = ਭੀੜਹੁ–ਤੰਗੀ ਤੋਂ; ਮੁਸੀਬਤਾਂ ਤੋਂ। ਮੁਕਲਾਈ–ਖੁਲ੍ਹ; ਛੁਟਕਾਰਾ। ਕੀਤੀਅਨੁ–ਕਰ ਦਿਤੀ ਉਸ ਨੇ। ਕੁਟੰਬੈ ਨਾਲਿ–ਪ੍ਰਵਾਰ ਸਮੇਤ। ਸਵਾਰਿਅਨੁ–ਸਵਾਰੇ ਹਨ ਉਸ ਨੇ। ਸੋ–ਉਹ; ਉਸ ਨੂੰ। ਸਭਾਲਿ–ਯਾਦ ਕਰ। ਕੰਠਿ–ਗਲ ਨਾਲ। ਲਹੁੜੇ–ਛੋਟੇ। ਪਾਲਿ–ਪਾਲਦਾ ਹੈ। ਜੀਅ ਜੰਤ੍ਰ–ਛੋਟੇ ਵੱਡੇ ਜੀਵ ਜੰਤ। ਨਦਰਿ ਨਿਹਾਲ–ਮੇਹਰ ਦੀ ਨਜਰ ਨਾਲ ਦੇਖਦਾ ਹੈ।੧। ਜਿ–ਜੋ ਕੁਛ। ਸਿਰਿ–ਸਿਰ ਤੇ; ਵੱਡੇ। ਸੰਤੋਖੀਆ–ਸੰਤੋਖ ਆ ਜਾਵੇ। ਉਤਰੈ–ਉਤਰ ਜਾਵੇ। ਭੁਖ–ਤ੍ਰਿਸ਼ਨਾ। ਗੁਰਿ–ਗੁਰੂ ਨੇ। ਵਣੁ ਤਿਣੁ–ਬ੍ਰਿਛ ਤੇ ਘਾਹ।੨।

ਪਉੜੀ ॥ ਸੋ ਐਸਾ ਦਾਤਾਰੁ ,ਮਨਹੁ ਨ ਵੀਸਰੈ ॥ ਘੜੀ ਨ ਮੁਹਤੁ ਚਸਾ, ਤਿਸੁ ਬਿਨੁ ਨਾ ਸਰੈ ॥ ਅੰਤਰਿ ਬਾਹਰਿ ਸੰਗਿ, ਕਿਆ ਕੋ ਲੁਕਿ ਕਰੈ ॥ ਜਿਸੁ ਪਤਿ ਰਖੈ ਆਪਿ, ਸੋ ਭਵਜਲੁ ਤਰੈ ॥ ਭਗਤੁ ਗਿਆਨੀ ਤਪਾ, ਜਿਸੁ ਕਿਰਪਾ ਕਰੈ ॥ ਸੋ ਪੂਰਾ ਪਰਧਾਨੁ ,ਜਿਸ ਨੋ ਬਲੁ ਧਰੈ ॥ ਜਿਸਹਿ ਜਰਾਏ ਆਪਿ, ਸੋਈ ਅਜਰੁ ਜਰੈ ॥ ਤਿਸ ਹੀ ਮਿਲਿਆ ਸਚੁ ,ਮੰਤ੍ਰੁ ਗੁਰ ਮਨਿ ਧਰੈ ॥੩॥ (ਹੇ ਭਾਈ!) ਉਹ ਇਹੋ ਜਿਹਾ ਦਾਤਾਰ ਪ੍ਰਭੂ ਮਨ ਤੋਂ ਭੁੱਲਣਾ ਨਹੀਂ ਚਾਹੀਦਾ। (ਕਿਉਂਕਿ) ਇਕ ਘੜੀ, ਅੱਧੀ ਘੜੀ ਤੇ ਅੱਖ ਝਮਕਣ ਜਿੰਨਾ ਸਮਾਂ ਵੀ ਉਸ ਤੋਂ ਬਿਨਾ ਸਰਦਾ ਨਹੀਂ। (ਉਹ) ਅੰਦਰ ਬਾਹਰ ਸਦਾ ਨਾਲ ਰਹਿੰਦਾ ਹੈ, (ਉਸ ਤੋਂ) ਲੁਕ ਕੇ ਕੋਈ ਮਨੁੱਖ ਕੀ ਕਰ ਸਕਦਾ ਹੈ? ਜਿਸ ਮਨੁੱਖ ਦੀ ਉਹ ਆਪ ਇੱਜਤ ਰੱਖਦਾ ਹੈ, ਉਹ ਭਵਜਲ ਤੋਂ ਤਰ ਜਾਂਦਾ ਹੈ। ਜਿਸ ਮਨੁੱਖ ਤੇ ਉਹ ਕ੍ਰਿਪਾ ਕਰਦਾ ਹੈ, (ਉਹ ਹੀ ਸੱਚਾ) ਭਗਤ, ਗਿਆਨਵਾਨ ਤੇ ਤਪਾ ਹੈ। ਜਿਸ ਮਨੁੱਖ ਨੂੰ (ਉਹ) ਅਪਣੀ ਤਾਕਤ ਦੇਂਦਾ ਹੈ, ਉਹ (ਸੰਸਾਰ ਅੰਦਰ ਗੁਣਾਂ ਵਿਚ) ਪੂਰਨ ਹੈ ਤੇ ਮੁਖੀ ਹੈ। ਜਿਸ ਮਨੁੱਖ ਨੂੰ ਪ੍ਰਭੂ ਆਪ ਜਰਨ ਸ਼ਕਤੀ ਬਖਸ਼ਦਾ ਹੈ, ਉਹ ਹੀ ਨਾ ਜਰੇ ਜਾਣ ਵਾਲੀ ਆਤਮਕ ਤਾਕਤ ਨੂੰ ਜਰਦਾ ਹੈ {ਮਤਿ ਹੋਦੀ ਹੋਇ ਇਆਣਾ। ਤਾਣ ਹੋਦੇ ਹੋਏ ਨਿਤਾਣਾ ੧੩੮੪}। (ਜਿਹੜਾ ਮਨੁੱਖ ਅਪਣੇ) ਮਨ ਵਿਚ ਗੁਰੂ ਦਾ ਮੰਤ੍ਰ ਟਿਕਾ ਲੈਂਦਾ ਹੈ, ਉਸ ਨੂੰ ਸਚ ਸਰੂਪ ਪ੍ਰਭੂ ਮਿਲਿਆ ਹੈ।੩।

ਪਦਾਰਥ = ਸੋ–ਉਹ। ਮਨਹੁ–ਮਨ ਤੋਂ। ਨ ਵੀਸਰੈ–ਨਹੀਂ ਭੁੱਲਣਾ ਚਾਹੀਦਾ। ਘੜੀ–੨੪ ਮਿੰਟਾਂ ਦਾ ਸਮਾਂ। ਮੁਹਤੁ–ਅੱਧੀ ਘੜੀ। ਚਸਾ –ਬਹੁਤ ਥੋੜਾ ਸਮਾਂ। ਨ ਸਰੈ–(ਕੋਈ ਕੰਮ) ਪੂਰਾ ਨਹੀਂ ਹੁੰਦਾ; ਗੁਜਾਰਾ (ਨਿਰਬਾਹ) ਨਹੀਂ। ਸੰਗਿ–ਨਾਲ। ਕੋ–ਕੋਈ। ਲੁਕਿ–ਲੁਕ ਛਿਪ ਕੇ। ਪਤਿ–ਇੱਜਤ। ਭਵਜਲੁ–ਸੰਸਾਰ ਸਮੁੰਦਰ। ਤਪਾ–ਤਪੱਸਵੀ। ਪਰਧਾਨੁ–ਮੁਖੀ। ਬਲੁ ਧਰੈ–ਆਤਮਕ ਤਾਕਤ ਦੇਂਦਾ ਹੈ। ਜਿਸਹਿ–ਜਿਸ ਨੂੰ। ਜਰਾਏ–ਬਰਦਾਸਤ ਕਰਾਏ। ਸੋਈ–ਉਹ ਹੀ। ਅਜਰ–ਨਾ ਸਹਿਣ ਵਾਲੀ ਤਾਕਤ। ਜਰੈ–ਸਹਾਰਦਾ ਹੈ। ਤਿਸ ਹੀ–ਉਸ ਨੂੰ ਹੀ। ਸਚੁ–ਸੱਚ ਸਰੂਪ ਪ੍ਰਭੂ। ਮੰਤ੍ਰੁ ਗੁਰ–ਗੁਰ ਮੰਤ੍ਰ; ਗੁਰੂ ਦਾ ਉਪਦੇਸ਼। ਮਨਿ ਧਰੈ–ਮਨ ਵਿਚ ਟਿਕਾਉਂਦਾ ਹੈ।੨।

ਸਲੋਕੁ ਮਃ ੫ ॥ ਧੰਨੁ ਸੁ ਰਾਗ ਸੁਰੰਗੜੇ, ਆਲਾਪਤ ਸਭ ਤਿਖ ਜਾਇ ॥ ਧੰਨੁ ਸੁ ਜੰਤ ਸੁਹਾਵੜੇ, ਜੋ ਗੁਰਮੁਖਿ ਜਪਦੇ ਨਾਉ ॥ ਜਿਨੀ ਇਕ ਮਨਿ ਇਕੁ ਅਰਾਧਿਆ, ਤਿਨ ਸਦ ਬਲਿਹਾਰੈ ਜਾਉ ॥ ਤਿਨ ਕੀ ਧੂੜਿ ਹਮ ਬਾਛਦੇ, ਕਰਮੀ ਪਲੈ ਪਾਇ ॥ ਜੋ ਰਤੇ ਰੰਗਿ ਗੋਵਿਦ ਕੈ, ਹਉ ਤਿਨ ਬਲਿਹਾਰੈ ਜਾਉ ॥ ਆਖਾ ਬਿਰਥਾ ਜੀਅ ਕੀ, ਹਰਿ ਸਜਣੁ ਮੇਲਹੁ ਰਾਇ ॥ ਗੁਰਿ ਪੂਰੈ ਮੇਲਾਇਆ, ਜਨਮ ਮਰਣ ਦੁਖੁ ਜਾਇ ॥ ਜਨ ਨਾਨਕ ਪਾਇਆ ਅਗਮ ਰੂਪੁ ,ਅਨਤ ਨ ਕਾਹੂ ਜਾਇ ॥੧॥ ਉਹ ਰਾਗ ਸੁਰੀਲੇ ਹਨ, (ਜਿਨ੍ਹਾਂ ਦੇ) ਗਾਉਣ ਨਾਲ (ਪਦਾਰਥਾਂ ਦੀ) ਸਾਰੀ ਇੱਛਾ ਦੂਰ ਹੋ ਜਾਂਦੀ ਹੈ। ਉਹ ਜੀਵ ਧੰਨਤਾ ਦੇ ਯੋਗ ਤੇ ਸੋਭਨੀਕ ਹਨ, ਜੋ ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਦਾ ਨਾਮ ਜਪਦੇ ਹਨ। ਜਿਨ੍ਹਾਂ ਪੁਰਖਾਂ ਨੇ ਇਕ ਮਨ ਹੋ ਕੇ ਇਕ ਪ੍ਰਭੂ ਨੂੰ ਅਰਾਧਿਆ ਹੈ, ਮੈਂ ਉਨ੍ਹਾਂ ਤੋਂ ਸਦਾ ਬਲ ਹਾਰ ਜਾਂਦਾ ਹਾਂ। ਅਸੀਂ ਉਨ੍ਹਾਂ (ਗੁਰਮੁਖਾਂ) ਦੀ ਚਰਨ ਧੂੜ ਚਾਹੁੰਦੇ ਹਾਂ, (ਪਰ ਇਹ ਚਰਨ ਧੂੜ) ਚੰਗੇ ਭਾਗਾਂ ਨਾਲ ਪੱਲੇ ਪੈਂਦੀ ਹੈ। ਜਿਹੜੇ ਮਨੁੱਖ ਗੋਬਿੰਦ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ, ਮੈਂ ਉਨ੍ਹਾਂ ਤੋਂ ਬਲਹਾਰ ਜਾਂਦਾ ਹਾਂ। ਮੈਂ (ਉਨ੍ਹਾਂ ਅੱਗੇ ਅਪਣੇ) ਦਿਲ ਦੀ ਪੀੜਾ ਆਖਦਾ ਹਾਂ ਕਿ (ਹੇ ਗੁਰਮੁਖੋ! ਮੈਨੂੰ) ਸੱਜਣ ਹਰੀ ਰਾਜਾ ਮਿਲਾ ਦਿਓ। (ਉਨ੍ਹਾਂ ਗੁਰਮੁਖਾਂ ਨੇ ਦਸਿਆ ਕਿ ਸਾਨੂੰ) ਪੂਰੇ ਗੁਰੂ ਨੇ (ਹਰੀ ਰਾਜਾ) ਮਿਲਾਇਆ ਹੈ, (ਤੁਸੀਂ ਵੀ ਪੂਰੇ ਗੁਰੂ ਨੂੰ ਮਿਲੋ, ਉਹ ਤੁਹਾਨੂੰ ਪ੍ਰਭੂ ਨਾਲ ਮਿਲਾ ਦੇਣਗੇ, ਜਿਸ ਨੂੰ ਪ੍ਰਭੂ ਮਿਲਿਆ ਹੈ, ਉਸ ਦਾ) ਜਨਮ ਮਰਣ ਦਾ ਦੁਖ ਦੂਰ ਹੋ ਜਾਂਦਾ ਹੈ। ਦਾਸ ਨਾਨਕ ਆਖਦਾ ਹੈ (ਕਿ ਇਸ ਤਰ੍ਹਾਂ) ਮੈਂ ਅਗਮ ਰੂਪ ਪ੍ਰਭੂ ਨੂੰ ਪਾਇਆ ਹੈ, (ਹੁਣ ਉਸ ਨੂੰ ਛਡ ਕੇ ਮੇਰਾ ਮਨ) ਹੋਰ ਕਿਸੇ ਪਾਸੇ ਨਹੀਂ ਜਾਂਦਾ।੧।

ਪਦਾਰਥ = ਧੰਨੁ-ਧੰਨਤਾ ਦੇ ਯੋਗ। ਸੁ-ਉਹ। ਸੁਰੰਗੜੇ-ਸੁੰਦਰ; ਸੁਰੀਲੇ; ਰਸੀਲੇ। ਆਲਾਪਤ-ਗਾਉਣ ਨਾਲ। ਤਿਖ-ਪਿਆਸ; ਇੱਛਾ ;ਤ੍ਰਿਸ਼ਨਾ। ਜੰਤ-ਜੀਵ। ਸੁਹਾਵੜੇ-ਸੋਭਨੀਕ। ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ। ਜਿਨੀ-ਜਿਨ੍ਹਾਂ ਨੇ। ਇਕ ਮਨਿ-ਇਕਾਗਰ ਮਨ ਨਾਲ। ਇਕੁ-ਇਕ ਪ੍ਰਭੂ ਨੂੰ। ਤਿਨ-ਉਨ੍ਹਾਂ ਤੋਂ। ਬਾਛਦੇ-ਚਾਹੁੰਦੇ ਹਾਂ। ਕਰਮੀ-ਭਾਗਾਂ ਨਾਲ; ਬਖਸ਼ਿਸ਼ ਨਾਲ। ਪਲੈ ਪਾਇ-ਪੱਲੇ ਵਿਚ ਪੈਂਦੀ ਹੈ। ਰਤੇ ਰੰਗਿ-ਪ੍ਰੇਮ ਰੰਗ ਵਿਚ ਰੰਗੇ ਹਨ। ਹਉ-ਮੈਂ। ਬਿਰਥਾ-ਪੀੜਾ। ਜੀਅ ਕੀ-ਦਿਲ ਦੀ। ਰਾਇ-ਰਾਜਾ। ਗੁਰਿ ਪੂਰੈ-ਪੂਰੇ ਗੁਰੂ ਨੇ। ਅਗਮ ਰੂਪ-ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ ਦਾ ਸਰੂਪ। ਅਨਤ ਕਾਹੂ-ਹੋਰ ਕਿਸੇ ਪਾਸੇ।੧।

ਮਃ ੫ ॥ ਧੰਨੁ ਸੁ ਵੇਲਾ ਘੜੀ ਧੰਨੁ ,ਧਨੁ ਮੂਰਤੁ ਪਲੁ ਸਾਰੁ ॥ ਧੰਨੁ ਸੁ ਦਿਨਸੁ ਸੰਜੋਗੜਾ, ਜਿਤੁ ਡਿਠਾ ਗੁਰ ਦਰਸਾਰੁ ॥ ਮਨ ਕੀਆ ਇਛਾ ਪੂਰੀਆ, ਹਰਿ ਪਾਇਆ ਅਗਮ ਅਪਾਰੁ ॥ ਹਉਮੈ ਤੁਟਾ ਮੋਹੜਾ, ਇਕੁ ਸਚੁ ਨਾਮੁ ਆਧਾਰੁ ॥ ਜਨੁ ਨਾਨਕੁ ਲਗਾ ਸੇਵ ਹਰਿ, ਉਧਰਿਆ ਸਗਲ ਸੰਸਾਰੁ ॥੨॥ ਉਹ ਸਮਾਂ ਧੰਨ ਹੈ, ਉਹ ਘੜੀ ਧੰਨ ਹੈ, ਮਹੂਰਤ ਧੰਨ ਹੈ ਅਤੇ ਉਹ ਪਲ ਵੀ ਸ੍ਰੇਸ਼ਟ ਹੈ। ਉਹ ਸ਼ੁਭ ਦਿਨ ਵੀ ਧੰਨ ਹੈ, ਜਿਸ ਸਮੇਂ ਮੈਂ ਗੁਰੂ ਦਾ ਦਰਸ਼ਨ ਦੇਖਿਆ। (ਦਰਸ਼ਨ ਕਰਕੇ) ਮਨ ਦੀਆਂ ਇੱਛਾਂ ਪੂਰੀਆਂ ਹੋ ਗਈਆਂ ਹਨ ਅਤੇ (ਗੁਰੂ ਰਾਹੀਂ) ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਹਰੀ ਨੂੰ ਪਾ ਲਿਆ ਹੈ। (ਮੇਰਾ) ਹਉਮੈ ਦਾ ਮੋਹ ਟੁੱਟ ਗਿਆ ਅਤੇ ਇਕ ਸਚਾ ਨਾਮ (ਮੇਰਾ) ਆਸਰਾ ਬਣ ਗਿਆ। ਦਾਸ ਨਾਨਕ ਹਰੀ ਦੀ ਸੇਵਾ ਭਗਤੀ ਵਿਚ ਲਗ ਗਿਆ, (ਜਿਸ ਸੇਵਾ ਦੀ ਬਰਕਤ ਨਾਲ) ਸਾਰਾ ਸੰਸਾਰ (ਭਵਜਲ ਤੋਂ) ਤਰਿਆ ਹੈ।੨।

ਪਦਾਰਥ = ਸੁ ਵੇਲਾ-ਉਹ ਸਮਾਂ। ਘੜੀ-੨੪ ਮਿੰਟਾਂ ਦਾ ਸਮਾਂ। ਮੂਰਤੁ-ਦੋ ਘੜੀਆਂ ਦਾ ਸਮਾਂ। ਪਲੁ-੨੪ ਸਕਿੰਟਾਂ ਦਾ ਸਮਾਂ। ਸਾਰੁ-ਸ੍ਰੇਸ਼ਟ। ਸੰਜੋਗੜਾ-ਚੰਗਾ ਮੌਕਾ। ਜਿਤੁ-ਜਿਸ ਸਮੇਂ; ਜਦੋਂ। ਡਿਠਾ-ਦੇਖਿਆ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰੁ-ਬੇਅੰਤ । ਮੋਹੜਾ-ਮੋਹ। ਆਧਾਰੁ-ਆਸਰਾ। ਉਧਰਿਆ-ਤਰਿਆ ਹੈ। ਸਗਲ-ਸਾਰਾ।੨।

ਪਉੜੀ ॥ ਸਿਫਤਿ ਸਲਾਹਣੁ ਭਗਤਿ, ਵਿਰਲੇ ਦਿਤੀਅਨੁ ॥ ਸਉਪੇ ਜਿਸੁ ਭੰਡਾਰ, ਫਿਰਿ ਪੁਛ ਨ ਲੀਤੀਅਨੁ ॥ ਜਿਸ ਨੋ ਲਗਾ ਰੰਗੁ ,ਸੇ ਰੰਗਿ ਰਤਿਆ ॥ ਓਨਾ ਇਕੋ ਨਾਮੁ ਅਧਾਰੁ ,ਇਕਾ ਉਨ ਭਤਿਆ ॥ ਓਨਾ ਪਿਛੈ ਜਗੁ ਭੁੰਚੈ ਭੋਗਈ ॥ ਓਨਾ ਪਿਆਰਾ ਰਬੁ ਓਨਾਹਾ ਜੋਗਈ ॥ ਜਿਸੁ ਮਿਲਿਆ ਗੁਰੁ ਆਇ, ਤਿਨਿ ਪ੍ਰਭੁ ਜਾਣਿਆ ॥ ਹਉ ਬਲਿਹਾਰੀ ਤਿਨ, ਜਿ ਖਸਮੈ ਭਾਣਿਆ ॥੪॥ ਉਸ ਪ੍ਰਭੂ ਨੇ ਸਿਫਤ ਸਲਾਹ ਰੂਪ ਭਗਤੀ ਕਿਸੇ ਵਿਰਲੇ ਮਨੁੱਖ ਨੂੰ ਦਿਤੀ ਹੈ। ਜਿਸ ਮਨੁੱਖ ਨੂੰ ਉਸ ਪ੍ਰਭੂ ਨੇ (ਭਗਤੀ ਦੇ) ਭੰਡਾਰ ਸੌਂਪੇ ਹਨ, (ਉਸ ਪਾਸੋਂ ਭੰਡਾਰੇ ਦਾ) ਮੁੜ ਕੇ ਹਿਸਾਬ ਨਹੀਂ ਪੁਛਿਆ ਤੇ ਨਾ ਭੰਡਾਰ ਵਾਪਸ ਲਿਆ ਹੈ। ਜਿਸ ਮਨੁੱਖ ਨੂੰ ਹਰੀ ਦਾ ਪਿਆਰ ਲਗ ਗਿਆ ਹੈ, (ਅਜੇਹੇ) ਉਹ (ਮਨੁੱਖ ਉਸ ਦੇ) ਰੰਗ ਵਿਚ ਰੰਗੇ ਗਏ ਹਨ। ਉਨ੍ਹਾਂ ਨੂੰ ਇਕ ਨਾਮ ਦਾ ਆਸਰਾ ਹੈ ਅਤੇ ਉਨ੍ਹਾਂ ਦੀ ਰੀਤ ਵੀ ਇਕੋ ਹੈ (ਇਕੋ ਜਿਹੇ ਹਨ। ਉਨ੍ਹਾਂ ਦੀ ਕੀਤੀ ਘਾਲ ਕਮਾਈ ਦਾ ਸਦਕਾ) ਉਨ੍ਹਾਂ ਦੇ ਪਿਛੋਂ ਸਾਰਾ ਜਗਤ ਖਾਂਦਾ ਤੇ ਅਨੰਦ ਮਾਣਦਾ ਹੈ। ਉਨ੍ਹਾਂ ਨੂੰ ਰੱਬ ਪਿਆਰਾ ਲਗਦਾ ਹੈ (ਜਿਵੇਂ ਕਿ ਰੱਬ ਕੇਵਲ) ਉਨ੍ਹਾਂ ਜੋਗਾ ਹੀ ਹੋਵੇ। ਜਿਸ ਮਨੁੱਖ ਨੂੰ ਗੁਰੂ ਆ ਮਿਲਿਆ ਹੈ, ਉਸ ਨੇ ਪ੍ਰਭੂ ਨੂੰ ਜਾਣਿਆ ਹੈ। ਜਿਹੜੇ ਪੁਰਖ ਮਾਲਕ ਪ੍ਰਭੂ ਨੂੰ ਚੰਗੇ ਲੱਗੇ ਹਨ, ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ।੪।

ਪਦਾਰਥ = ਦਿਤੀਅਨੁ-ਦਿਤੀ ਹੈ ਉਸ ਨੇ। ਸਉਪੇ-ਅਰਪ ਦਿਤੇ। ਫਿਰਿ-ਮੁੜ ਕੇ। ਪੁਛ-ਪੁੱਛ ਗਿੱਛ (ਹਿਸਾਬ ਦੀ)। ਨ ਲੀਤੀਅਨੁ-ਨਹੀਂ ਲਈ ਉਸ ਨੇ। ਰੰਗੁ-ਪਿਆਰ। ਸੇ-ਉਹ। ਰੰਗਿ ਰਤਿਆ-ਰੰਗ ਵਿਚ ਰੰਗੇ ਗਏ ਹਨ। ਓਨਾ-ਉਨ੍ਹਾਂ ਨੂੰ। ਅਧਾਰੁ-ਆਸਰਾ। ਉਨ-ਉਨ੍ਹਾਂ ਦੀ। ਇਕਾ ਭਤਿਆ-ਇਕੋ ਭਾਂਤ ਦੇ (ਇਕੋ ਜਿਹੇ); ਭੱਤਾ; ਭੋਜਨ (ਸ਼ਬਦਾਰਥ; ਨਿਰਨੈ; ਦਰਪਣ)। ਭੁੰਚੈ-ਖਾਂਦਾ ਹੈ। ਭੋਗਈ -ਭੋਗਦਾ (ਮਾਣਦਾ) ਹੈ। ਓਨਾਹਾ ਜੋਗਈ-ਉਨ੍ਹਾਂ ਜੋਗਾ ਹੀ; ਉਨ੍ਹਾਂ ਦੇ ਵਸ ਵਿਚ। ਤਿਨਿ-ਉਸ ਨੇ। ਹਉ-ਮੈਂ। ਬਲਿਹਾਰੀ-ਸਦਕੇ ਜਾਂਦਾ ਹਾਂ। ਜਿ-ਜਿਹੜੇ। ਖਸਮੈ-ਮਾਲਕ ਪ੍ਰਭੂ ਨੂੰ। ਭਾਣਿਆ-ਚੰਗੇ ਲੱਗੇ ਹਨ।੪।

ਸਲੋਕ ਮਃ ੫ ॥ ਹਰਿ ਇਕਸੈ ਨਾਲਿ ਮੈ ਦੋਸਤੀ, ਹਰਿ ਇਕਸੈ ਨਾਲਿ ਮੈ ਰੰਗੁ ॥ ਹਰਿ ਇਕੋ ਮੇਰਾ ਸਜਣੋ, ਹਰਿ ਇਕਸੈ ਨਾਲਿ ਮੈ ਸੰਗੁ ॥ ਹਰਿ ਇਕਸੈ ਨਾਲਿ ਮੈ ਗੋਸਟੇ, ਮੁਹੁ ਮੈਲਾ ਕਰੈ ਨ ਭੰਗੁ ॥ ਜਾਣੈ ਬਿਰਥਾ ਜੀਅ ਕੀ, ਕਦੇ ਨ ਮੋੜੈ ਰੰਗੁ ॥ ਹਰਿ ਇਕੋ ਮੇਰਾ ਮਸਲਤੀ, ਭੰਨਣ ਘੜਨ ਸਮਰਥੁ ॥ ਹਰਿ ਇਕੋ ਮੇਰਾ ਦਾਤਾਰੁ ਹੈ, ਸਿਰਿ ਦਾਤਿਆ ਜਗ ਹਥੁ ॥ ਹਰਿ ਇਕਸੈ ਦੀ ਮੈ ਟੇਕ ਹੈ, ਜੋ ਸਿਰਿ ਸਭਨਾ ਸਮਰਥੁ ॥ ਸਤਿਗੁਰਿ ਸੰਤੁ ਮਿਲਾਇਆ, ਮਸਤਕਿ ਧਰਿ ਕੈ ਹਥੁ ॥ ਵਡਾ ਸਾਹਿਬੁ ਗੁਰੂ ਮਿਲਾਇਆ, ਜਿਨਿ ਤਾਰਿਆ ਸਗਲ ਜਗਤੁ ॥ (ਹੇ ਭਾਈ !) ਇਕ ਹਰੀ ਨਾਲ ਹੀ ਮੇਰੀ ਮਿਤ੍ਰਤਾ ਹੈ, ਇਕ ਹਰੀ ਨਾਲ ਹੀ ਮੇਰਾ ਪਿਆਰ ਹੈ। ਇਕ ਹਰੀ ਹੀ ਮੇਰਾ ਸੱਜਣ ਮਿਤ੍ਰ ਹੈ ਅਤੇ ਇਕ ਹਰੀ ਨਾਲ ਹੀ ਮੇਰਾ ਸਾਥ ਹੈ। ਇਕ ਹਰੀ ਨਾਲ ਹੀ ਮੇਰੀ ਗੱਲਬਾਤ ਹੈ, ਉਹ ਕਦੇ ਮੂੰਹ ਤੇ ਵੱਟ ਨਹੀਂ ਪਾਉਂਦਾ ਅਤੇ ਨਾ ਮੂੰਹ ਮੋੜਦਾ ਹੈ (ਨਰਾਜ ਨਹੀਂ ਹੁੰਦਾ। ਉਹ ਮੇਰੇ) ਦਿਲ ਦਾ ਦੁਖ ਜਾਣਦਾ ਹੈ ਅਤੇ ਮੇਰੇ ਪਿਆਰ ਨੂੰ

ਮੋੜਦਾ (ਠੁਕਰਾਉਂਦਾ) ਨਹੀਂ। ਇਕ ਹਰੀ ਹੀ ਮੇਰਾ ਸਲਾਹਕਾਰ ਹੈ, ਜੋ (ਜਗਤ ਨੂੰ) ਬਣਾਉਣ ਤੇ ਤੋੜਨ ਦੇ ਸਮਰੱਥ ਹੈ। ਇਕੋ ਹਰੀ ਮੇਰਾ ਦਾਤਾ ਹੈ, ਜਗਤ ਦੇ ਸਾਰੇ ਦਾਤਿਆਂ ਦੇ ਸਿਰ ਉਤੇ (ਜਿਸ ਦਾ) ਹੱਥ ਹੈ। ਇਕ ਹਰੀ ਦੀ ਹੀ ਮੈਨੂੰ ਟੇਕ ਹੈ, ਜੋ ਸਭ ਜੀਵਾਂ ਦੇ ਸਿਰ ਉਤੇ ਤਾਕਤਵਰ ਹੈ। ਸਤਿਗੁਰੂ ਨੇ ਮੇਰੇ ਮੱਥੇ ਉਤੇ ਅਪਣਾ ਹੱਥ ਧਰ ਕੇ ਮੈਨੂੰ ਸੰਤ ਪ੍ਰਭੂ ਮਿਲਾ ਦਿਤਾ ਹੈ। ਗੁਰੂ ਨੇ ਮੈਨੂੰ ਵੱਡਾ ਮਾਲਕ ਪ੍ਰਭੂ ਮਿਲਾ ਦਿਤਾ ਹੈ, ਜਿਸ ਨੇ ਸਾਰਾ ਜਗਤ (ਭਵਜਲ ਤੋਂ) ਤਾਰਿਆ ਹੈ।

ਅੰਗ ੯੫੯ = ਮਨ ਕੀਆ ਇਛਾ ਪੂਰੀਆ, ਪਾਇਆ ਧੁਰਿ ਸੰਜੋਗ ॥ ਨਾਨਕ ਪਾਇਆ ਸਚੁ ਨਾਮੁ ,ਸਦ ਹੀ ਭੋਗੇ ਭੋਗ ॥੧॥ ਮੇਰੇ ਮਨ ਦੀਆਂ ਇੱਛਾਂ ਪੂਰੀਆਂ ਹੋ ਗਈਆਂ ਹਨ, ਜੋ ਮਿਲਾਪ ਧੁਰ ਤੋਂ ਲਿਖਿਆ ਹੋਇਆ ਸੀ, ਉਹ ਪ੍ਰਾਪਤ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸੱਚਾ ਨਾਮ ਪਾਇਆ ਹੈ, (ਜਿਸ ਨੂੰ ਜਪ ਕੇ) ਸਦਾ ਅਨੰਦ ਮਾਣਦਾ ਹਾਂ।੧।

ਪਦਾਰਥ = ਰੰਗੁ–ਪਿਆਰ। ਸੰਗੁ–ਸਾਥ। ਮੈ–ਮੇਰਾ। ਗੋਸਟੇ–ਗੱਲ ਬਾਤ; ਵਿਚਾਰ ਵਟਾਂਦਰਾ। ਮੁਹੁ ਮੈਲਾ ਕਰੈ ਨ–ਮੂੰਹ ਮੋਟਾ ਨਹੀਂ ਕਰਦਾ (ਨਰਾਜ ਨਹੀਂ ਹੁੰਦਾ)। ਨ ਭੰਗੁ–ਮੋੜਦਾ ਨਹੀਂ (ਦਿਲ ਨਹੀਂ ਤੋੜਦਾ)। ਬਿਰਥਾ–ਦੁਖ। ਜੀਅ ਕੀ–ਦਿਲ ਦਾ। ਮੋੜੈ ਰੰਗੁ–ਪ੍ਰੇਮ ਨੂੰ ਮੋੜਦਾ (ਠੁਕਰਾਉਂਦਾ) ਨਹੀਂ। ਮਸਲਤੀ–ਸਲਾਹਕਾਰ। ਭੰਨਣ–ਤੋੜਨ ਵਾਲਾ। ਘੜਨ–ਬਣਾਉਣ ਵਾਲਾ। ਸਮਰਥੁ–ਤਾਕਤਵਰ। ਸਿਰਿ–ਸਿਰ ਉਤੇ। ਜਗ–ਜਗਤ। ਟੇਕ–ਆਸਰਾ। ਸਤਿਗੁਰਿ–ਸਤਿਗੁਰੂ ਨੇ। ਸੰਤੁ–ਸ਼ਾਂਤੀ ਦਾ ਸੋਮਾ ਪ੍ਰਭੂ। ਮਸਤਕਿ–ਮੱਥੇ ਉਤੇ। ਜਿਨਿ –ਜਿਸ ਨੇ। ਸਗਲ–ਸਾਰਾ। ਧੁਰਿ–ਧੁਰ ਤੋਂ। ਸੰਜੋਗ–ਮਿਲਾਪ। ਸਦ ਹੀ–ਸਦਾ ਹੀ। ਭੋਗੇ ਭੋਗ–ਅਨੰਦ ਮਾਣਦਾ ਹਾਂ।੧।

ਮਃ ੫ ॥ ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ ॥ ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ ॥ ਜਿਚਰੁ ਪੈਨਨਿ ਖਾਵਨ੍ਹੇ ,ਤਿਚਰੁ ਰਖਨਿ ਗੰਢੁ ॥ ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ ॥ ਜੀਅ ਕੀ ਸਾਰ ਨ ਜਾਣਨੀ, ਮਨਮੁਖ ਅਗਿਆਨੀ ਅੰਧੁ ॥ ਕੂੜਾ ਗੰਢੁ ਨ ਚਲਈ, ਚਿਕੜਿ ਪਥਰ ਬੰਧੁ ॥ ਅੰਧੇ ਆਪਿ ਨ ਜਾਣਨੀ, ਫਕੜੁ ਪਿਟਨਿ ਧੰਧੁ ॥ ਝੂਠੈ ਮੋਹਿ ਲਪਟਾਇਆ, ਹਉ ਹਉ ਕਰਤ ਬਿਹੰਧੁ ॥ ਕ੍ਰਿਪਾ ਕਰੇ ਜਿਸੁ ਆਪਣੀ, ਧੁਰਿ ਪੂਰਾ ਕਰਮੁ ਕਰੇਇ ॥ ਜਨ ਨਾਨਕ ਸੇ ਜਨ ਉਬਰੇ, ਜੋ ਸਤਿਗੁਰ ਸਰਣਿ ਪਰੇ ॥੨॥ (ਹੇ ਭਾਈ!) ਮਨਮੁਖਾਂ ਦੀ ਦੋਸਤੀ ਮਾਇਆ ਦੇ ਸਬੰਧ ਕਰਕੇ ਹੈ। (ਮਾਇਆ ਨਾ ਮਿਲਣ ਕਰਕੇ ਉਹ) ਦੇਖਦਿਆਂ ਹੀ ਭੱਜ ਜਾਂਦੇ ਹਨ, (ਉਹ) ਕਦੇ ਸਬੰਧ ਨਹੀਂ ਪਾਉਂਦੇ। ਜਿੰਨਾ ਚਿਰ (ਉਨ੍ਹਾਂ ਮਨਮੁਖਾਂ ਨੂੰ) ਖਾਣ ਤੇ ਪਹਿਨਣ ਨੂੰ ਮਿਲਦਾ ਰਹੇ, ਉਤਨਾ ਚਿਰ ਉਹ ਮੇਲ ਜੋਲ ਰਖਦੇ ਹਨ। ਜਿਸ ਦਿਨ (ਉਨ੍ਹਾਂ ਨੂੰ ਖਾਣ ਪਹਿਨਣ ਲਈ) ਕੁਛ ਪ੍ਰਾਪਤ ਨਹੀਂ ਹੁੰਦਾ, ਉਸ ਦਿਨ (ਉਹ) ਗੰਦ ਮੰਦ ਬੋਲਣ ਲਗ ਪੈਂਦੇ ਹਨ। (ਉਹ) ਅੰਨ੍ਹੇ ਅਗਿਆਨੀ ਅਪਣੇ ਦਿਲ ਦੀ ਖਬਰ ਨਹੀਂ ਜਾਣਦੇ (ਆਤਮਕ ਸੂਝ ਬੂਝ ਨਹੀਂ। ਮਨਮੁਖ ਬੰਦੇ ਨਾਲ) ਝੂਠਾ ਮੇਲ ਜੋਲ (ਬਹੁਤ ਚਿਰ ਨਹੀਂ) ਚਲਦਾ, ਜਿਵੇਂ ਚਿੱਕੜ ਨਾਲ ਪੱਥਰ ਨਹੀਂ ਜੁੜਦਾ; ਗਾਰੇ ਨਾਲ ਚਿਣਿਆ ਪਥਰਾਂ ਦਾ ਪੁਲ ਛੇਤੀ ਢਹਿ ਜਾਂਦਾ ਹੈ। ਅਗਿਆਨੀ ਬੰਦੇ ਅਪਣੇ ਆਪ ਨੂੰ ਨਹੀਂ ਜਾਣਦੇ, ਬਿਅਰਥ ਧੰਧਾ ਪਿੱਟਦੇ ਰਹਿੰਦੇ ਹਨ। (ਮਨਮੁਖ) ਝੂਠੇ ਮੋਹ ਵਿਚ ਫਸਿਆ ਹੋਇਆ ਹੈ, (ਉਸ ਦੀ ਉਮਰ) ਮੈਂ ਮੈਂ ਕਰਦਿਆਂ ਬੀਤ ਜਾਂਦੀ ਹੈ। ਜਿਸ ਮਨੁੱਖ ਉਤੇ ਪ੍ਰਭੂ ਅਪਣੀ ਕਿਰਪਾ ਕਰਦਾ ਹੈ, (ਉਹ) ਧੁਰ ਤੋਂ ਹੀ ਪੂਰੀ ਬਖਸ਼ਿਸ਼ ਕਰਦਾ ਹੈ। ਦਾਸ ਨਾਨਕ ਆਖਦਾ ਹੈ ਕਿ ਜਿਹੜੇ ਮਨੁੱਖ ਸਤਿਗੁਰੂ ਦੀ ਸਰਣ ਵਿਚ ਪਏ ਹਨ ,ਉਹ (ਭਵਜਲ ਤੋਂ) ਤਰ ਗਏ ਹਨ।੨।

ਪਦਾਰਥ = ਕੇਰੀ–ਦੀ। ਸਨਬੰਧੁ–ਸਬੰਧ; ਮੇਲ ਜੋਲ। ਭਜਿ ਜਾਨਿ–ਦੌੜ (ਸਾਥ ਛਡ) ਜਾਂਦੇ ਹਨ। ਨ ਪਾਇਨਿ–ਨਹੀਂ ਪਾਉਂਦੇ। ਬੰਧੁ–ਸਬੰਧ; ਮਿਤ੍ਰਤਾ। ਜਿਚਰੁ–ਜਿੰਨਾ ਚਿਰ। ਪੈਨਨਿ–ਪਹਿਨਣ ਨੂੰ ਮਿਲਦਾ ਰਹੇ। ਖਾਵਨ੍ਹੇ–ਖਾਣ ਨੂੰ ਮਿਲਦਾ ਰਹੇ। ਤਿਚਰੁ–ਉਤਨਾ ਚਿਰ। ਗੰਢੁ–ਮੇਲ ਜੋਲ। ਤਿਤੁ ਦਿਨਿ–ਉਸ ਦਿਨ। ਗੰਧੁ–ਰੁੱਖਾ; ਗੰਦ ਮੰਦ। ਜੀਅ ਕੀ–ਦਿਲ ਦੀ। ਸਾਰ–ਖਬਰ। ਅੰਧੁ–ਅੰਨ੍ਹੇ। ਗੰਢੁ–ਮੇਲ ਜੋਲ । ਚਿਕੜਿ–ਗਾਰੇ ਨਾਲ। ਪਥਰ ਬੰਧੁ–ਪਥਰਾਂ ਦਾ ਪੁਲ। ਆਪੁ–ਅਪਣੇ ਆਪ ਨੂੰ। ਫਕੜੁ–ਬਿਅਰਥ। ਪਿਟਨਿ ਧੰਧੁ–ਧੰਧਾ ਪਿੱਟਦੇ ਹਨ। ਮੋਹਿ–ਮੋਹ ਵਿਚ। ਲਪਟਾਇਆ–ਫਸਿਆ ਹੈ। ਹਉ ਹਉ–ਮੈਂ ਮੈਂ। ਕਰਤ ਬਿਹੰਧੁ–ਕਰਦਿਆਂ ਬੀਤਦੀ ਹੈ। ਧੁਰਿ–ਧੁਰ ਤੋਂ। ਕਰਮੁ–ਬਖਸ਼ਿਸ਼। ਸੇ ਜਨ–ਉਹ ਪੁਰਖ। ਉਬਰੇ–ਤਰ ਗਏ ਹਨ। ਸਰਣਿ ਪਰੇ–ਸ਼ਰਣ ਵਿਚ ਪਏ ਹਨ।੨।

ਪਉੜੀ ॥ ਜੋ ਰਤੇ ਦੀਦਾਰ, ਸੇਈ ਸਚੁ ਹਾਕੁ ॥ ਜਿਨੀ ਜਾਤਾ ਖਸਮੁ ,ਕਿਉ ਲਭੈ ਤਿਨਾ ਖਾਕੁ ॥ ਮਨੁ ਮੈਲਾ ਵੇਕਾਰੁ ,ਹੋਵੈ ਸੰਗਿ ਪਾਕੁ ॥ ਦਿਸੈ ਸਚਾ ਮਹਲੁ ,ਖੁਲੈ ਭਰਮ ਤਾਕੁ ॥ ਜਿਸਹਿ ਦਿਖਾਲੇ ਮਹਲੁ ,ਤਿਸੁ ਨ ਮਿਲੈ ਧਾਕੁ ॥ ਮਨੁ ਤਨੁ ਹੋਇ ਨਿਹਾਲੁ ,ਬਿੰਦਕ ਨਦਰਿ ਝਾਕੁ ॥ ਨਉ ਨਿਧਿ ਨਾਮੁ ਨਿਧਾਨੁ ,ਗੁਰ ਕੈ ਸਬਦਿ ਲਾਗੁ ॥ ਤਿਸੈ ਮਿਲੈ ਸੰਤ ਖਾਕੁ ,ਮਸਤਕਿ ਜਿਸੈ ਭਾਗੁ ॥੫॥ (ਹੇ ਭਾਈ!) ਜੋ ਮਨੁੱਖ ਪ੍ਰਭੂ ਦੇ ਦੀਦਾਰ ਵਿਚ ਰੰਗੇ ਹੋਏ ਹਨ, ਉਹ ਸੱਚ ਬੋਲਦੇ ਹਨ; ਉਹ ਸੱਚੇ ਸੰਤ ਹਨ (ਗੁ.ਗ੍ਰੰ.ਕੋਸ਼)। ਜਿਨ੍ਹਾਂ ਪੁਰਖਾਂ ਨੇ ਮਾਲਕ ਪ੍ਰਭੂ ਨੂੰ ਜਾਣਿਆ ਹੈ, ਉਨ੍ਹਾਂ ਦੀ ਚਰਨ ਧੂੜ ਕਿਵੇਂ ਲੱਭੇ? (ਉਤਰ ਅਖੀਰਲੀ ਤੁਕ ਵਿਚ ਹੈ। ਜਿਹੜਾ) ਮਨ ਮੈਲਾ ਤੇ

ਵਿਕਾਰ ਰੂਪ ਹੋ ਗਿਆ ਹੈ, (ਉਹ ਉਨ੍ਹਾਂ ਦੀ) ਸੰਗਤ ਵਿਚ ਪਵਿਤ੍ਰ ਹੋ ਜਾਂਦਾ ਹੈ।(ਅਜੇਹੇ ਪੁਰਖਾਂ ਦੀ ਸੰਗਤ ਕਰਕੇ) ਭਰਮ ਦਾ ਦਰਵਾਜਾ ਖੁੱਲ੍ਹ ਜਾਂਦਾ ਹੈ ਅਤੇ ਪ੍ਰਭੂ ਦਾ ਸੱਚਾ ਮਹਿਲ ਦਿਸ ਪੈਂਦਾ ਹੈ।ਜਿਸ ਪੁਰਖ ਨੂੰ ਪ੍ਰਭੂ ਅਪਣਾ ਮਹਿਲ ਦਿਖਾ ਦੇਂਦਾ ਹੈ, ਉਸ ਨੂੰ ਧੱਕਾ ਨਹੀਂ ਮਿਲਦਾ।(ਪ੍ਰਭੂ ਦੀ) ਮੇਹਰ ਭਰੀ ਥੋੜੀ ਜਿਹੀ ਨਜਰ ਦੀ ਝਾਕ ਨਾਲ (ਉਸ ਦਾ) ਮਤ ਤਨ ਨਿਹਾਲ ਹੋ ਜਾਂਦਾ ਹੈ।(ਹੇ ਭਾਈ!) ਗੁਰੂ ਦੇ ਸ਼ਬਦ ਵਿਚ ਲਗ ਜਾ, ਨੌਂ ਨਿਧੀਆਂ ਦਾ ਨਾਮ ਰੂਪ ਖਜਾਨਾ ਤੈਨੂੰ ਮਿਲ ਪਵੇਗਾ।ਉਸ ਨੂੰ ਸੰਤਾਂ ਦੀ ਚਰਨ ਧੂੜ ਮਿਲਦੀ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹਨ।੫।

ਪਦਾਰਥ = ਰਤੇ–ਰੰਗੇ ਹੋਏ ਹਨ।ਸੇਈ–ਉਹ ਹੀ।ਹਾਕੁ–ਬੋਲਦੇ ਹਨ; ਸੰਤ; ਪ੍ਰਭੂ।ਜਾਤਾ–ਜਾਣਿਆ ਹੈ।ਖਸਮੁ–ਮਾਲਕ ਪ੍ਰਭੂ। ਕਿਉ–ਕਿਵੇਂ।ਖਾਕੁ–ਚਰਨ ਧੂੜ।ਸੰਗਿ–ਸੰਗਤ ਵਿਚ।ਪਾਕੁ–ਪਵਿਤ੍ਰ।ਮਹਲੁ–ਪ੍ਰਭੂ ਦਾ ਮਹਿਲ।ਤਾਕੁ–ਦਰਵਾਜਾ।ਜਿਸਹਿ–ਜਿਸ ਨੂੰ ।ਧਾਕੁ–ਧੱਕਾ।ਤਨੁ–ਸਰੀਰ।ਬਿੰਦਕ–ਥੋੜੀ ਜਿਹੀ।ਨਦਰਿ ਝਾਕੁ–ਨਜਰ ਦੀ ਝਾਕ।ਨਿਧਾਨੁ–ਖਜਾਨਾ।ਮਸਤਕਿ–ਮੱਥੇ ਉਤੇ।੫।

ਸਲੋਕ ਮਃ ੫ ॥ ਹਰਣਾਖੀ ਕੂ ਸਚੁ ਵੈਣੁ ਸੁਣਾਈ, ਜੋ ਤਉ ਕਰੇ ਉਧਾਰਣੁ ॥ ਸੁੰਦਰ ਬਚਨ ਤੁਮ ਸੁਣਹੁ ਛਬੀਲੀ, ਪਿਰੁ ਤੈਡਾ ਮਨ ਸਾਧਾਰਣੁ ॥ ਦੁਰਜਨ ਸੇਤੀ ਨੇਹੁ ਰਚਾਇਓਹਿ, ਦਸਿ ਵਿਖਾ ਮੈ ਕਾਰਣੁ ॥ ਊਣੀ ਨਾਹੀ ਝੂਣੀ ਨਾਹੀ, ਨਾਹੀ ਕਿਸੈ ਵਿਹੂਣੀ ॥ ਪਿਰੁ ਛੈਲੁ ਛਬੀਲਾ ਛਡਿ ਗਵਾਇਓਹਿ, ਦੁਰਮਤਿ ਕਰਮਿ ਵਿਹੂਣੀ ॥ ਨਾ ਹਉ ਭੁਲੀ ਨਾ ਹਉ ਚੁਕੀ, ਨਾ ਮੈ ਨਾਹੀ ਦੋਸਾ ॥ ਜਿਤੁ ਹਉ ਲਾਈ ਤਿਤੁ ਹਉ ਲਗੀ, ਤੂ ਸੁਣਿ ਸਚੁ ਸੰਦੇਸਾ ॥ ਸਾਈ ਸੁੋਹਾਗਣਿ ਸਾਈ ਭਾਗਣਿ, ਜੈ ਪਿਰਿ ਕਿਰਪਾ ਧਾਰੀ ॥ ਪਿਰਿ ਅਉਗਣ ਤਿਸ ਕੇ ਸਭਿ ਗਵਾਏ, ਗਲ ਸੇਤੀ ਲਾਇ ਸਵਾਰੀ ॥ ਕਰਮਹੀਣ ਧਨ ਕਰੈ ਬਿਨੰਤੀ, ਕਦਿ ਨਾਨਕ ਆਵੈ ਵਾਰੀ ॥ ਸਭਿ ਸੁਹਾਗਣਿ ਮਾਣਹਿ ਰਲੀਆ, ਇਕ ਦੇਵਹੁ ਰਾਤਿ ਮੁਰਾਰੀ ॥੧॥ (ਉਤਮ ਸਖੀ ਮੱਧਮ ਸਖੀ ਨੂੰ ਕਹਿੰਦੀ ਹੈ ਕਿ) ਹੇ ਹਿਰਨ ਦੀਆਂ ਅੱਖਾਂ ਵਾਂਗ ਸੁੰਦਰ ਅੱਖਾਂ ਵਾਲੀ ਜੀਵ ਇਸਤ੍ਰੀ! ਮੈਂ ਤੈਨੂੰ ਸੱਚੀ ਗੱਲ ਸੁਣਾਉਂਦੀ ਹਾਂ, ਜੋ ਤੇਰਾ ਉਧਾਰ ਕਰਨ ਵਾਲਾ ਹੈ।ਹੇ ਸੁੰਦਰੀ! ਤੂੰ ਸੁੰਦਰ ਬਚਨ ਸੁਣ, ਤੇਰਾ ਪਤੀ ਪ੍ਰਮੇਸਰ ਮਨ ਨੂੰ ਆਸਰਾ ਦੇਣ ਵਾਲਾ ਹੈ; ਮਨ ਦਾ ਸੁਧਾਰ ਕਰਨ ਵਾਲਾ ਹੈ।(ਤੂੰ ਸੁੰਦਰ ਪਤੀ ਪ੍ਰਭੂ ਨੂੰ ਛਡ ਕੇ) ਖੋਟੇ ਕਾਮੀ ਮਨੁੱਖਾਂ (ਕੁਸੰਗੀਆਂ) ਨਾਲ ਪ੍ਰੇਮ ਬਣਾਇਆ ਹੋਇਆ ਹੈ, (ਤੂੰ ਮੈਨੂੰ) ਦੱਸ, ਮੈਂ ਇਸ ਦਾ ਕਾਰਣ ਦੇਖਾਂ।ਤੂੰ ਕਿਸੇ ਗੱਲੋਂ ਊਣੀ ਨਹੀਂ, (ਕਿਸੇ ਸਬੰਧੀ ਤੋਂ ਵੀ ਤੂੰ) ਉਦਾਸ ਵੀ ਨਹੀਂ ਅਤੇ (ਸਰੀਰ ਦੇ) ਕਿਸੇ ਅੰਗ ਤੋਂ ਵਿਹੂਣੀ ਵੀ ਨਹੀਂ ਹੈਂ।ਸੁੰਦਰ ਬਾਂਕੇ ਪਤੀ ਪ੍ਰਭੂ ਨੂੰ ਤੂੰ ਛਡ ਗਵਾਇਆ ਹੈ, ਖੋਟੀ ਮੱਤ ਦੇ ਕਾਰਨ ਤੂੰ ਭਾਗਾਂ ਤੋਂ ਖਾਲੀ ਹੋ ਗਈ ਹੈਂ।(ਮੱਧਮ ਸਖੀ ਉਤਰ ਦੇਂਦੀ ਹੈ ਕਿ) ਨਾ ਮੈਂ ਭੁੱਲ ਕੀਤੀ, ਨਾ ਮੈਂ ਗਲਤੀ ਕੀਤੀ ਅਤੇ ਨਾ ਮੈਂ ਹੰਕਾਰ ਕਰਦੀ ਹਾਂ, ਨਾ ਹੀ ਮੇਰਾ ਕੋਈ ਦੋਸ਼ ਹੈ।ਜਿਸ ਪਾਸੇ ਮੈਂ (ਪ੍ਰਭੂ ਨੇ) ਲਾਈ ਹਾਂ, ਮੈਂ ਉਸੇ ਪਾਸੇ ਲੱਗੀ ਹਾਂ, ਤੂੰ ਮੇਰਾ (ਇਹ) ਸੱਚਾ ਸੰਦੇਸਾ ਸੁਣ।(ਉਤਮ ਸਖੀ ਕਹਿੰਦੀ ਹੈ ਕਿ) ਉਹ ਹੀ ਸੁਹਾਗਣ ਤੇ ਭਾਗਾਂ ਵਾਲੀ ਇਸਤ੍ਰੀ ਹੈ, ਜਿਸ ਉਤੇ ਪਤੀ ਪ੍ਰਭੂ ਨੇ ਕ੍ਰਿਪਾ ਕੀਤੀ ਹੈ।ਪਤੀ ਨੇ ਉਸ ਦੇ ਸਾਰੇ ਔਗਣ ਦੂਰ ਕਰ ਦਿਤੇ ਹਨ ਅਤੇ (ਉਸ ਨੂੰ ਅਪਣੇ) ਗਲ ਨਾਲ ਲਾ ਕੇ (ਉਸ ਦਾ ਜੀਵਨ) ਸਵਾਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਮੱਧਮ ਸਖੀ ਕਹਿੰਦੀ ਹੈ ਕਿ) ਮੈਂ ਭਾਗ ਹੀਣ ਇਸਤ੍ਰੀ ਬੇਨਤੀ ਕਰਦੀ ਹਾਂ (ਕਿ ਪਤੀ ਪ੍ਰਭੂ ਨੂੰ ਮਿਲਣ ਦੀ ਮੇਰੀ) ਕਦੋਂ ਵਾਰੀ ਆਵੇਗੀ।ਸਾਰੀਆਂ ਸੁਹਾਗਣਾਂ ਪਤੀ ਦੇ ਮਿਲਾਪ ਦਾ ਅਨੰਦ ਮਾਣਦੀਆਂ ਹਨ, ਹੇ ਪ੍ਰਭੂ! (ਮੈਨੂੰ ਵੀ ਅਪਣੇ ਮਿਲਾਪ ਦੀ) ਇਕ ਰਾਤ ਬਖਸ਼ ਦੇ।੧।

ਪਦਾਰਥ = ਹਰਣਾਖੀ–ਹਿਰਨ ਦੀਆਂ ਅੱਖਾਂ ਵਾਂਗ ਸੁੰਦਰ ਅੱਖਾਂ ਵਾਲੀ ਇਸਤ੍ਰੀ।ਕੂ–ਨੂੰ।ਵੈਣੁ–ਬਚਨ; ਗੱਲ।ਸੁਣਾਈ–ਮੈਂ ਸਣਾਉਂਦੀ ਹਾਂ।ਤਉ–ਤੇਰਾ।ਉਧਾਰਣੁ–ਉਧਾਰ ਕਰੇਗਾ।ਛਬੀਲੀ–ਹੇ ਸੁੰਦਰੀ!।ਪਿਰੁ–ਪਤੀ ਪ੍ਰਭੂ।ਮਨ ਸਾਧਾਰਣੁ–ਮਨ ਨੂੰ ਆਸਰਾ ਦੇਣ ਵਾਲਾ। ਦੁਰਜਨ ਸੇਤੀ–ਖੋਟੇ ਮਨੁੱਖਾਂ ਨਾਲ।ਨੇਹੁ–ਪ੍ਰੇਮ।ਰਚਾਇਓਹਿ–ਬਣਾਇਆ ਹੈ।ਵਿਖਾ–ਮੈਂ ਦੇਖਾਂ।ਊਣੀ–ਘੱਟ।ਝੂਣੀ–ਉਦਾਸ।ਕਿਸੈ–ਕਿਸੇ ਗੱਲੋਂ।ਛੈਲੁ ਛਬੀਲਾ–ਸੁੰਦਰ ਤੇ ਸੋਭਾ ਵਾਲਾ।ਦੁਰਮਤਿ–ਭੈੜੀ ਮੱਤ।ਕਰਮ ਵਿਹੂਣੀ–ਭਾਗਾਂ ਤੋਂ ਖਾਲੀ।ਹਉ–ਮੈਂ।ਚੁਕੀ–ਗਲਤੀ ਕੀਤੀ।ਜਿਤੁ–ਜਿਸ ਪਾਸੇ।ਤਿਤੁ–ਉਸ ਪਾਸੇ।ਸਾਈ–ਉਹ ਹੀ।ਭਾਗਣਿ–ਭਾਗਾਂ ਵਾਲੀ।ਪਿਰਿ–ਪਤੀ ਨੇ।ਧਾਰੀ–ਕੀਤੀ।ਗਵਾਏ–ਦੂਰ ਕਰ ਦਿਤੇ।ਸਵਾਰੀ–ਸੁਧਾਰ ਦਿਤੀ।ਧਨ–ਇਸਤ੍ਰੀ।ਮਾਣਹਿ ਰਲੀਆ–ਅਨੰਦ ਮਾਣਦੀਆਂ ਹਨ।ਮੁਰਾਰੀ–ਹੇ ਪ੍ਰਭੂ!।੧।

ਮਃ ੫ ॥ ਕਾਹੇ ਮਨ ਤੂ ਡੋਲਤਾ, ਹਰਿ ਮਨਸਾ ਪੂਰਣਹਾਰੁ ॥ ਸਤਿਗੁਰੁ ਪੁਰਖੁ ਧਿਆਇ ਤੂ ,ਸਭਿ ਦੁਖ ਵਿਸਾਰਣਹਾਰੁ ॥ ਹਰਿ ਨਾਮਾ ਆਰਾਧਿ ਮਨ, ਸਭਿ ਕਿਲਵਿਖ ਜਾਹਿ ਵਿਕਾਰ ॥ ਜਿਨ ਕਉ ਪੂਰਬਿ ਲਿਖਿਆ, ਤਿਨ ਰੰਗੁ ਲਗਾ ਨਿਰੰਕਾਰ ॥ ਓਨੀ ਛਡਿਆ ਮਾਇਆ ਸੁਆਵੜਾ, ਧਨੁ ਸੰਚਿਆ ਨਾਮੁ ਅਪਾਰੁ ॥ ਅਠੇ ਪਹਰ ਇਕਤੈ ਲਿਵੈ, ਮੰਨੇਨਿ ਹੁਕਮੁ ਅਪਾਰੁ ॥ ਜਨੁ ਨਾਨਕੁ ਮੰਗੈ ਦਾਨੁ ਇਕੁ ,ਦੇਹੁ ਦਰਸੁ ਮਨਿ ਪਿਆਰੁ ॥੨॥ ਹੇ ਮਨ! ਤੂੰ ਕਿਉਂ ਡੋਲਦਾ ਹੈਂ? ਹਰੀ (ਤੇਰੀਆਂ ਸਾਰੀਆਂ) ਇੱਛਾਵਾਂ ਪੂਰੀਆਂ ਕਰਨ ਵਾਲਾ ਹੈ।ਤੂੰ ਸਤਿਗੁਰੂ ਪੁਰਖ ਨੂੰ ਧਿਆਇਆ ਕਰ, ਜੋ ਸਾਰੇ ਦੁਖ ਦੂਰ ਕਰਨ ਵਾਲਾ ਹੈ।ਹੇ ਮਨ! ਤੂੰ ਹਰੀ ਦੇ ਨਾਮ ਦੀ ਅਰਾਧਨਾ ਕਰ,

ਤੇਰੇ ਸਾਰੇ ਪਾਪ ਤੇ ਵਿਕਾਰ ਦੂਰ ਹੋ ਜਾਣਗੇ। ਜਿਨ੍ਹਾਂ ਮਨੁੱਖਾਂ ਦੇ ਭਾਗਾਂ ਵਿਚ ਪਹਿਲਾਂ ਤੋਂ ਹੀ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਨਿਰੰਕਾਰ ਦਾ ਪ੍ਰੇਮ ਲੱਗਦਾ ਹੈ। ਉਨ੍ਹਾਂ ਨੇ ਮਾਇਆ ਦਾ ਸੁਆਦ ਛਡ ਦਿਤਾ ਹੈ ਅਤੇ ਨਾਮ ਰੂਪ ਬੇਅੰਤ ਧਨ ਇਕੱਠਾ ਕੀਤਾ ਹੈ। ਉਹ ਅੱਠੇ ਪਹਿਰ ਇਕ ਪ੍ਰਭੂ ਵਿਚ ਲਿਵ ਜੋੜੀ ਰਖਦੇ ਹਨ ਅਤੇ (ਪ੍ਰਭੂ ਦੇ) ਬੇਅੰਤ ਹੁਕਮ ਨੂੰ ਮੰਨਦੇ ਹਨ। (ਹੇ ਪ੍ਰਭੂ!) ਦਾਸ ਨਾਨਕ (ਤੇਰੇ ਪਾਸੋਂ) ਇਕ ਦਾਨ ਮੰਗਦਾ ਹੈ, (ਮੈਨੂੰ ਅਪਣਾ) ਦਰਸ਼ਨ ਦੇਵੋ ਅਤੇ ਮਨ ਵਿਚ (ਅਪਣਾ) ਪਿਆਰ ਬਖਸ਼ੋ ਜੀ। ੨।

ਪਦਾਰਥ = ਕਾਹੇ–ਕਿਉਂ। ਮਨਸਾ–ਇੱਛਾਵਾਂ। ਵਿਸਾਰਣਹਾਰੁ–ਦੂਰ ਕਰਨ ਵਾਲਾ। ਕਿਲਵਿਖ–ਪਾਪ। ਜਾਹਿ–ਦੂਰ ਹੋ ਜਾਣਗੇ। ਜਿਨ ਕਉ–ਜਿਨ੍ਹਾਂ ਦੇ। ਪੂਰਬਿ–ਪਹਿਲਾਂ ਤੋ; ਰੱਬ ਦੀ ਹਜੂਰੀ ਤੋਂ। ਤਿਨ–ਉਨ੍ਹਾਂ ਨੂੰ। ਰੰਗੁ–ਪ੍ਰੇਮ। ਓਨੀ–ਉਨ੍ਹਾਂ ਨੇ। ਸੁਆਵੜਾ–ਸੁਆਦ; ਰਸ। ਸੰਚਿਆ–ਇਕੱਠਾ ਕੀਤਾ। ਅਪਾਰੁ–ਬੇਅੰਤ। ਇਕਤੈ ਲਿਵੈ–ਇਕ ਪ੍ਰਭੂ ਵਿਚ ਲਿਵ ਜੋੜੀ ਰਖਦੇ ਹਨ। ਮਨਿ–ਮਨ ਵਿਚ।੨।

ਅੰਗ ੯੬੦ = ਪਉੜੀ ॥ ਜਿਸੁ ਤੂ ਆਵਹਿ ਚਿਤਿ, ਤਿਸ ਨੋ ਸਦਾ ਸੁਖ ॥ ਜਿਸੁ ਤੂ ਆਵਹਿ ਚਿਤਿ, ਤਿਸੁ ਜਮ ਨਾਹਿ ਦੁਖ ॥ ਜਿਸੁ ਤੂ ਆਵਹਿ ਚਿਤਿ, ਤਿਸੁ ਕਿ ਕਾੜਿਆ ॥ ਜਿਸ ਦਾ ਕਰਤਾ ਮਿਤ੍ਰੁ ,ਸਭਿ ਕਾਜ ਸਵਾਰਿਆ ॥ ਜਿਸੁ ਤੂ ਆਵਹਿ ਚਿਤਿ, ਸੋ ਪਰਵਾਣੁ ਜਨੁ ॥ ਜਿਸੁ ਤੂ ਅਵਹਿ ਚਿਤਿ, ਬਹੁਤਾ ਤਿਸੁ ਧਨੁ ॥ ਜਿਸੁ ਤੂ ਅਵਹਿ ਚਿਤਿ, ਸੋ ਵਡ ਪਰਵਾਰਿਆ ॥ ਜਿਸ ਤੂ ਅਵਹਿ ਚਿਤਿ, ਤਿਨਿ ਕੁਲ ਉਧਾਰਿਆ ॥੬॥ (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੂੰ ਸਦਾ ਸੁਖ ਰਹਿੰਦਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਮਨੁੱਖ ਨੂੰ ਜਮ ਦਾ ਦੁਖ ਨਹੀਂ ਲਗਦਾ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੂੰ ਕਾਹਦੀ ਚਿੰਤਾ ਹੈ? ਹੇ ਕਰਤਾਰ! ਜਿਸ ਮਨੁੱਖ ਦਾ ਤੂੰ ਮਿਤ੍ਰ ਬਣ ਜਾਵੇਂ, (ਤੂੰ ਉਸ ਦੇ) ਸਾਰੇ ਕੰਮ ਸਵਾਰ ਦਿੰਦਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਹ ਮਨੁੱਖ (ਤੇਰੀਆਂ ਨਜਰਾਂ ਵਿਚ) ਪ੍ਰਵਾਨ ਹੁੰਦਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੂੰ ਬਹੁਤ ਧਨ ਮਿਲ ਜਾਂਦਾ ਹੈ; ਉਸ ਦੇ ਹਿਰਦੇ ਵਿਚ ਨਾਮ ਧਨ ਬਹੁਤ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਹ ਵੱਡੇ ਪ੍ਰਵਾਰ (ਦੈਵੀ ਸੰਪਦਾ) ਵਾਲਾ ਹੈ। ਜਿਸ ਨੂੰ ਤੂੰ ਚੇਤੇ ਆਉਂਦਾ ਹੈਂ, ਉਸ ਨੇ (ਸੰਸਾਰ ਸਮੁੰਦਰ ਤੋਂ ਅਪਣੀਆਂ) ਸਾਰੀਆਂ ਕੁਲਾਂ ਤਾਰ ਲਈਆਂ ਹਨ।੬।

ਪਦਾਰਥ = ਚਿਤਿ–ਚੇਤੇ; ਚਿਤ ਵਿਚ। ਤਿਸ ਨੋ–ਉਸ ਨੂੰ। ਕਿ–ਕੀ; ਕਾਹਦੀ। ਕਾੜਿਆ–ਚਿੰਤਾ; ਝੋਰਾ। ਕਰਤਾ–ਹੇ ਕਰਤਾਰ!। ਸੋ–ਉਹ। ਜਨੁ–ਮਨੁੱਖ। ਵਡ ਪਰਵਾਰਿਆ–ਵੱਡੇ ਪ੍ਰਵਾਰ ਵਾਲਾ। ਤਿਨਿ–ਉਸ ਨੇ। ਉਧਾਰਿਆ–(ਭਵਜਲ ਤੋਂ) ਤਾਰ ਲਿਆ।੬।

ਸਲੋਕ ਮਃ ੫ ॥ ਅੰਦਰਹੁ ਅੰਨਾ ਬਾਹਰਹੁ ਅੰਨਾ, ਕੂੜੀ ਕੂੜੀ ਗਾਵੈ ॥ ਦੇਹੀ ਧੋਵੈ ਚਕ੍ਰ ਬਣਾਏ, ਮਾਇਆ ਨੋ ਬਹੁ ਧਾਵੈ ॥ ਅੰਦਰਿ ਮੈਲੁ ਨ ਉਤਰੈ ਹਉਮੈ, ਫਿਰਿ ਫਿਰਿ ਆਵੈ ਜਾਵੈ ॥ ਨੀਂਦ ਵਿਆਪਿਆ ਕਾਮਿ ਸੰਤਾਪਿਆ, ਮੁਖਹੁ ਹਰਿ ਹਰਿ ਕਹਾਵੈ ॥ ਬੈਸਨੋ ਨਾਮੁ ਕਰਮ ਹਉ ਜੁਗਤਾ, ਤੁਹ ਕੁਟੇ ਕਿਆ ਫਲੁ ਪਾਵੈ ॥ ਹੰਸਾ ਵਿਚਿ ਬੈਠਾ ਬਗੁ ਨ ਬਣਈ, ਨਿਤ ਬੈਠਾ ਮਛੀ ਨੋ ਤਾਰ ਲਾਵੈ ॥ ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ, ਤਾ ਬਗਾ ਨਾਲਿ ਜੋੜੁ ਕਦੇ ਨ ਆਵੈ ॥ ਹੰਸਾ ਹੀਰਾ ਮੋਤੀ ਚੁਗਣਾ, ਬਗੁ ਡਡਾ ਭਾਲਣ ਜਾਵੈ ॥ ਉਡਰਿਆ ਵੇਚਾਰਾ ਬਗੁਲਾ, ਮਤੁ ਹੋਵੈ ਮੰਞੁ ਲਖਾਵੈ ॥ ਜਿਤੁ ਕੋ ਲਾਇਆ ਤਿਤ ਹੀ ਲਾਗਾ, ਕਿਸੁ ਦੋਸੁ ਦਿਚੈ ਜਾ ਹਰਿ ਏਵੈ ਭਾਵੈ ॥ ਸਤਿਗੁਰੁ ਸਰਵਰੁ ਰਤਨੀ ਭਰਪੂਰੇ, ਜਿਸੁ ਪ੍ਰਾਪਤਿ ਸੋ ਪਾਵੈ ॥ ਸਿਖ ਹੰਸ ਸਰਵਰਿ ਇਕਠੇ ਹੋਏ, ਸਤਿਗੁਰ ਕੈ ਹੁਕਮਾਵੈ ॥ ਰਤਨ ਪਦਾਰਥ ਮਾਣਕ ਸਰਵਰਿ ਭਰਪੂਰੇ, ਖਾਇ ਖਰਚਿ ਰਹੇ ਤੋਟਿ ਨ ਆਵੈ ॥ ਸਰਵਰ ਹੰਸੁ ਦੂਰਿ ਨ ਹੋਈ, ਕਰਤੇ ਏਵੈ ਭਾਵੈ ॥ ਜਨ ਨਾਨਕ ਜਿਸ ਦੈ ਮਸਤਕਿ ਭਾਗੁ ਧੁਰਿ ਲਿਖਿਆ, ਸੋ ਸਿਖੁ ਗੁਰੂ ਪਹਿ ਆਵੈ ॥ ਆਪਿ ਤਰਿਆ ਕੁਟੰਬ ਸਭਿ ਤਾਰੇ, ਸਭਾ ਸ੍ਰਿਸਟਿ ਛਡਾਵੈ ॥੧॥ (ਇਕ ਲੋਭੀ ਅਤੇ ਪਖੰਡੀ ਵੈਸ਼ਨਵ ਪੰਡਤ ਪ੍ਰਤੀ ਉਪਦੇਸ ਦੇਂਦੇ ਹਨ। ਉਹ ਪੰਡਤ) ਮਨ ਦੇ ਅੰਦਰੋਂ ਗਿਆਨ ਹੀਣ ਹੋਣ ਕਰਕੇ ਅੰਨ੍ਹਾ ਹੈ ਤੇ ਬਾਹਰੋਂ ਵੀ (ਕਰਮ ਚੰਗੇ ਨਾ ਹੋਣ ਕਰਕੇ) ਬੇਸਮਝ ਹੈ, (ਉਹ) ਝੂਠ ਮੂਠ ਹੀ (ਲੋਕ ਦਿਖਾਵੇ ਦੇ ਬਿਸ਼ਨ ਪਦੇ) ਗਾਉਂਦਾ ਹੈ {ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ੮੩੧}। (ਉਹ ਅਪਣੇ) ਸਰੀਰ ਨੂੰ ਧੋਂਦਾ (ਨ੍ਹਾਉਂਦਾ) ਹੈ, (ਫਿਰ ਸਰੀਰ ਉਤੇ) ਚੱਕ੍ਰ ਆਦਿ ਨਿਸ਼ਾਨ ਬਣਾਉਂਦਾ ਹੈ {ਕਰਿ ਇਸਨਾਨੁ ਤਨਿ ਚਕ੍ਰ ਬਣਾਏ। ਅੰਤਰ ਕੀ ਮਲੁ ਕਬਹੀ ਨ ਜਾਏ ੧੩੪੭} ਅਤੇ ਮਾਇਆ ਵਾਸਤੇ ਬਹੁਤ ਦੌੜ ਭੱਜ ਕਰਦਾ ਹੈ। (ਉਸ ਦੇ) ਮਨ ਅੰਦਰ ਹਉਮੈ ਦੀ ਲੱਗੀ ਮੈਲ ਉਤਰਦੀ ਨਹੀਂ, (ਜਿਸ ਕਰਕੇ ਉਹ) ਮੁੜ ਮੁੜ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ। (ਮੋਹ ਮਾਇਆ ਦੀ) ਨੀਂਦ ਵਿਚ ਲੱਗਾ ਹੋਇਆ ਹੈ, ਕਾਮ ਵਾਸ਼ਨਾ ਨੇ ਦੁਖੀ ਕੀਤਾ ਹੋਇਆ ਹੈ, (ਲੋਕਾਂ ਕੋਲੋਂ) ਮੂੰਹੋਂ ਹਰੀ ਹਰੀ ਕਹਾਉਂਦਾ ਹੈ। (ਉਹ ਪੰਡਤ) ਨਾਮ ਤੋਂ ਬੈਸ਼ਨੋ ਭਗਤ ਹੈ, ਪਰ ਹਉਮੈ ਦੇ ਕਰਮਾਂ ਵਿਚ ਜੁੜਿਆ ਹੋਇਆ ਹੈ, ਚਾਵਲਾਂ ਦੇ ਛਿਲਕੇ ਕੁੱਟ ਕੇ ਉਹ ਕੀ ਫਲ ਪ੍ਰਾਪਤ ਕਰ ਸਕਦਾ ਹੈ? (ਕੁਛ ਫਲ ਨਹੀਂ ਮਿਲਦਾ)। ਹੰਸਾਂ (ਗੁਰਮੁਖਾਂ) ਵਿਚ ਬੈਠਾ ਬਗਲਾ (ਪਖੰਡੀ ਮਨੁੱਖ) ਹੰਸ ਨਹੀਂ ਬਣ ਜਾਂਦਾ, (ਬਗਲਾ) ਹਰ ਰੋਜ ਮੱਛੀ ਨੂੰ ਫੜਨ ਲਈ ਨੀਝ ਲਾਈ ਰਖਦਾ ਹੈ। ਜਦੋਂ ਹੰਸਾਂ (ਗੁਰਮੁਖਾਂ) ਦੀ ਸਭਾ ਵਿਚਾਰ ਕਰਕੇ ਦੇਖਣ, ਤਾਂ (ਉਹ ਜਾਣ ਲੈਂਦੇ ਹਨ ਕਿ ਉਨ੍ਹਾਂ ਦਾ) ਬਗਲਿਆਂ

(ਪਖੰਡੀ ਮਨੁੱਖਾਂ) ਨਾਲ ਮੇਲ ਕਦੇ ਨਹੀਂ ਬਣ ਆਉਂਦਾ। ਹੰਸਾਂ (ਗੁਰਮੁਖਾਂ) ਨੇ ਹੀਰਾ ਮੋਤੀ ਚੁਗਣਾ ਹੁੰਦਾ ਹੈ (ਗੁਰਮੁਖਾਂ ਦੀ ਆਤਮਕ ਖੁਰਾਕ ਸ਼ਬਦ ਕੀਰਤਨ ਤੇ ਨਾਮ ਸਿਮਰਨ ਹੈ, ਪਰ) ਬਗਲਾ ਡੱਡਾਂ ਭਾਲਣ ਜਾਂਦਾ ਹੈ (ਪਰਾਇਆ ਧਨ ਪਦਾਰਥ ਤੱਕਦਾ ਹੈ)। ਬਗਲਾ ਵਿਚਾਰਾ (ਹੰਸਾਂ ਦੀ ਸੰਗਤ ਵਿਚੋਂ ਇਸ ਕਰਕੇ) ਉਡ ਜਾਂਦਾ ਹੈ, ਮਤਾਂ ਮੇਰਾ (ਪਖੰਡ) ਪ੍ਰਗਟ ਹੋ ਜਾਵੇ (ਪਾਜ ਖੁਲ੍ਹ ਜਾਵੇ। ਪਰ ਹੇ ਭਾਈ!) ਦੋਸ਼ ਕਿਸ ਨੂੰ ਦਿਤਾ ਜਾਵੇ? ਹਰੀ ਨੇ ਕੋਈ ਜੀਵ ਜਿਸ ਪਾਸੇ ਲਾਇਆ ਹੈ, (ਉਹ) ਉਸ ਪਾਸੇ ਹੀ ਲੱਗਾ ਹੋਇਆ ਹੈ, ਜਦੋਂ ਕਿ ਹਰੀ ਨੂੰ ਇਸੇ ਤਰ੍ਹਾਂ ਚੰਗਾ ਲਗਦਾ ਹੈ। ਸਤਿਗੁਰੂ ਰੂਪ ਸਰੋਵਰ (ਦੈਵੀ ਗੁਣਾਂ ਰੂਪ) ਰਤਨਾਂ ਨਾਲ ਭਰਪੂਰ ਹੈ, ਜਿਸ ਮਨੁੱਖ ਨੂੰ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਉਹ (ਇਹ ਰਤਨ) ਪ੍ਰਾਪਤ ਕਰਦਾ ਹੈ। ਸਤਿਗੁਰੂ ਦੇ ਹੁਕਮ ਨਾਲ ਸਿਖ ਹੰਸ ਸਾਧ ਸੰਗਤ ਰੂਪ ਸਰੋਵਰ ਵਿਚ ਇਕੱਠੇ ਹੋਏ। (ਉਸ) ਸਾਧ ਸੰਗਤ ਰੂਪ ਸਰੋਵਰ ਵਿਚ (ਦੈਵੀ ਗੁਣ ਰੂਪ) ਰਤਨ ਤੇ ਮਾਣਕ ਆਦਿ ਪਦਾਰਥ ਭਰਪੂਰ ਹਨ, (ਜਿਨ੍ਹਾਂ ਨੂੰ ਸਿੱਖ ਆਪ) ਖਾ ਕੇ ਹੋਰਨਾਂ ਲਈ ਖਰਚ (ਵੰਡ) ਰਹੇ ਹਨ, (ਇਨ੍ਹਾਂ ਰਤਨਾਂ ਦੀ) ਤੋਟ ਨਹੀਂ ਆਉਂਦੀ। ਸਿੱਖ ਹੰਸ ਗੁਰੂ ਰੂਪ ਸਰੋਵਰ ਤੋਂ ਦੂਰ ਨਹੀਂ ਹੁੰਦੇ, (ਕਿਉਂਕਿ) ਕਰਤਾਰ ਨੂੰ ਇਸੇ ਤਰ੍ਹਾਂ ਚੰਗਾ ਲਗਦਾ ਹੈ। ਦਾਸ ਨਾਨਕ ਆਖਦਾ ਹੈ ਕਿ ਜਿਸ ਮਨੁੱਖ ਦੇ ਮੱਥੇ ਉਤੇ ਧੁਰ ਤੋਂ ਹੀ ਚੰਗਾ ਭਾਗ ਲਿਖਿਆ ਹੋਇਆ ਹੈ, ਉਹ ਸਿਖ ਗੁਰੂ ਪਾਸ ਆਉਂਦਾ ਹੈ। (ਉਹ ਸਿੱਖ ਭਵਜਲ ਤੋਂ) ਆਪ ਵੀ ਤਰ ਗਿਆ ਹੈ, ਪ੍ਰਵਾਰ ਦੇ ਸਾਰੇ ਜੀਵ ਤਾਰ ਦਿਤੇ ਹਨ ਅਤੇ ਸਾਰੀ ਸ੍ਰਿਸਟੀ ਨੂੰ (ਜਨਮ ਮਰਨ ਤੋਂ) ਛੁਡਾ ਲੈਂਦਾ ਹੈ।੧।

ਪਦਾਰਥ = ਅੰਦਰਹੁ–ਮਨ ਦੇ ਅੰਦਰੋਂ। ਬਾਹਰਹੁ–ਬਾਹਰੋਂ ਧਾਰਮਕ ਕਰਮ। ਕੂੜੀ ਕੂੜੀ–ਝੂਠ ਮੂਠ। ਦੇਹੀ–ਸਰੀਰ। ਚਕ੍ਰ–ਵੈਸ਼ਨਵ ਸਾਧੂ ਚੰਦਨ ਨਾਲ ਸਰੀਰ ਉਤੇ ਵਿਸ਼ਨੂ ਦੇ ਨਿਸ਼ਾਨ ਬਣਾਉਂਦੇ ਹਨ। ਨੋ–ਵਾਸਤੇ। ਬਹੁ ਧਾਵੈ–ਬਹੁਤ ਦੌੜਦਾ ਹੈ। ਅੰਦਰਿ–ਮਨ ਵਿਚੋਂ। ਫਿਰਿ ਫਿਰਿ–ਮੁੜ ਮੁੜ। ਆਵੈ ਜਾਵੈ–ਜੰਮਦਾ ਮਰਦਾ ਹੈ। ਵਿਆਪਿਆ–ਲੱਗਾ ਹੋਇਆ ਹੈ। ਕਾਮਿ–ਕਾਮ ਨੇ। ਸੰਤਾਪਿਆ–ਦੁਖੀ ਕੀਤਾ ਹੈ। ਮੁਖਹੁ–ਮੂੰਹੋਂ। ਬੈਸਨੋ–ਵਿਸ਼ਨੂੰ ਦਾ ਭਗਤ। ਹਉ–ਹਉਮੈ। ਜੁਗਤਾ–ਜੁੜਿਆ ਹੈ। ਤੁਹ–ਚਉਲਾਂ ਦੇ ਛਿਲਕੇ। ਤਾਰ–ਨੀਝ; ਮਨ ਦੀ ਲਗਨ। ਬਗੁ–ਬਗਲਾ। ਨਿਤ–ਹਰ ਰੋਜ; ਸਦਾ। ਤਾਰ–ਨੀਝ; ਮਨ ਦੀ ਲਗਨ। ਜਾ–ਜਦੋਂ। ਤਾ–ਤਾਂ। ਜੋੜੁ–ਮੇਲ ਜੋਲ। ਮੰਞੁ–ਮੇਰਾ। ਮਤੁ–ਮਤਾਂ; ਸ਼ਾਇਦ; ਕਿਤੇ। ਹੋਵੈ ਲਖਾਵੈ–ਪ੍ਰਗਟ ਹੋ ਜਾਵੇ; ਪਾਜ ਖੁਲ੍ਹ ਜਾਵੇ। ਜਿਤੁ–ਜਿਸ ਪਾਸੇ। ਕੋ–ਕੋਈ ਜੀਵ। ਤਿਤ ਹੀ–ਉਸ ਪਾਸੇ ਹੀ। ਦਿਚੈ–ਦਿਤਾ ਜਾਵੇ। ਏਵੈ–ਇਸੇ ਤਰ੍ਹਾਂ। ਭਾਵੈ–ਚੰਗਾ ਲਗਦਾ ਹੈ। ਭਰਪੂਰੇ–ਨਕੋ ਨੱਕ ਭਰਿਆ ਹੋਇਆ। ਸੋ–ਉਹ। ਸਰਵਰਿ –ਸਾਧ ਸੰਗਤ ਰੂਪ ਸਰੋਵਰ ਵਿਚ। ਹੁਕਮਾਵੈ–ਹੁਕਮ ਨਾਲ। ਖਰਚਿ ਰਹੇ–ਖਰਚ (ਵੰਡ) ਰਹੇ ਹਨ। ਤੋਟਿ–ਘਾਟਾ। ਕਰਤੇ–ਕਰਤਾਰ ਨੂੰ। ਜਨ ਨਾਨਕ–ਦਾਸ ਨਾਨਕ। ਮਸਤਕਿ–ਮੱਥੇ ਉਤੇ। ਧੁਰਿ–ਧੁਰ (ਪ੍ਰਭੂ ਦੀ ਹਜੂਰੀ) ਤੋਂ। ਪਹਿ–ਪਾਸ; ਕੋਲ। ਤਰਿਆ–(ਭਵਜਲ ਤੋਂ) ਤਰ ਗਿਆ। ਕੁਟੰਬ–ਪ੍ਰਵਾਰ। ਤਾਰੇ–ਤਾਰ ਦਿਤੇ। ਸਭਾ ਸ੍ਰਿਸਟਿ–ਸਾਰੀ ਸ੍ਰਿਸਟੀ ਨੂੰ। ਛਡਾਵੈ–ਛਡਾ ਲੈਂਦਾ ਹੈ।੧।

ਮਃ ੫ ॥ ਪੰਡਿਤੁ ਆਖਾਏ ਬਹੁਤੀ ਰਾਹੀ, ਕੋਰੜ ਮੋਠ ਜਿਨੇਹਾ ॥ ਅੰਦਰਿ ਮੋਹੁ ਨਿਤ ਭਰਮਿ ਵਿਆਪਿਆ, ਤਿਸਟਸਿ ਨਾਹੀ ਦੇਹਾ ॥ ਕੂੜੀ ਆਵੈ ਕੂੜੀ ਜਾਵੈ, ਮਾਇਆ ਕੀ ਨਿਤ ਜੋਹਾ ॥ ਸਚੁ ਕਹੈ ਤਾ ਛੋਹੋ ਆਵੈ, ਅੰਤਰਿ ਬਹੁਤਾ ਰੋਹਾ ॥ ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ, ਮਨਿ ਲਾਗਾ ਤਿਸੁ ਮੋਹਾ ॥ ਠਗੈ ਸੇਤੀ ਠਗੁ ਰਲਿ ਆਇਆ, ਸਾਥੁ ਭਿ ਇਕੋ ਜੇਹਾ ॥ ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ, ਤਾਂ ਉਘੜਿ ਆਇਆ ਲੋਹਾ ॥ ਬਹੁਤੇਰੀ ਥਾਈ ਰਲਾਇ ਰਲਾਇ ਦਿਤਾ, ਉਘੜਿਆ ਪੜਦਾ ਅਗੈ ਆਇ ਖਲੋਹਾ ॥ ਸਤਿਗੁਰ ਕੀ ਜੇ ਸਰਣੀ ਆਵੈ, ਫਿਰਿ ਮਨੂਰਹੁ ਕੰਚਨੁ ਹੋਹਾ ॥ ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ, ਅਉਗਣ ਕਟੇ ਕਰੇ ਸੁਧੁ ਦੇਹਾ ॥ ਨਾਨਕ ਜਿਸੁ ਧੁਰਿ ਮਸਤਕਿ ਹੋਵੈ ਲਿਖਿਆ, ਤਿਸੁ ਸਤਿਗੁਰ ਨਾਲਿ ਸਨੇਹਾ ॥ (ਹੇ ਭਾਈ! ਜੋ ਮਨੁੱਖ ਅਪਣੇ ਆਪ ਨੂੰ) ਪੰਡਤ ਕਹਾਉਂਦਾ ਹੈ ਅਤੇ ਬਹੁਤੇ (ਬੇਦਾਂ ਸਾਸ਼ਤ੍ਰਾਂ ਦੇ ਦੱਸੇ) ਰਸਤਿਆਂ ਉਤੇ ਚਲਦਾ ਹੈ, (ਉਹ) ਕੋਰੜੂ ਮੋਠ ਵਰਗਾ (ਕਠੋਰ ਚਿੱਤ ਤੇ ਪ੍ਰੇਮ ਤੋਂ ਖਾਲੀ) ਹੈ। (ਉਸ ਦੇ) ਹਿਰਦੇ ਅੰਦਰ ਮਾਇਆ ਦਾ ਮੋਹ ਹੈ, ਹਰ ਰੋਜ ਭਰਮ ਵਿਚ ਫਸਿਆ ਫਿਰਦਾ ਹੈ, (ਇਸ ਕਰਕੇ ਉਸ ਦਾ) ਸਰੀਰ ਟਿਕਦਾ ਨਹੀਂ (ਬੇਚੈਨ ਰਹਿੰਦਾ ਹੈ। ਉਹ ਗੁਰੂ ਦੀ ਸੰਗਤ ਵਿਚ) ਝੂਠੀ ਭਾਵਨਾ ਨਾਲ ਆਉਂਦਾ ਹੈ ਤੇ (ਹੋਰ ਕਿਸੇ ਥਾਂ ਵੀ) ਝੂਠੀ ਮਾਇਆ ਵਾਸਤੇ ਜਾਂਦਾ ਹੈ, (ਕਿਉਂਕਿ ਉਸ ਨੂੰ) ਨਿੱਤ ਮਾਇਆ ਦੀ ਝਾਕ ਲੱਗੀ ਰਹਿੰਦੀ ਹੈ। (ਜੇ ਕੋਈ ਮਨੁੱਖ ਉਸ ਨੂੰ) ਸੱਚੀ ਗੱਲ ਆਖਦਾ ਹੈ ਤਾਂ (ਉਸ ਨੂੰ) ਗੁੱਸਾ ਆਉਂਦਾ ਹੈ, (ਉਸ ਦੇ) ਮਨ ਅੰਦਰ ਗੁੱਸਾ ਬਹੁਤ ਹੈ। (ਉਹ) ਖੋਟੀ ਬੁੱਧੀ ਵਾਲਾ ਮਹਾਂ ਮੂਰਖ ਖੋਟੀ ਮੱਤ ਵਿਚ ਫਸਿਆ ਹੋਇਆ ਹੈ, ਉਸ ਦੇ ਮਨ ਵਿਚ ਮੋਹ ਲੱਗਾ ਹੋਇਆ ਹੈ। (ਜਦੋਂ ਅਜੇਹੇ) ਠੱਗ ਪੰਡਤ ਨਾਲ (ਕੋਈ ਹੋਰ) ਠੱਗ ਰਲ ਆਉਂਦਾ ਹੈ, (ਇਨ੍ਹਾਂ ਦੋਹਾਂ ਠੱਗਾਂ ਦਾ) ਸਾਥ ਵੀ ਇਕੋ ਜਿਹਾ ਹੋ ਜਾਂਦਾ ਹੈ। ਸਤਿਗੁਰੂ ਸਰਾਫ (ਜਦੋਂ ਉਸ ਨੂੰ ਪਰਖ ਕਰਨ ਲਈ ਅਪਣੀ) ਨਜਰ ਵਿਚੋਂ ਕਢਦਾ ਹੈ, (ਤਾਂ ਬਾਹਰੋਂ ਵਿਦਿਆ ਨਾਲ ਸੋਨਾ ਦਿਸਣ ਵਾਲਾ ਪੰਡਤ ਅੰਦਰੋਂ) ਲੋਹਾ ਉਘੜ ਆਉਂਦਾ ਹੈ (ਉਸ ਦੀ ਅਸਲੀਅਤ ਜਾਹਰ ਹੋ ਜਾਂਦੀ ਹੈ। ਭਾਵੇਂ ਉਸ ਨੂੰ) ਬਹੁਤੀ ਥਾਈਂ ਰਲਾ ਰਲਾ ਕੇ ਦਿਤਾ (ਵੱਖ ਵੱਖ ਭੇਖਾਂ ਦੇ

ਸਾਧੂਆਂ ਵਿਚ ਬਹੁਤ ਵਾਰੀ ਆ ਰਲਿਆ, ਪਰ ਇਸ ਦਾ) ਪੜਦਾ ਅੱਗੇ ਆ ਕੇ ਖੜ੍ਹਾ ਹੋ ਜਾਂਦਾ ਹੈ। ਜੇ (ਉਹ ਸੱਚੇ ਦਿਲੋਂ) ਸਤਿਗੁਰੂ ਦੀ ਸ਼ਰਣ ਵਿਚ ਆ ਜਾਵੇ, ਤਾਂ ਫਿਰ ਸੜੇ ਲੋਹੇ ਤੋਂ ਸੋਨਾ ਹੋ ਸਕਦਾ ਹੈ। ਸਤਿਗੁਰੂ ਨਿਰਵੈਰ ਹੈ, (ਉਸ ਦੀ ਨਜਰ ਵਿਚ) ਪੁਤ੍ਰ ਤੇ ਵੈਰੀ ਇਕ ਬਰਾਬਰ ਹਨ, (ਸਤਿਗੁਰੂ ਸਭ ਦੇ) ਔਗਣ ਕਟ ਦਿੰਦਾ ਹੈ ਅਤੇ ਸਰੀਰ ਨੂੰ ਪਵਿਤ੍ਰ ਕਰ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮੱਥੇ ਉਤੇ ਧੁਰ ਤੋਂ ਲੇਖ ਲਿਖਿਆ ਹੋਵੇ, ਉਸ ਦਾ ਸਤਿਗੁਰੂ ਨਾਲ ਪ੍ਰੇਮ ਹੁੰਦਾ ਹੈ।

ਅੰਗ ੯੬੧ = ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ, ਜਿਸੁ ਕਿਰਪਾਲ ਹੋਵੈ ਤਿਸੁ ਰਿਦੈ ਵਸੇਹਾ ॥ ਆਵਣ ਜਾਣਾ ਤਿਸ ਕਾ ਕਟੀਐ, ਸਦਾ ਸਦਾ ਸੁਖੁ ਹੋਹਾ ॥੨॥ ਪੂਰੇ ਸਤਿਗੁਰੂ ਦੀ ਅੰਮ੍ਰਿਤ ਰੂਪ ਬਾਣੀ ਉਸ ਮਨੁੱਖ ਦੇ ਹਿਰਦੇ ਵਿਚ ਵਸਦੀ ਹੈ, ਜਿਸ ਉਤੇ ਗੁਰੂ ਕ੍ਰਿਪਾਲੂ ਹੁੰਦਾ ਹੈ। ਉਸ ਮਨੁੱਖ ਦਾ (ਜਗਤ ਵਿਚ) ਆਉਣਾ ਜਾਣਾ ਕੱਟਿਆ ਜਾਂਦਾ ਹੈ ਅਤੇ (ਉਸ ਨੂੰ) ਸਦਾ ਸਦਾ ਲਈ ਸੁਖ ਹੁੰਦਾ ਹੈ।੨।

ਪਦਾਰਥ = ਬਹੁਤੀ ਰਾਹੀ–ਬਹੁਤ ਰਸਤਿਆਂ ਉਤੇ। ਕੋਰੜ ਮੋਠ–ਕੁਰਕੜੂ ਮੋਠ (ਮੋਠ ਦੇ ਦਾਣੇ ਵਰਗਾ ਪਥਰ ਜਿਹਾ ਦਾਣਾ, ਜੋ ਰਿੰਨ੍ਹਿਆਂ ਗਲਦਾ ਨਹੀਂ)। ਜਿਨੇਹਾ–ਵਰਗਾ। ਨਿਤ–ਹਰ ਰੋਜ; ਸਦਾ। ਵਿਆਪਿਆ–ਫਸਿਆ ਹੈ। ਤਿਸਟਸਿ ਨਾਹੀ–ਟਿਕਦਾ ਨਹੀਂ। ਦੇਹਾ–ਸਰੀਰ। ਕੂੜੀ–ਝੂਠ ਮੂਠ; ਬਿਅਰਥ। ਜੋਹਾ–ਤੱਕ; ਝਾਕ; ਤਲਾਸ਼। ਤਾ–ਤਾਂ। ਛੋਹੋ–ਗੁੱਸਾ; ਖਿਝ। ਰੋਹਾ–ਗੁੱਸਾ। ਦੁਰਮਤਿ–ਖੋਟੀ ਮੱਤ। ਕੁਬੁਧਿ–ਖੋਟੀ ਬੁੱਧੀ ਵਾਲਾ। ਕੁਮੂੜਾ–ਮਹਾਂ ਮੂਰਖ। ਮਨਿ–ਮਨ ਵਿਚ। ਠਗੈ ਸੇਤੀ–ਠੱਗ ਨਾਲ। ਸਰਾਫ–ਖੋਟੇ ਖਰੇ ਦੀ ਪਰਖ ਕਰਨ ਵਾਲਾ। ਨਦਰੀ ਵਿਚਦੋ–ਨਜਰ ਵਿਚੋਂ। ਉਘੜਿ ਆਇਆ–ਪ੍ਰਗਟ ਆਉਂਦਾ ਹੈ। ਫਿਰਿ–ਮੁੜ ਕੇ। ਮਨੂਰਹੁ–ਜੰਗਾਲ (ਸੜਿਆ ਲੋਹਾ)। ਕੰਚਨੁ–ਸੋਨਾ। ਸਤ੍ਰ–ਵੈਰੀ। ਸਮਾਨੇ–ਇਕ ਬਰਾਬਰ। ਸੁਧੁ–ਪਵਿਤ੍ਰ। ਧੁਰਿ–ਧੁਰ ਤੋਂ। ਮਸਤਕਿ–ਮੱਥੇ ਉਤੇ। ਸਨੇਹਾ–ਪ੍ਰੇਮ। ਰਿਦੈ–ਹਿਰਦੇ ਵਿਚ। ਵਸੇਹਾ–ਵਸਦੀ ਹੈ। ਆਵਣ ਜਾਣਾ–ਜੰਮਣਾ ਮਰਨਾ। ਹੋਹਾ–ਹੁੰਦਾ ਹੈ।੨।

ਪਉੜੀ ॥ ਜੋ ਤੁਧੁ ਭਾਣਾ ਜੰਤੁ ,ਸੋ ਤੁਧੁ ਬੁਝਈ ॥ ਜੋ ਤੁਧੁ ਭਾਣਾ ਜੰਤੁ ,ਸੁ ਦਰਗਹ ਸਿਝਈ ॥ ਜਿਸ ਨੋ ਤੇਰੀ ਨਦਰਿ, ਹਉਮੈ ਤਿਸੁ ਗਈ ॥ ਜਿਸ ਨੋ ਤੂ ਸੰਤੁਸਟੁ ,ਕਲਮਲ ਤਿਸੁ ਖਈ ॥ ਜਿਸ ਕੈ ਸੁਆਮੀ ਵਲਿ, ਨਿਰਭਉ ਸੋ ਭਈ ॥ ਜਿਸ ਨੋ ਤੂ ਕਿਰਪਾਲੁ ,ਸਚਾ ਸੋ ਥਿਅਈ ॥ ਜਿਸ ਨੋ ਤੇਰੀ ਮਇਆ, ਨ ਪੋਹੈ ਅਗਨਈ ॥ ਤਿਸ ਨੋ ਸਦਾ ਦਇਆਲੁ ,ਜਿਨਿ ਗੁਰ ਤੇ ਮਤਿ ਲਈ ॥੭॥ (ਹੇ ਪ੍ਰਭੂ!) ਜਿਹੜਾ ਜੀਵ ਤੈਨੂੰ ਚੰਗਾ ਲਗਦਾ ਹੈ, ਉਹ ਤੈਨੂੰ ਜਾਣਦਾ ਹੈ। ਜਿਹੜਾ ਜੀਵ ਤੈਨੂੰ ਚੰਗਾ ਲਗਦਾ ਹੈ, ਉਹ ਤੇਰੀ ਦਰਗਾਹ ਵਿਚ ਮੁਕਤ ਹੁੰਦਾ ਹੈ। ਜਿਸ ਮਨੁੱਖ ਉਤੇ ਤੇਰੀ ਮਿਹਰ ਭਰੀ ਨਜਰ ਹੋਵੇ, ਉਸ ਦੀ ਹਉਮੈ ਦੂਰ ਹੋ ਗਈ ਹੈ। ਜਿਸ ਉਤੇ ਤੂੰ ਬਹੁਤ ਪ੍ਰਸੰਨ ਹੋ ਜਾਵੇਂ, ਉਸ ਦੇ ਪਾਪ ਨਾਸ਼ ਹੋ ਜਾਂਦੇ ਹਨ। ਹੇ ਮਾਲਕ ਪ੍ਰਭੂ! ਜਿਸ ਮਨੁੱਖ ਦੇ ਤੂੰ ਵੱਲ ਹੋਵੇਂ, ਉਹ ਨਿਰਭਉ ਹੋ ਜਾਂਦਾ ਹੈ। ਜਿਸ ਉਤੇ ਤੂੰ ਮਿਹਰਵਾਨ ਹੋ ਜਾਵੇਂ, ਉਹ ਮਨੁੱਖ ਸੱਚਾ ਹੁੰਦਾ ਹੈ। ਜਿਸ ਉਤੇ ਤੇਰੀ ਮੇਹਰ ਹੋਵੇ, ਉਸ ਨੂੰ ਵਿਸ਼ੇ ਵਿਕਾਰਾਂ ਦੀ ਅੱਗ ਨਹੀਂ ਪੋਹ ਸਕਦੀ। ਜਿਸ ਮਨੁੱਖ ਨੇ ਗੁਰੂ ਤੋਂ ਮੱਤ ਲਈ ਹੈ, ਉਸ ਉਤੇ ਤੂੰ ਸਦਾ ਦਇਆਲ ਰਹਿੰਦਾ ਹੈਂ।੭।

ਪਦਾਰਥ = ਤੁਧੁ–ਤੈਨੂੰ। ਭਾਣਾ–ਚੰਗਾ ਜਾਂ ਪਿਆਰਾ ਲਗਦਾ ਹੈ। ਜੰਤੁ–ਜੀਵ। ਸੋ–ਉਹ। ਬੁਝਈ–ਜਾਣਦਾ ਹੈ। ਸੁ–ਉਹ। ਸਿਝਈ–ਮੁਕਤ ਹੁੰਦਾ ਹੈ। ਨਦਰਿ–ਮੇਹਰ ਦੀ ਨਜਰ। ਤਿਸੁ–ਉਸ ਦੀ। ਸੰਤੁਸਟੁ–ਬਹੁਤ ਪ੍ਰਸੰਨ। ਕਲਮਲ–ਪਾਪ। ਖਈ–ਨਾਸ਼ ਹੋਏ। ਸੁਆਮੀ–ਮਾਲਕ ਪ੍ਰਭੂ। ਵਲਿ–ਪੱਖ ਵਿਚ। ਭਈ–ਹੋ ਗਿਆ। ਥਿਅਈ–ਹੋ ਜਾਂਦਾ ਹੈ। ਮਇਆ–ਮੇਹਰ। ਨ ਪੋਹੈ–ਅਸਰ ਨਹੀਂ ਕਰਦੀ। ਅਗਨਈ–ਵਿਸ਼ੇ ਵਿਕਾਰਾਂ ਦੀ ਅੱਗ। ਜਿਨਿ–ਜਿਸ ਨੇ। ਤੇ–ਤੋਂ। ਮਤਿ–ਸਿੱਖਿਆ।੭।

ਸਲੋਕ ਮਃ ੫ ॥ ਕਰਿ ਕਿਰਪਾ ਕਿਰਪਾਲ, ਆਪੇ ਬਖਸਿ ਲੈ ॥ ਸਦਾ ਸਦਾ ਜਪੀ ਤੇਰਾ ਨਾਮੁ ,ਸਤਿਗੁਰ ਪਾਇ ਪੈ ॥ ਮਨ ਤਨ ਅੰਤਰਿ ਵਸੁ ,ਦੂਖਾ ਨਾਸੁ ਹੋਇ ॥ ਹਥ ਦੇਇ ਆਪਿ ਰਖੁ ,ਵਿਆਪੈ ਭਉ ਨ ਕੋਇ ॥ ਗੁਣ ਗਾਵਾ ਦਿਨੁ ਰੈਣਿ, ਏਤੈ ਕੰਮਿ ਲਾਇ ॥ ਸੰਤ ਜਨਾ ਕੈ ਸੰਗਿ, ਹਉਮੈ ਰੋਗੁ ਜਾਇ ॥ ਸਰਬ ਨਿਰੰਤਰਿ ਖਸਮੁ ,ਏਕੋ ਰਵਿ ਰਹਿਆ ॥ ਗੁਰ ਪਰਸਾਦੀ ਸਚੁ ,ਸਚੋ ਸਚੁ ਲਹਿਆ ॥ ਦਇਆ ਕਰਹੁ ਦਇਆਲ, ਅਪਣੀ ਸਿਫਤਿ ਦੇਹੁ ॥ ਦਰਸਨੁ ਦੇਖਿ ਨਿਹਾਲ, ਨਾਨਕ ਪ੍ਰੀਤਿ ਏਹ ॥੧॥ ਹੇ ਕ੍ਰਿਪਾਲ ਪ੍ਰਭੂ! ਕ੍ਰਿਪਾ ਕਰਕੇ ਆਪ ਹੀ ਮੈਨੂੰ ਬਖਸ਼ ਲੈ। ਮੈਂ ਸਤਿਗੁਰੂ ਦੇ ਚਰਨੀਂ ਪੈ ਕੇ ਸਦਾ ਸਦਾ ਤੇਰਾ ਨਾਮ ਜਪਦਾ ਰਹਾਂ। (ਤੂੰ ਮੇਰੇ) ਮਨ ਤੇ ਸਰੀਰ ਅੰਦਰ ਵਸ ਜਾ, (ਤਾਂ ਜੋ ਮੇਰੇ) ਦੁੱਖ ਨਾਸ਼ ਹੋ ਜਾਣ। ਤੂੰ ਆਪ ਹੱਥ ਦੇ ਕੇ ਮੇਰੀ ਰੱਖਿਆ ਕਰ, (ਤਾਂ ਕਿ ਮੈਨੂੰ) ਕੋਈ ਡਰ ਵਿਆਪ ਨਾ ਸਕੇ। ਮੈਨੂੰ ਇਸ ਕੰਮ ਵਿਚ ਲਗਾ ਦੇ ਕਿ ਮੈਂ ਦਿਨ ਰਾਤ ਤੇਰੇ ਗੁਣ ਗਾਉਂਦਾ ਰਹਾਂ। ਅਤੇ ਸੰਤਾਂ ਜਨਾਂ ਦੀ ਸੰਗਤ ਵਿਚ ਮੇਰਾ ਹਉਮੈ ਦਾ ਰੋਗ ਦੂਰ ਹੋ ਜਾਵੇ। (ਹੇ ਭਾਈ!) ਇਕੋ ਮਾਲਕ ਪ੍ਰਭੂ ਸਾਰੇ ਜੀਵਾਂ ਦੇ ਅੰਦਰ ਇਕ ਰਸ ਵਿਆਪਕ ਹੋ ਰਿਹਾ ਹੈ। ਮੈਂ ਗੁਰੂ ਦੀ ਕਿਰਪਾ ਨਾਲ ਸੱਚੇ ਪ੍ਰਭੂ ਨੂੰ ਸੱਚੋ ਸੱਚ ਜਾਣਿਆ ਹੈ। ਹੇ ਦਇਆ ਦੇ ਘਰ ਪ੍ਰਭੂ! ਮੇਰੇ ਉਤੇ ਦਇਆ ਕਰ, ਮੈਨੂੰ ਅਪਣੀ ਸਿਫਤ ਸਲਾਹ ਦਾ ਦਾਨ ਬਖਸ਼ ਦੇ। ਨਾਨਕ ਦੇ ਦਿਲ ਵਿਚ ਇਹ ਪ੍ਰੀਤ ਹੈ ਕਿ ਮੈਂ ਤੇਰੇ ਦਰਸ਼ਨ ਦੇਖ ਕੇ ਨਿਹਾਲ ਹੋ ਜਾਵਾਂ।੧।

ਪਦਾਰਥ = ਕਿਰਪਾਲ–ਹੇ ਕ੍ਰਿਪਾਲੂ ਪ੍ਰਭੂ!। ਆਪੇ–ਆਪ ਹੀ। ਜਪੀ–ਮੈਂ ਜਪਾਂ। ਪਾਇ–ਪੈਰਾਂ (ਚਰਨਾਂ) ਤੇ। ਪੈ–ਪੈ ਕੇ। ਤਨ–ਸਰੀਰ। ਦੇਇ–ਦੇ ਕੇ। ਵਿਆਪੈ ਨ–ਨਾ ਲੱਗੇ। ਰੈਣਿ–ਰਾਤ। ਏਤੈ ਕੰਮਿ–ਇਸੇ ਕੰਮ ਵਿਚ। ਜਾਇ–ਦੂਰ ਹੋ ਜਾਵੇ। ਸਰਬ ਨਿਰੰਤਰਿ–ਸਾਰੇ ਜੀਵਾਂ ਦੇ ਅੰਦਰ ਇਕ ਰਸ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਸਚੁ–ਸੱਚੇ ਪ੍ਰਭੂ ਨੂੰ। ਲਹਿਆ–ਜਾਣਿਆ; ਪਛਾਣਿਆ; ਪ੍ਰਾਪਤ ਕੀਤਾ। ਦਇਆਲ–ਹੇ ਦਇਆ ਦੇ ਘਰ ਪ੍ਰਭੂ!।੧।

ਮਃ ੫ ॥ ਏਕੋ ਜਪੀਐ ਮਨੈ ਮਾਹਿ, ਇਕਸ ਕੀ ਸਰਣਾਇ ॥ ਇਕਸੁ ਸਿਉ ਕਰਿ ਪਿਰਹੜੀ, ਦੂਜੀ ਨਾਹੀ ਜਾਇ ॥ ਇਕੋ ਦਾਤਾ ਮੰਗੀਐ, ਸਭੁ ਕਿਛੁ ਪਲੈ ਪਾਇ ॥ ਮਨਿ ਤਨਿ ਸਾਸਿ ਗਿਰਾਸਿ, ਪ੍ਰਭੁ ਇਕੋ ਇਕੁ ਧਿਆਇ ॥ ਅੰਮ੍ਰਿਤੁ ਨਾਮੁ ਨਿਧਾਨੁ ਸਚੁ ,ਗੁਰਮੁਖਿ ਪਾਇਆ ਜਾਇ ॥ ਵਡਭਾਗੀ ਤੇ ਸੰਤ ਜਨ, ਜਿਨ ਮਨਿ ਵੁਠਾ ਆਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ, ਦੂਜਾ ਕੋਈ ਨਾਹਿ ॥ ਨਾਮੁ ਧਿਆਈ ਨਾਮੁ ਉਚਰਾ, ਨਾਨਕ ਖਸਮ ਰਜਾਇ ॥੨॥ (ਹੇ ਭਾਈ!) ਇਕ ਪ੍ਰਭੂ ਨੂੰ ਹੀ ਮਨ ਵਿਚ ਜਪਣਾ ਚਾਹੀਦਾ ਹੈ ਅਤੇ ਇਕ ਪ੍ਰਭੂ ਦੀ ਸ਼ਰਣ ਵਿਚ ਆਉਣਾ ਚਾਹੀਦਾ ਹੈ। ਇਕ ਪ੍ਰਭੂ ਨਾਲ ਹੀ ਪ੍ਰੇਮ ਕਰ, (ਉਸ ਤੋਂ ਬਿਨਾ ਹੋਰ) ਦੂਜੀ ਜਗ੍ਹਾ ਨਹੀਂ ਹੈ। ਇਕ ਦਾਤੇ ਤੋਂ ਹੀ (ਹਰੇਕ ਪਦਾਰਥ) ਮੰਗਣਾ ਚਾਹੀਦਾ ਹੈ, (ਉਹ) ਸਭ ਕੁਛ ਪੱਲੇ ਪਾ ਦੇਂਦਾ ਹੈ। ਮਨ ਰਾਹੀਂ, ਸਰੀਰ ਰਾਹੀਂ ਸੁਆਸਾਂ ਨਾਲ ਅਤੇ ਹਰੇਕ ਬੁਰਕੀ ਨਾਲ ਇਕੋ ਇਕ ਪ੍ਰਭੂ ਨੂੰ ਸਿਮਰਿਆ ਕਰ। ਪ੍ਰਭੂ ਦਾ ਅੰਮ੍ਰਿਤ ਨਾਮ ਰੂਪ ਖਜਾਨਾ ਸੱਚਾ ਹੈ, ਜੋ ਗੁਰੂ ਦੁਆਰਾ ਪਾਇਆ ਜਾ ਸਕਦਾ ਹੈ। ਉਹ ਸੰਤ ਭਗਤ ਜਨ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਮਨ ਵਿਚ (ਅੰਮ੍ਰਿਤ ਨਾਮ) ਆ ਵਸਿਆ ਹੈ। (ਉਹ ਪ੍ਰਭੂ) ਜਲ ਵਿਚ, ਸੁੱਕੀ ਧਰਤੀ ਵਿਚ ਅਤੇ ਪੁਲਾੜ ਵਿਚ ਵਿਆਪਕ ਹੋ ਰਿਹਾ ਹੈ, (ਉਸ ਤੋਂ ਬਿਨਾ ਹੋਰ) ਦੂਜਾ ਕੋਈ (ਸਰਬ ਵਿਆਪਕ) ਨਹੀਂ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਅਰਦਾਸ ਕਰ ਕਿ ਮਨ ਵਿਚ ਉਸ ਦਾ) ਨਾਮ ਮੈਂ ਸਿਮਰਦਾ ਰਹਾਂ, (ਜੀਭ ਨਾਲ) ਨਾਮ ਉਚਾਰਦਾ ਰਹਾਂ ਅਤੇ ਮਾਲਕ ਪ੍ਰਭੂ ਦੀ ਰਜ਼ਾ ਵਿਚ ਰਹਾਂ।੨।

ਪਦਾਰਥ = ਏਕੋ–ਇਕ ਪ੍ਰਭੂ ਨੂੰ। ਮਨੈ ਮਾਹਿ–ਮਨ ਵਿਚ। ਇਕਸ ਕੀ–ਇਕ ਪ੍ਰਭੂ ਦੀ। ਸਿਉ–ਨਾਲ। ਪਿਰਹੜੀ–ਪ੍ਰੇਮ। ਜਾਇ–ਜਗ੍ਹਾ। ਪਲੈ ਪਾਇ–ਪੱਲੇ ਪਾ ਦੇਂਦਾ ਹੈ। ਮਨਿ–ਮਨ ਰਾਹੀਂ। ਤਨਿ–ਸਰੀਰ ਰਾਹੀਂ। ਸਾਸਿ–ਸੁਆਸਾਂ ਨਾਲ। ਗਿਰਾਸਿ–ਬੁਰਕੀ ਖਾਂਦਿਆਂ। ਨਿਧਾਨੁ–ਖਜਾਨਾ। ਗੁਰਮੁਖਿ–ਗੁਰੂ ਰਾਹੀਂ। ਵਡਭਾਗੀ–ਵੱਡੇ ਭਾਗਾਂ ਵਾਲੇ। ਤੇ–ਉਹ। ਵੁਠਾ–ਵਸਿਆ ਹੈ। ਜਲਿ–ਪਾਣੀਆਂ ਵਿਚ। ਥਲਿ –ਸੁੱਕੀ ਧਰਤੀ ਵਿਚ। ਮਹੀਅਲਿ–ਪੁਲਾੜ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਰਜਾਇ–ਰਜ਼ਾ ਵਿਚ।੨।

ਪਉੜੀ ॥ ਜਿਸ ਨੋ ਤੂ ਰਖਵਾਲਾ, ਮਾਰੇ ਤਿਸੁ ਕਉਣੁ ॥ ਜਿਸ ਨੋ ਤੂ ਰਖਵਾਲਾ, ਜਿਤਾ ਤਿਨੈ ਭੈਣੁ ॥ ਜਿਸ ਨੋ ਤੇਰਾ ਅੰਗੁ ,ਤਿਸੁ ਮੁਖੁ ਉਜਲਾ ॥ ਜਿਸ ਨੋ ਤੇਰਾ ਅੰਗੁ ,ਸੁ ਨਿਰਮਲੀ ਹੂੰ ਨਿਰਮਲਾ ॥ ਜਿਸ ਨੋ ਤੇਰੀ ਨਦਰਿ, ਨ ਲੇਖਾ ਪੁਛੀਐ ॥ ਜਿਸ ਨੋ ਤੇਰੀ ਖੁਸੀ, ਤਿਨਿ ਨਉ ਨਿਧਿ ਭੁੰਚੀਐ ॥ ਜਿਸ ਨੋ ਤੂ ਪ੍ਰਭ ਵਲਿ, ਤਿਸੁ ਕਿਆ ਮੁਹਛੰਦਗੀ ॥ ਜਿਸ ਨੋ ਤੇਰੀ ਮਿਹਰ, ਸੁ ਤੇਰੀ ਬੰਦਗੀ ॥੮॥ (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ ਰੱਖਣ (ਬਚਾਉਣ) ਵਾਲਾ ਹੈਂ, ਉਸ ਨੂੰ ਕੌਣ ਮਾਰ ਸਕਦਾ ਹੈ? ਜਿਸ ਨੂੰ ਤੂੰ ਰੱਖਣ ਵਾਲਾ ਹੈਂ ,ਉਸ ਮਨੁੱਖ ਨੇ ਭਵਨ (ਜਗਤ) ਨੂੰ ਜਿੱਤ ਲਿਆ ਹੈ। ਜਿਸ ਮਨੁੱਖ ਨੂੰ ਤੇਰਾ ਆਸਰਾ ਹੈ, ਉਸ ਦਾ (ਲੋਕ ਪ੍ਰਲੋਕ ਵਿਚ) ਮੂੰਹ ਉਜਲਾ ਹੁੰਦਾ ਹੈ। ਜਿਸ ਨੂੰ ਤੇਰਾ ਆਸਰਾ ਹੈ, ਉਹ ਮਨੁੱਖ ਪਵਿਤ੍ਰ ਤੋਂ ਪਵਿਤ੍ਰ (ਜੀਵਨ ਵਾਲਾ) ਹੈ। ਜਿਸ ਮਨੁੱਖ ਨੂੰ ਤੇਰੀ ਮੇਹਰ ਦੀ ਨਜਰ ਪ੍ਰਾਪਤ ਹੋਈ ਹੈ, (ਉਸ ਪਾਸੋਂ ਕੀਤੇ ਕਰਮਾਂ ਦਾ) ਲੇਖਾ ਨਹੀਂ ਪੁੱਛਿਆ ਜਾਂਦਾ। ਜਿਸ ਮਨੁੱਖ ਨੂੰ ਤੇਰੀ ਖੁਸ਼ੀ ਪ੍ਰਾਪਤ ਹੋਈ ਹੈ, ਉਸ ਨੇ ਨੌਂ ਨਿਧੀਆਂ ਦਾ ਸੁਖ ਭੋਗਿਆ ਹੈ। ਹੇ ਪ੍ਰਭੂ! ਜਿਸ ਮਨੁੱਖ ਦੇ ਤੂੰ ਵੱਲ ਹੋਵੇਂ, ਉਸ ਨੂੰ (ਕਿਸੇ ਦੀ) ਕੀ ਮੁਥਾਜੀ ਹੈ? (ਕਿਸੇ ਦੀ) ਖੁਸ਼ਾਮਦ ਕਰਨ ਦੀ ਕੀ ਲੋੜ ਹੈ? ਜਿਸ ਮਨੁੱਖ ਨੂੰ ਤੇਰੀ ਮੇਹਰ ਹੋ ਜਾਵੇ, ਉਹ ਤੇਰੀ ਭਗਤੀ ਕਰਦਾ ਹੈ।੮।

ਪਦਾਰਥ = ਨੋ–ਨੂੰ। ਜਿਤਾ–ਜਿੱਤਿਆ ਹੈ। ਤਿਨੈ–ਉਸ ਨੇ। ਭੈਣੁ–ਭਵਨ (ਜਗਤ) ਨੂੰ। ਅੰਗੁ–ਪੱਖ; ਆਸਰਾ। ਮੁਖੁ–ਮੂੰਹ। ਸੁ–ਉਹ। ਨਿਰਮਲੀ ਹੂੰ ਨਿਰਮਲਾ–ਪਵਿਤ੍ਰ ਤੋਂ ਪਵਿਤ੍ਰ। ਨਦਰਿ–ਮੇਹਰ ਦੀ ਨਜਰ। ਲੇਖਾ–ਕੀਤੇ ਕਰਮਾਂ ਦਾ ਹਿਸਾਬ। ਤਿਨਿ–ਉਸ ਨੇ। ਨਉ ਨਿਧਿ–ਨੌਂ ਖਜਾਨੇ। ਭੁੰਚੀਐ–ਭੋਗਿਆ (ਮਾਣਿਆ) ਹੈ। ਮੁਹਛੰਦਗੀ–ਗੁਲਾਮੀ; ਲੋੜ; ਖਾਸ਼ਾਮਦ। ਬੰਦਗੀ–ਭਗਤੀ।੮।

ਸਲੋਕ ਮਹਲਾ ੫ ॥ ਹੋਹੁ ਕ੍ਰਿਪਾਲ ਸੁਆਮੀ ਮੇਰੇ, ਸੰਤਾਂ ਸੰਗਿ ਵਿਹਾਵੇ ॥ ਤੁਧਹੁ ਭੁਲੇ ਸਿ ਜਮਿ ਜਮਿ ਮਰਦੇ, ਤਿਨ ਕਦੇ ਨ ਚੁਕਨਿ ਹਾਵੇ ॥੧॥ ਹੇ ਮੇਰੇ ਮਾਲਕ ਪ੍ਰਭੂ! (ਮੇਰੇ ਉਤੇ) ਮੇਹਰਵਾਨ ਹੋਵੋ, (ਮੇਰੀ ਉਮਰ) ਸੰਤਾਂ ਨਾਲ ਰਹਿ ਕੇ ਬਤੀਤ ਹੋਵੇ। (ਜੋ ਮਨੁੱਖ) ਤੇਰੇ ਵੱਲੋਂ ਭੁੱਲੇ ਹੋਏ ਹਨ, ਉਹ ਬਾਰ ਬਾਰ ਜੰਮ ਕੇ ਮਰਦੇ ਰਹਿੰਦੇ ਹਨ, ਉਨ੍ਹਾਂ ਦੇ ਦੁੱਖਾਂ ਭਰੇ ਹਾਹੁਕੇ ਕਦੇ ਮੁੱਕਦੇ ਨਹੀਂ।੧।

ਮਃ ੫ ॥ ਸਤਿਗੁਰੁ ਸਿਮਰਹੁ ਆਪਣਾ, ਘਟਿ ਅਵਘਟਿ ਘਟ ਘਾਟ ॥ ਹਰਿ ਹਰਿ ਨਾਮੁ ਜਪੰਤਿਆ, ਕੋਇ ਨ ਬੰਧੈ ਵਾਟ ॥੨॥ (ਹੇ ਭਾਈ!) ਅਪਣੇ ਸਤਿਗੁਰੂ ਨੂੰ ਹਿਰਦੇ ਵਿਚ, ਔਖੇ ਰਸਤਿਆਂ ਵਿਚ, ਘਾਟੀਆਂ ਤੇ ਪੱਤਣਾਂ ਵਿਚ ਸਦਾ ਸਿਮਰਦੇ ਰਹੋ। ਪ੍ਰਭੂ ਦਾ ਹਰਿ

ਹਰਿ ਨਾਮ ਜਪਦਿਆਂ ਕੋਈ (ਵੈਰੀ ਤੁਹਾਡਾ) ਰਸਤਾ ਨਹੀਂ ਰੋਕ ਸਕੇਗਾ (ਜੀਵਨ ਵਿਚ ਕੋਈ ਵਿਕਾਰ ਬਿਘਨ ਨਹੀਂ ਪਾਵੇਗਾ)।੨।

ਪਦਾਰਥ = ਹੋਹੁ-ਹੋਵੋ।ਸੁਆਮੀ-ਹੇ ਮਾਲਕ ਪ੍ਰਭੂ!।ਵਿਹਾਵੇ-ਬਤੀਤ ਹੋਵੇ।ਤੁਧਹੁ-ਤੇਰੇ ਵੱਲੋਂ।ਸਿ-ਉਹ।ਜਮਿ ਜਮਿ-ਬਾਰ ਬਾਰ ਜੰਮਦੇ ਹਨ।ਤਿਨ-ਉਨ੍ਹਾਂ ਦੇ।ਨ ਚੁਕਨਿ-ਮੁੱਕਦੇ ਨਹੀਂ।ਹਾਵੇ-ਹਾਹੁਕੇ।੧।ਘਟਿ-ਹਿਰਦੇ ਵਿਚ।ਅਵਘਟਿ-ਔਖੇ ਰਸਤਿਆਂ ਵਿਚ। ਘਟ-ਘਾਟੀਆਂ।ਘਾਟ-ਦਰਿਆਵਾਂ ਦੇ ਪੱਤਣ।ਨ ਬੰਧੈ-ਰੋਕ ਨਹੀਂ ਸਕੇਗਾ।ਵਾਟ-ਰਸਤਾ।੨।

ਪਉੜੀ ॥ ਤਿਥੈ ਤੂ ਸਮਰਥੁ ,ਜਿਥੈ ਕੋਇ ਨਾਹਿ ॥ ਓਥੈ ਤੇਰੀ ਰਖ, ਅਗਨੀ ਉਦਰ ਮਾਹਿ ॥ (ਹੇ ਪ੍ਰਭੂ!) ਜਿਸ ਥਾਂ ਤੇ ਕੋਈ ਰੱਖਿਆ ਕਰਨ ਵਾਲਾ ਨਹੀਂ ਹੁੰਦਾ, ਉਥੇ ਤੂੰ (ਰੱਖਿਆ ਕਰਨ ਦੇ) ਸਮਰੱਥ ਹੁੰਦਾ ਹੈਂ।ਮਾਤਾ ਦੇ ਪੇਟ ਦੀ ਅੱਗ ਵਿਚ ਉਥੇ ਵੀ ਤੇਰੇ ਵੱਲੋਂ ਹੀ ਰੱਖਿਆ ਹੁੰਦੀ ਹੈ।

ਅੰਗ ੯੬੨ = ਸੁਣਿ ਕੈ ਜਮ ਕੇ ਦੂਤ, ਨਾਇ ਤੇਰੈ ਛਡਿ ਜਾਹਿ ॥ ਭਉਜਲੁ ਬਿਖਮੁ ਅਸਗਾਹੁ ,ਗੁਰ ਸਬਦੀ ਪਾਰਿ ਪਾਹਿ ॥ ਜਿਨ ਕਉ ਲਗੀ ਪਿਆਸ, ਅੰਮ੍ਰਿਤੁ ਸੇਇ ਖਾਹਿ ॥ ਕਲਿ ਮਹਿ ਏਹੋ ਪੁੰਨੁ ,ਗੁਣ ਗੋਵਿੰਦ ਗਾਹਿ ॥ ਸਭਸੈ ਨੋ ਕਿਰਪਾਲੁ ,ਸਮ੍ਹਾਲੇ ਸਾਹਿ ਸਾਹਿ ॥ ਬਿਰਥਾ ਕੋਇ ਨ ਜਾਇ, ਜਿ ਆਵੈ ਤੁਧੁ ਆਹਿ ॥੯॥ (ਹੇ ਪ੍ਰਭੂ!) ਤੇਰੇ ਨਾਮ ਨੂੰ ਸੁਣ ਕੇ ਜਮ ਦੂਤ (ਜੀਵ ਨੂੰ) ਛਡ ਜਾਂਦੇ ਹਨ।ਔਖਾ ਤਰਿਆ ਜਾਣ ਵਾਲਾ ਜੋ ਅਥਾਹ ਸੰਸਾਰ ਸਮੁੰਦਰ ਹੈ, (ਇਸ ਤੋਂ ਜੀਵ) ਗੁਰੂ ਦੇ ਸ਼ਬਦ ਦੁਆਰ ਪਾਰ ਲੰਘ ਜਾਂਦੇ ਹਨ। ਨਾਮ ਰੂਪ ਅੰਮ੍ਰਿਤ ਉਹ ਮਨੁੱਖ ਹੀ ਖਾਂਦੇ (ਪੀਂਦੇ) ਹਨ, ਜਿਨ੍ਹਾਂ ਨੂੰ (ਨਾਮ ਅੰਮ੍ਰਿਤ ਦੀ) ਪਿਆਸ ਲੱਗੀ ਹੁੰਦੀ ਹੈ।(ਜੋ ਮਨੁੱਖ) ਗੋਵਿੰਦ ਦੇ ਗੁਣ ਗਾਉਂਦੇ ਹਨ, ਇਹੋ ਹੀ (ਉਨ੍ਹਾਂ ਲਈ) ਕਲਜੁਗ ਵਿਚ ਪੁੰਨ ਕਰਮ ਹੈ।(ਪ੍ਰਭੂ) ਸਾਰੇ ਜੀਵਾਂ ਉਤੇ ਮਿਹਰਵਾਨ ਹੁੰਦਾ ਹੈ ਅਤੇ (ਜੀਵਾਂ ਦੇ) ਹਰੇਕ ਸਾਹ ਨਾਲ (ਕਦਮ ਕਦਮ ਤੇ ਉਨ੍ਹਾਂ ਦੀ) ਸੰਭਾਲ ਕਰਦਾ ਹੈ।ਜਿਹੜਾ ਜੀਵ ਇੱਛਾ ਧਾਰ ਕੇ ਤੇਰੇ ਪਾਸ ਆਉਂਦਾ ਹੈ, (ਤੇਰੇ ਦਰ ਤੋਂ ਉਹ) ਕੋਈ ਵੀ ਖਾਲੀ ਨਹੀਂ ਜਾਂਦਾ।੯।

ਪਦਾਰਥ = ਸਮਰਥੁ-ਤਾਕਤਵਰ।ਰਖ-ਰੱਖਿਆ।ਉਦਰ ਮਾਹਿ-ਮਾਂ ਦੇ ਪੇਟ ਵਿਚ।ਨਾਇ-ਨਾਮ ਨੂੰ।ਭਉਜਲੁ-ਸੰਸਾਰ ਸਮੁੰਦਰ। ਬਿਖਮੁ-ਔਖਾ।ਅਸਗਾਹੁ-ਅਥਾਹ (ਬਹੁਤ ਡੂੰਘਾ)।ਸਬਦੀ-ਸ਼ਬਦ ਦੁਆਰ।ਪਾਰਿ ਪਾਹਿ-ਪਾਰ ਲੰਘ ਜਾਂਦੇ ਹਨ।ਜਿਨ ਕਉ-ਜਿਨ੍ਹਾਂ ਨੂੰ।ਸੇਇ-ਉਹ ਹੀ।ਖਾਹਿ-ਖਾਂਦੇ ਹਨ।ਕਲਿ ਮਹਿ-ਕਲਜੁਗ ਵਿਚ।ਗਾਹਿ-ਗਾਉਂਦੇ ਹਨ।ਸਭਸੈ ਨੋ-ਸਾਰੇ ਜੀਵਾਂ ਉਤੇ।ਸਮ੍ਹਾਲੇ-ਸੰਭਾਲ ਕਰਦਾ ਹੈ।ਸਾਹਿ ਸਾਹਿ-ਹਰੇਕ ਸਾਹ ਨਾਲ।ਬਿਰਥਾ-ਖਾਲੀ।ਜਿ-ਜਿਹੜਾ।ਤੁਧੁ-ਤੇਰੇ ਪਾਸ।ਆਹਿ-ਇੱਛਾ ਨਾਲ।੯।

ਸਲੋਕ ਮਃ ੫ ॥ ਦੂਜਾ ਤਿਸੁ ਨ ਬੁਝਾਇਹੁ ,ਪਾਰਬ੍ਰਹਮ ਨਾਮੁ ਦੇਹੁ ਆਧਾਰੁ ॥ ਅਗਮੁ ਅਗੋਚਰੁ ਸਾਹਿਬੋ, ਸਮਰਥੁ ਸਚੁ ਦਾਤਾਰੁ ॥ ਤੂ ਨਿਹਚਲੁ ਨਿਰਵੈਰੁ ਸਚੁ ,ਸਚਾ ਤੁਧੁ ਦਰਬਾਰੁ ॥ ਕੀਮਤਿ ਕਹਣੁ ਨ ਜਾਈਐ, ਅੰਤੁ ਨ ਪਾਰਾਵਾਰੁ ॥ ਪ੍ਰਭੁ ਛੋਡਿ ਹੋਰੁ ਜਿ ਮੰਗਣਾ, ਸਭੁ ਬਿਖਿਆ ਰਸ ਛਾਰੁ ॥ ਸੇ ਸੁਖੀਏ ਸਚੁ ਸਾਹ ਸੇ, ਜਿਨ ਸਚਾ ਬਿਉਹਾਰੁ ॥ ਜਿਨਾ ਲਗੀ ਪ੍ਰੀਤਿ ਪ੍ਰਭ ਨਾਮ, ਸਹਜ ਸੁਖ ਸਾਰੁ ॥ ਨਾਨਕ ਇਕੁ ਆਰਾਧੇ, ਸੰਤਨ ਰੇਣਾਰੁ ॥੧॥ ਹੇ ਪਾਰਬ੍ਰਹਮ! (ਜਿਸ ਮਨੁੱਖ ਨੂੰ) ਤੂੰ ਨਾਮ ਦਾ ਆਸਰਾ ਦੇਂਦਾ ਹੈਂ, ਉਸ ਨੂੰ ਤੂੰ ਹੋਰ ਦੂਜਾ ਆਸਰਾ ਨਹੀਂ ਬੁਝਾਉਂਦਾ।(ਹੇ ਪ੍ਰਭੂ!) ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਇੰਦ੍ਰੀਆਂ ਦੇ ਵਿਸ਼ੇ ਤੋਂ ਵੀ ਪਰੇ ਹੈ, ਤੂੰ ਸਭ ਦਾ ਮਾਲਕ ਹੈਂ, ਤੂੰ ਸਮਰੱਥ ਅਤੇ ਸੱਚਾ ਦਾਤਾ ਹੈਂ।ਤੂੰ ਅਚੱਲ, ਨਿਰਵੈਰ ਤੇ ਸੱਚ ਸਰੂਪ ਹੈਂ ਅਤੇ ਤੇਰਾ ਦਰਬਾਰ ਵੀ ਸੱਚਾ ਹੈ। ਤੇਰੀ ਕੀਮਤ ਕਹੀ ਨਹੀਂ ਜਾ ਸਕਦੀ, ਤੇਰੇ ਪਾਰ ਤੇ ਉਰਾਰ ਦਾ ਅੰਤ ਨਹੀਂ ਪੈ ਸਕਦਾ।(ਹੇ ਭਾਈ!) ਪ੍ਰਭੂ ਨੂੰ ਛਡ ਕੇ ਹੋਰ ਜਿਹੜਾ ਕੁਛ ਮੰਗਣਾ ਹੈ, ਉਹ ਸਭ ਵਿਸ਼ਿਆਂ ਦਾ ਰਸ ਤੇ ਸੁਆਹ ਰੂਪ (ਨਾਸ਼ਵੰਤ) ਹੈ।ਉਹ ਮਨੁੱਖ ਸੁਖੀ ਹਨ, ਉਹ ਸੱਚੇ ਸ਼ਾਹ ਹਨ, ਜਿਨ੍ਹਾਂ ਦਾ ਵਿਹਾਰ ਸਚਾ ਹੈ।ਜਿਨ੍ਹਾਂ ਪੁਰਖਾਂ ਦੀ ਪ੍ਰਭੂ ਦੇ ਨਾਮ ਨਾਲ ਪ੍ਰੀਤ ਲਗੀ ਹੋਈ ਹੈ, (ਉਨ੍ਹਾਂ ਨੂੰ) ਸਹਿਜ ਅਵਸਥਾ ਦਾ ਸ੍ਰੇਸਟ ਸੁਖ ਮਿਲ ਗਿਆ ਹੈ।ਨਾਨਕ ਇਕ ਪ੍ਰਭੂ ਨੂੰ ਸਿਮਰਦਾ ਹੈ ਅਤੇ (ਪ੍ਰਭੂ ਪਾਸੋਂ) ਸੰਤਾਂ ਦੀ ਚਰਨ ਧੂੜ ਮੰਗਦਾ ਹੈ।੧।

ਮਃ ੫ ॥ ਅਨਦ ਸੂਖ ਬਿਸ੍ਰਾਮ ਨਿਤ, ਹਰਿ ਕਾ ਕੀਰਤਨੁ ਗਾਇ ॥ ਅਵਰ ਸਿਆਣਪ ਛਾਡਿ ਦੇਹਿ, ਨਾਨਕ ਉਧਰਸਿ ਨਾਇ ॥੨॥ (ਹੇ ਭਾਈ!) ਹਰੀ ਦਾ ਕੀਰਤਨ ਗਾ ਕੇ ਸਦਾ ਅਨੰਦ, ਸੁਖ ਤੇ ਮਾਨਸਕ ਟਿਕਾਉ ਪ੍ਰਾਪਤ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੋਰ ਸਿਆਣਪਾਂ ਤੂੰ ਛਡ ਦੇ, ਪ੍ਰਭੂ ਦੇ ਨਾਮ ਜਪਣ ਨਾਲ ਤੂੰ (ਸੰਸਾਰ ਸਮੁੰਦਰ ਤੋਂ) ਤਰ ਜਾਵੇਂਗਾ।੨।

ਪਦਾਰਥ = ਤਿਸੁ-ਉਸ ਨੂੰ।ਆਧਾਰੁ-ਆਸਰਾ।ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ-ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ ।ਸਾਹਿਬੋ-ਮਾਲਕ ਪ੍ਰਭੂ।ਸਮਰਥੁ-ਤਾਕਤਵਰ।ਨਿਹਚਲੁ-ਅਚੱਲ।ਪਾਰਾਵਾਰੁ-ਪਰਲਾ ਤੇ ਉਰਲਾ ਕੰਢਾ।ਜਿ-ਜਿਹੜਾ।ਬਿਖਿਆ ਰਸ -ਵਿਸ਼ਿਆਂ ਦਾ ਰਸ।ਛਾਰੁ-ਸੁਆਹ।ਸੇ-ਉਹ।ਸਾਹ-ਸ਼ਾਹੂਕਾਰ।ਜਿਨ-ਜਿਨ੍ਹਾਂ ਦਾ।ਬਿਉਹਾਰੁ-ਲੈਣ ਦੇਣ; ਵਪਾਰ।ਸਹਜ ਸੁਖ-ਸਹਿਜ ਅਵਸਥਾ ਦਾ ਸੁਖ; ਕੁਦਰਤੀ ਸੁਖ।ਸਾਰੁ-ਸ੍ਰੇਸਟ।ਇਕੁ-ਇਕ ਪ੍ਰਭੂ ਨੂੰ।ਰੇਣਾਰੁ-ਚਰਨ ਧੂੜ।੧।ਬਿਸ੍ਰਾਮ-ਟਿਕਾਉ-ਸ਼ਾਂਤੀ।

ਨਿਤ–ਸਦਾ; ਹਰ ਰੋਜ।ਗਾਇ–ਗਾ ਕੇ; ਗਾਉਣ ਨਾਲ।ਅਵਰ–ਹੋਰ।ਉਧਰਸਿ–ਤਰ ਜਾਵੇਂਗਾ।ਨਾਇ–ਨਾਮ ਜਪਣ ਨਾਲ।੨।
ਪਉੜੀ ॥ ਨਾ ਤੂ ਆਵਹਿ ਵਸਿ, ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ, ਬੇਦ ਪੜਾਵਣੇ ॥ ਨਾ ਤੂ ਆਵਹਿ ਵਸਿ, ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ, ਧਰਤੀ ਧਾਈਐ ॥ ਨਾ ਤੂ ਆਵਹਿ ਵਸਿ, ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ, ਬਹੁਤਾ ਦਾਨੁ ਦੇ ॥ ਸਭੁ ਕੋ ਤੇਰੈ ਵਸਿ, ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ, ਭਗਤਾ ਤਾਣੁ ਤੇਰਾ ॥੧੦॥ ਹੇ ਪ੍ਰਭੂ ! ਤੂੰ ਬਹੁਤੇ ਹਾੜ੍ਹੇ ਕੱਢਣ ਨਾਲ ਤੇ ਤਰਲੇ ਕਰਨ ਨਾਲ (ਕਿਸੇ ਮਨੁੱਖ ਦੇ) ਵਸ ਵਿਚ ਨਹੀਂ ਆਉਂਦਾ।ਤੂੰ ਬੇਦ ਪੜ੍ਹਨ ਪੜ੍ਹਾਉਣ ਨਾਲ ਵੀ ਵਸ ਵਿਚ ਨਹੀਂ ਆਉਂਦਾ।ਤੀਰਥਾਂ ਉਤੇ ਨ੍ਹਾਉਣ ਨਾਲ ਵੀ ਤੂੰ (ਕਿਸੇ ਦੇ) ਵਸ ਵਿਚ ਨਹੀਂ ਆਉਂਦਾ।ਜੇ ਧਰਤੀ ਤੇ ਦੌੜਦੇ ਫਿਰੀਏ, ਤਾਂ ਵੀ ਤੂੰ (ਕਿਸੇ ਸਾਧੂ ਦੇ) ਵਸ ਵਿਚ ਨਹੀਂ ਆਉਂਦਾ (ਕਈ ਸਾਧੂ ਇਸੇ ਵਿਚ ਧਰਮ ਸਮਝਦੇ ਹਨ ਕਿ ਧਰਤੀ ਦਾ ਹੀ ਚੱਕਰ ਕਢਦੇ ਰਹਿਣ)।ਤੂੰ ਕਿਸੇ ਸਿਆਪਣ ਨਾਲ ਵੀ ਵਸ ਵਿਚ ਨਹੀਂ ਆਉਂਦਾ।ਤੂੰ ਬਹੁਤ ਦਾਨ ਦੇਣ ਨਾਲ ਵੀ ਵਸ ਵਿਚ ਨਹੀਂ ਆਉਂਦਾ।ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ ! ਹੇ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਪਰੇ ਪ੍ਰਭੂ ! ਸਭ ਕੋਈ (ਹਰੇਕ ਜੀਵ) ਤੇਰੇ ਵਸ ਵਿਚ ਹੈ।ਤੂੰ (ਕੇਵਲ) ਭਗਤਾਂ ਦੇ ਵਸ ਵਿਚ ਹੈਂ ਅਤੇ ਭਗਤਾਂ ਨੂੰ ਤੇਰਾ ਹੀ ਤਾਣ ਹੈ।੧੦।
ਪਦਾਰਥ = ਵਸਿ–ਵਸ ਵਿਚ।ਘਿਣਾਵਣੇ–ਘਿਘਿਆਉਣ ਨਾਲ; ਹਾੜ੍ਹੇ ਕਢਣ ਨਾਲ; ਤਰਲੇ ਕਰਨ ਨਾਲ (ਗੁ. ਗ੍ਰੰ. ਕੋਸ਼; ਦਰਪਣ ;ਟਕਸਾਲ; ਬਾ. ਪ੍ਰ); ਦੀਨ ਹੋ ਕੇ ਬੋਲਣ ਨਾਲ (ਸੰ.ਸ.; ਫ.ਸ.); ਘ੍ਰਿਣਾ ਕਰਨ ਨਾਲ; ਨਫਰਤ ਕਰਨ ਨਾਲ (ਸ਼ਬਦਾਰਥ; ਨਿਰਣੈ; ਗੁ. ਗ੍ਰੰ. ਕੋਸ਼)।ਤੀਰਥਿ–ਤੀਰਥਾਂ ਉਤੇ।ਨਾਈਐ–ਨ੍ਹਾਉਣ ਨਾਲ।ਧਾਈਐ–ਜੇ ਦੌੜਦੇ ਫਿਰੀਏ।ਕਿਤੈ ਸਿਆਣਪੈ–ਕਿਸੇ ਸਿਆਣਪ ਨਾਲ।ਦੇ–ਦੇਣ ਨਾਲ।ਸਭੋ ਕੋ–ਸਭ ਕੋਈ (ਹਰੇਕ ਜੀਵ)।ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ !।ਅਗੋਚਰਾ–ਹੇ ਇੰਦੀਆਂ ਦੇ ਵਿਸ਼ੇ ਤੋਂ ਪਰੇ।ਭਗਤਾ–ਭਗਤਾਂ ਨੂੰ।ਤਾਣੁ–ਤਾਕਤ; ਆਸਰਾ।੧੦।
ਸਲੋਕ ਮਃ ੫ ॥ ਆਪੇ ਵੈਦੁ ਆਪਿ ਨਾਰਾਇਣੁ ॥ ਏਹਿ ਵੈਦ, ਜੀਅ ਕਾ ਦੁਖੁ ਲਾਇਣ ॥ ਗੁਰ ਕਾ ਸਬਦੁ ,ਅੰਮ੍ਰਿਤ ਰਸੁ ਖਾਇਣ ॥ ਨਾਨਕ ਜਿਸੁ ਮਨਿ ਵਸੈ, ਤਿਸ ਕੇ ਸਭਿ ਦੂਖ ਮਿਟਾਇਣ ॥੧॥ ਪ੍ਰਮਾਤਮਾ ਆਪੇ ਆਪ ਹੀ (ਮਨੁੱਖ ਦੇ ਮਾਨਸਕ ਰੋਗ ਹਟਾਉਣ ਵਾਲਾ) ਵੈਦ ਹੈ।ਇਹ ਜੋ ਸੰਸਾਰੀ ਵੈਦ ਹਨ, ਇਹ ਤਾਂ ਜਿੰਦ ਨੂੰ ਦੁਖ ਲਾਉਣ ਵਾਲੇ ਹਨ (ਲਾਹੁਣ ਵਾਲੇ ਨਹੀਂ)।ਗੁਰੂ ਦਾ ਸ਼ਬਦ ਅੰਮ੍ਰਿਤ ਰਸ ਖਾਣ ਲਈ (ਸਵਾਦਲੀ ਦਵਾਈ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ (ਗੁਰੂ ਦਾ ਸ਼ਬਦ) ਵਸ ਜਾਂਦਾ ਹੈ, (ਗੁਰੂ ਦਾ ਸ਼ਬਦ) ਉਸ ਦੇ ਸਾਰੇ ਦੁੱਖ ਮਿਟਾ ਦੇਂਦਾ ਹੈ।੧।
ਆਪਿ ਨਾਰਾਇਣੁ = ਆਪ ਹੀ (ਪ੍ਰਭੂ) ਅਰਕਸਾਜ (ਅਰਕ, ਸ਼ਰਬਤ ਆਦਿ ਦਵਾਈਆਂ ਬਣਾਉਣ ਵਾਲਾ) ਹੈ।ਨਾਰ–ਪਾਣੀ (ਅਰਕ; ਸ਼ਰਬਤ)।(ਮ.ਕੋ.; ਨਿਰਣੈ)।
ਮਃ ੫ ॥ ਹੁਕਮਿ ਉਛਲੈ, ਹੁਕਮੇ ਰਹੈ ॥ ਹੁਕਮੇ ਦੁਖੁ ਸੁਖੁ ,ਸਮ ਕਰਿ ਸਹੈ ॥ ਹੁਕਮੇ ਨਾਮੁ ਜਪੈ ਦਿਨੁ ਰਾਤਿ ॥ ਨਾਨਕ ਜਿਸ ਨੋ ਹੋਵੈ ਦਾਤਿ ॥ ਹੁਕਮਿ ਮਰੈ, ਹੁਕਮੇ ਹੀ ਜੀਵੈ ॥ ਹੁਕਮੇ ਨਾਨ੍ਹਾ ਵਡਾ ਥੀਵੈ ॥ ਹੁਕਮੇ ਸੋਗ ਹਰਖ ਆਨੰਦ ॥ ਹੁਕਮੇ ਜਪੈ ਨਿਰੋਧਰ ਗੁਰਮੰਤ ॥ ਹੁਕਮੇ ਆਵਣੁ ਜਾਣੁ ਰਹਾਏ ॥ ਨਾਨਕ ਜਾ ਕਉ ਭਗਤੀ ਲਾਏ ॥੨॥ ਪ੍ਰਭੂ ਦੇ ਹੁਕਮ ਵਿਚ ਵਿਚ (ਮਨੁੱਖ) ਉਛਲਦਾ (ਹੰਕਾਰ ਕਰਦਾ) ਹੈ ਅਤੇ (ਉਸ ਦੇ) ਹੁਕਮ ਵਿਚ ਟਿਕ (ਨਿਰਹੰਕਾਰ ਹੋ) ਕੇ ਬੈਠਦਾ ਹੈ।(ਉਸ ਦੇ) ਹੁਕਮ ਵਿਚ ਹੀ ਦੁਖ ਤੇ ਸੁਖ ਨੂੰ ਇਕੋ ਜਿਹਾ ਜਾਣ ਕਰਕੇ ਸਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਨੂੰ (ਪ੍ਰਭੂ ਦੇ ਨਾਮ ਦੀ) ਦਾਤ ਬਖਸ਼ਿਸ਼ ਹੁੰਦੀ ਹੈ। (ਉਹ ਮਨੁੱਖ ਪ੍ਰਭੂ ਦੇ) ਹੁਕਮ ਅੰਦਰ ਹੀ ਦਿਨ ਰਾਤ ਨਾਮ ਜਪਦਾ ਹੈ।(ਜੀਵ ਪ੍ਰਭੂ ਦੇ) ਹੁਕਮ ਵਿਚ ਹੀ ਜਿਉਂਦਾ ਹੈ ਅਤੇ ਹੁਕਮ ਵਿਚ ਹੀ ਮਰਦਾ ਹੈ।(ਉਸ ਦੇ) ਹੁਕਮ ਵਿਚ ਹੀ ਛੋਟਾ ਤੇ ਵੱਡਾ ਹੁੰਦਾ ਹੈ।ਹੁਕਮ ਵਿਚ ਹੀ (ਜੀਵ) ਗਮੀ, ਖੁਸ਼ੀ ਤੇ ਅਨੰਦ ਪ੍ਰਾਪਤ ਕਰਦਾ ਹੈ।ਹੁਕਮ ਵਿਚ ਹੀ (ਜੀਵ) ਗੁਰੂ ਦਾ ਨਿਰੋਧਰ ਮੰਤ੍ਰ ਜਪਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ (ਪ੍ਰਭੂ ਅਪਣੀ) ਭਗਤੀ ਵਿਚ ਲਾਉਂਦਾ ਹੈ, (ਪ੍ਰਭੂ ਅਪਣੇ) ਹੁਕਮ ਨਾਲ (ਉਸ ਦਾ) ਜਨਮ ਮਰਨ ਮੁਕਾ ਦੇਂਦਾ ਹੈ।੨।
ਪਦਾਰਥ = ਏਹਿ ਵੈਦ–ਇਹ ਸੰਸਾਰੀ ਵੈਦ (ਪਖੰਡੀ ਧਾਰਮਕ ਆਗੂ)।ਜੀਅ ਕਾ–ਜਿੰਦ ਦਾ; ਆਤਮਾ ਨੂੰ; ਮਨ ਨੂੰ।ਲਾਇਣ–ਲਗਾਉਣ ਵਾਲੇ।ਖਾਇਣ–ਖਾਣ ਲਈ।ਮਨਿ–ਮਨ ਵਿਚ।ਤਿਸ ਕੇ–ਉਸ ਦੇ।ਮਿਟਾਇਣ–ਮਿਟਾ ਦੇਂਦਾ ਹੈ।੧।ਉਛਲੈ–ਉਛਲਦਾ ਹੈ; ਕੁੱਦਦਾ (ਹੰਕਾਰ ਕਰਦਾ) ਹੈ।ਰਹੈ–ਟਿਕ ਜਾਂਦਾ ਹੈ।ਸਮ ਕਰਿ–ਇਕੋ ਜਿਹਾ ਕਰਕੇ।ਸਹੈ–ਸਹਿੰਦਾ ਹੈ।ਜਿਸ ਨੋ–ਜਿਸ ਨੂੰ।ਨਾਨ੍ਹਾ–ਛੋਟਾ।ਥੀਵੈ–ਹੁੰਦਾ ਹੈ।ਸੋਗ–ਗਮੀ।ਹਰਖ–ਖੁਸ਼ੀ।ਨਿਰੋਧਰ–ਰੋਕਣ ਵਾਲਾ (ਜਿਸ ਤੇ ਕਿਸੇ ਦੂਜੇ ਮੰਤ੍ਰ ਦਾ ਅਸਰ ਨਾ ਪੈ ਸਕੇ।ਤੰਤ੍ਰ ਸ਼ਾਸਤ੍ਰ ਅਨੁਸਾਰ ਇਕ ਮੰਤ੍ਰ ਦੇ ਅਸਰ ਨੂੰ ਦੂਰ ਕਰਨ ਵਾਲਾ ਦੂਜਾ ਮੰਤ੍ਰ ਹੁੰਦਾ ਹੈ); ਵਿਸ਼ੇਸ਼ ਕਰਕੇ ਉਧਾਰ ਕਰਨ ਵਾਲਾ (ਸੰ.ਸ.;

ਫ.ਸ.; ਗੁ.ਗ੍ਰੰ. ਕੋਸ਼)।ਆਵਣੁ ਜਾਣੁ–ਜਨਮ ਮਰਨ।ਰਹਾਏ–ਮੁਕਾ ਦੇਂਦਾ ਹੈ।ਜਾ ਕਉ–ਜਿਸ ਨੂੰ।੨।

ਪਉੜੀ ॥ ਹਉ ਤਿਸੁ ਢਾਢੀ ਕੁਰਬਾਣੁ ,ਜਿ ਤੇਰਾ ਸੇਵਦਾਰੁ ॥ ਹਉ ਤਿਸੁ ਢਾਢੀ ਬਲਿਹਾਰ, ਜਿ ਗਾਵੈ ਗੁਣ ਅਪਾਰ ॥ ਸੋ ਢਾਢੀ ਧਨੁ ਧੰਨੁ ,ਜਿਸੁ ਲੋੜੇ ਨਿਰੰਕਾਰੁ ॥ ਸੋ ਢਾਢੀ ਭਾਗਠੁ ,ਜਿਸੁ ਸਚਾ ਦੁਆਰ ਬਾਰੁ ॥ ਓਹੁ ਢਾਢੀ ਤੁਧੁ ਧਿਆਇ, ਕਲਾਣੇ ਦਿਨੁ ਰੈਣਾਰ ॥ ਮੰਗੈ ਅੰਮ੍ਰਿਤ ਨਾਮੁ ,ਨ ਆਵੈ ਕਦੇ ਹਾਰਿ ॥ ਕਪੜੁ ਭੋਜਨੁ ਸਚੁ ,ਰਹਦਾ ਲਿਵੈ ਧਾਰ ॥ ਸੋ ਢਾਢੀ ਗੁਣਵੰਤੁ ,ਜਿਸ ਨੋ ਪ੍ਰਭ ਪਿਆਰੁ ॥੧੧॥ (ਹੇ ਪ੍ਰਭੂ!) ਮੈਂ ਉਸ ਢਾਢੀ ਤੋਂ ਕੁਰਬਾਨ ਜਾਂਦਾ ਹਾਂ, ਜਿਹੜਾ ਤੇਰਾ ਸੇਵਾਦਾਰ ਬਣਿਆ ਹੋਇਆ ਹੈ।ਮੈਂ ਉਸ ਢਾਢੀ ਤੋਂ ਬਲਿਹਾਰ ਜਾਂਦਾ ਹਾਂ, ਜਿਹੜਾ ਤੇਰੇ ਬੇਅੰਤ ਗੁਣ ਗਾਉਂਦਾ ਹੈ।ਉਹ ਢਾਢੀ ਧੰਨ ਧੰਨ ਹੈ, ਜਿਸ ਨੂੰ ਨਿਰੰਕਾਰ ਚਾਹੁੰਦਾ ਹੈ।ਉਹ ਢਾਢੀ ਭਾਗਾਂ ਵਾਲਾ ਹੈ, ਜਿਸ ਦਾ ਟਿਕਾਣਾ ਹਰੀ ਦਾ ਸੱਚਾ ਦੁਆਰ ਹੈ।(ਹੇ ਪ੍ਰਭੂ!) ਉਹ ਢਾਢੀ ਤੈਨੂੰ ਧਿਆਉਂਦਾ ਹੈ ਅਤੇ ਦਿਨ ਰਾਤ ਤੇਰੀ ਸਿਫਤ ਸਲਾਹ ਕਰਦਾ ਹੈ।(ਉਹ ਢਾਢੀ ਤੇਰੇ ਪਾਸੋਂ) ਅੰਮ੍ਰਿਤ ਨਾਮ ਮੰਗਦਾ ਹੈ, (ਜਿਸ ਕਰਕੇ ਉਸ ਢਾਢੀ ਨੂੰ ਜੀਵਨ ਵਿਚ) ਕਦੇ ਹਾਰ ਨਹੀਂ ਆਉਂਦੀ (ਜੀਵਨ ਬਾਜੀ ਜਿੱਤ ਕੇ ਜਾਂਦਾ ਹੈ)।ਸੱਚਾ ਨਾਮ ਹੀ (ਉਸ ਦਾ) ਕਪੜਾ ਤੇ ਭੋਜਨ ਹੈ ਅਤੇ (ਉਹ ਹਿਰਦੇ ਵਿਚ) ਹਰੀ ਦੀ ਲਿਵ ਧਾਰੀ ਰਖਦਾ ਹੈ।ਉਹ ਢਾਢੀ ਗੁਣਵਾਨ ਹੈ, ਜਿਸ ਨੂੰ ਪ੍ਰਭੂ ਦਾ ਪਿਆਰ ਹੈ।੧੧।

ਪਦਾਰਥ = ਹਉ–ਮੈਂ।ਢਾਢੀ–ਸਿਫਤ ਸਲਾਹ ਦੀਆਂ ਵਾਰਾਂ ਗਾਉਣ ਵਾਲਾ।ਜਿ–ਜਿਹੜਾ।ਅਪਾਰ–ਬੇਅੰਤ।ਸੋ–ਉਹ।ਲੋੜੇ–ਚਾਹੁੰਦਾ ਹੈ।ਭਾਗਠੁ–ਭਾਗਾਂ ਵਾਲਾ; ਧਨਵਾਨ।ਬਾਰੁ–ਟਿਕਾਣਾ।ਤੁਧੁ–ਤੈਨੂੰ।ਕਲਾਣੇ–ਸਿਫਤ ਸਲਾਹ ਕਰਦਾ ਹੈ।ਰੈਣਾਰ–ਰਾਤ।ਲਿਵ ਧਾਰ–ਬਿਰਤੀ ਜੋੜੀ ਰਖਦਾ ਹੈ।ਗੁਣਵੰਤੁ–ਗੁਣਵਾਨ।੧੧।

ਅੰਗ ੯੬੩ = ਸਲੋਕ ਮਃ ੫ ॥ ਅੰਮ੍ਰਿਤ ਬਾਣੀ ਅਮਿਉ ਰਸੁ ,ਅੰਮ੍ਰਿਤੁ ਹਰਿ ਕਾ ਨਾਉ ॥ ਮਨਿ ਤਨਿ ਹਿਰਦੈ ਸਿਮਰਿ ਹਰਿ, ਆਠ ਪਹਰ ਗੁਣ ਗਾਉ ॥ ਉਪਦੇਸੁ ਸੁਣਹੁ ਤੁਮ ਗੁਰ ਸਿਖਹੁ ,ਸਚਾ ਇਹੈ ਸੁਆਉ ॥ ਜਨਮੁ ਪਦਾਰਥੁ ਸਫਲੁ ਹੋਇ, ਮਨ ਮਹਿ ਲਾਇਹੁ ਭਾਉ ॥ ਸੂਖ ਸਹਜ ਆਨਦੁ ਘਣਾ, ਪ੍ਰਭ ਜਪਤਿਆ ਦੁਖੁ ਜਾਇ ॥ ਨਾਨਕ ਨਾਮੁ ਜਪਤ ਸੁਖੁ ਊਪਜੈ, ਦਰਗਹ ਪਾਈਐ ਥਾਉ ॥੧॥ (ਹੇ ਗੁਰਸਿੱਖੋ! ਗੁਰੂ ਦੀ) ਅੰਮ੍ਰਿਤ ਮਈ ਬਾਣੀ ਅੰਮ੍ਰਿਤ ਦਾ ਸੁਆਦ ਦੇਣ ਵਾਲੀ ਹੈ ਅਤੇ ਪ੍ਰਭੂ ਦਾ ਨਾਮ ਵੀ ਅੰਮ੍ਰਿਤ ਹੈ।ਮਨ ਵਿਚ, ਸਰੀਰ ਵਿਚ ਅਤੇ ਹਿਰਦੇ ਵਿਚ ਹਰੀ ਦਾ ਅੰਮ੍ਰਿਤ ਮਈ ਨਾਮ ਸਿਮਰਿਆ ਕਰੋ ਅਤੇ ਅੱਠੇ ਪਹਿਰ (ਸਦਾ ਹਰੀ ਦੇ) ਗੁਣ ਗਾਉਂਦੇ ਰਹੋ।ਹੇ ਗੁਰਸਿੱਖੋ! ਤੁਸੀਂ ਗੁਰੂ ਦਾ ਉਪਦੇਸ਼ ਸੁਣੋ, ਜੀਵਨ ਦਾ ਸੱਚਾ ਪ੍ਰਯੋਜਨ ਇਹੋ ਹੀ ਹੈ।(ਅਪਣੇ) ਮਨ ਵਿਚ ਪ੍ਰਭੂ ਦਾ ਪ੍ਰੇਮ ਲਗਾਵੋ, ਤਾਂ ਕਿ ਤੁਹਾਡਾ ਜਨਮ ਪਦਾਰਥ ਸਫਲ ਹੋ ਜਾਵੇ।ਪ੍ਰਭੂ ਦਾ ਨਾਮ ਜਪਦਿਆਂ ਦੁੱਖ ਦੂਰ ਹੋ ਜਾਂਦਾ ਹੈ ਅਤੇ ਸੁੱਖ, ਸ਼ਾਂਤੀ ਤੇ ਬੇਅੰਤ ਅਨੰਦ ਪ੍ਰਾਪਤ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਜਪਦਿਆਂ (ਇਸ ਲੋਕ ਵਿਚ) ਸੁਖ ਪੈਦਾ ਹੁੰਦਾ ਹੈ ਅਤੇ ਪ੍ਰਭੂ ਦੀ ਦਰਗਾਹ ਵਿਚ ਵੀ ਥਾਂ ਮਿਲ ਜਾਂਦੀ ਹੈ।੧।

ਪਦਾਰਥ = ਅਮਿਉ ਰਸੁ–ਅੰਮ੍ਰਿਤ ਦਾ ਸੁਆਦ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਹਿਰਦੈ–ਹਿਰਦੇ ਵਿਚ।ਗਾਉ–ਗਾਉਂਦੇ ਰਹੋ। ਤੁਮ–ਤੁਸੀਂ।ਸੁਆਉ–ਪ੍ਰਯੋਜਨ।ਮਨ ਮਹਿ–ਮਨ ਵਿਚ।ਲਾਇਹੁ–ਲਗਾਵੋ।ਭਾਉ–ਪ੍ਰੇਮ।ਸੂਖ ਸਹਜ–ਸੁੱਖ ਸ਼ਾਂਤੀ; ਅਸਲੀ ਸੁਖ। ਘਣਾ–ਬਹੁਤ।ਜਾਇ–ਦੂਰ ਹੋ ਜਾਂਦਾ ਹੈ।ਥਾਉ–ਟਿਕਾਣਾ; ਥਾਂ।੧।

ਮਃ ੫ ॥ ਨਾਨਕ ਨਾਮੁ ਧਿਆਈਐ, ਗੁਰੁ ਪੂਰਾ ਮਤਿ ਦੇਇ ॥ ਭਾਣੈ ਜਪ ਤਪ ਸੰਜਮੋ, ਭਾਣੈ ਹੀ ਕਢਿ ਲੇਇ ॥ ਭਾਣੈ ਜੋਨਿ ਭਵਾਈਐ, ਭਾਣੈ ਬਖਸਿ ਕਰੇਇ ॥ ਭਾਣੈ ਦੁਖੁ ਸੁਖੁ ਭੋਗੀਐ, ਭਾਣੈ ਕਰਮ ਕਰੇਇ ॥ ਭਾਣੈ ਮਿਟੀ ਸਾਜਿ ਕੈ, ਭਾਣੈ ਜੋਤਿ ਧਰੇਇ ॥ ਭਾਣੈ ਭੋਗ ਭੋਗਾਇਦਾ, ਭਾਣੈ ਮਨਹਿ ਕਰੇਇ ॥ ਭਾਣੈ ਨਰਕਿ ਸੁਰਗਿ ਅਉਤਾਰੇ, ਭਾਣੈ ਧਰਣਿ ਪਰੇਇ ॥ ਭਾਣੈ ਹੀ ਜਿਸੁ ਭਗਤੀ ਲਾਏ, ਨਾਨਕ ਵਿਰਲੇ ਹੇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰਾ ਗੁਰੂ ਮੱਤ ਦੇਂਦਾ ਹੈ ਕਿ ਪ੍ਰਭੂ ਦਾ ਨਾਮ ਧਿਆਉਣਾ ਚਾਹੀਦਾ ਹੈ।(ਮਨੁੱਖ ਪ੍ਰਭੂ ਦੇ) ਭਾਣੇ ਵਿਚ ਜਪ ਤਪ ਤੇ ਸੰਜਮ ਆਦਿ ਕਰਮਾਂ ਵਿਚ ਲਗਦਾ ਹੈ ਅਤੇ ਭਾਣੇ ਵਿਚ ਹੀ ਪ੍ਰਭੂ ਇਸ ਕਰਮ ਕਾਂਡ ਦੇ ਬੰਧਨਾਂ ਵਿਚ ਕਢ ਲੈਂਦਾ ਹੈ।(ਪ੍ਰਭੂ ਅਪਣੀ) ਮਰਜੀ ਨਾਲ ਜੀਵ ਨੂੰ ਜੋਨੀਆਂ ਵਿਚ ਫਿਰਾਉਂਦਾ ਹੈ ਅਤੇ ਮਰਜੀ ਨਾਲ (ਜੀਵਾਂ ਉਤੇ) ਬਖਸ਼ਿਸ਼ ਕਰਦਾ ਹੈ।(ਉਸ ਦੇ) ਭਾਣੇ ਵਿਚ ਹੀ ਸੁਖ ਤੇ ਦੁਖ ਭੋਗੇ ਜਾਂਦੇ ਹਨ ਅਤੇ ਭਾਣੇ ਵਿਚ ਹੀ (ਜੀਵ) ਚੰਗੇ ਮਾੜੇ ਕਰਮ ਕਰਦਾ ਹੈ।(ਉਹ ਅਪਣੇ) ਭਾਣੇ ਵਿਚ ਮਿੱਟੀ ਆਦਿ ਤੱਤਾਂ ਤੋਂ ਜੀਵਾਂ ਦੇ ਸਰੀਰ ਸਾਜ ਕੇ ਅਪਣੇ ਭਾਣੇ ਵਿਚ (ਉਨ੍ਹਾਂ ਸਰੀਰ ਵਿਚ ਅਪਣੀ) ਜੋਤ ਟਿਕਾਉਂਦਾ ਹੈ।ਭਾਣੇ ਵਿਚ ਹੀ (ਜੀਵਾਂ ਨੂੰ ਪਦਾਰਥਾਂ ਦੇ) ਭੋਗ ਭੁਗਾਉਂਦਾ ਹੈ ਅਤੇ ਭਾਣੇ ਵਿਚ ਹੀ (ਪਦਾਰਥਾਂ ਦੇ ਭੋਗਾਂ ਵੱਲੋਂ) ਮਨ੍ਹਾਂ ਕਰਦਾ (ਰੋਕਦਾ) ਹੈ।ਭਾਣੇ ਵਿਚ ਹੀ (ਪ੍ਰਭੂ ਜੀਵਾਂ ਨੂੰ) ਨਰਕ ਸੁਰਗ ਵਿਚ ਉਤਾਰਦਾ ਹੈ ਅਤੇ ਭਾਣੇ ਵਿਚ ਹੀ (ਜੀਵ) ਧਰਤੀ ਤੇ ਡਿਗ ਪੈਂਦਾ ਹੈ (ਜਨਮ ਲੈਂਦਾ ਹੈ।ਪ੍ਰਭੂ ਅਪਣੇ) ਭਾਣੇ ਵਿਚ ਜਿਸ ਨੂੰ ਭਗਤੀ ਵਿਚ ਲਾਉਂਦਾ ਹੈ, ਨਾਨਕ ਗੁਰੂ

ਜੀ ਆਖਦੇ ਹਨ ਕਿ (ਅਜੇਹੇ ਮਨੁੱਖ ਦੁਨੀਆਂ ਵਿਚ) ਵਿਰਲੇ ਹੁੰਦੇ ਹਨ।੨।

ਪਦਾਰਥ = ਧਿਆਈਐ–ਧਿਆਉਣਾ ਚਾਹੀਦਾ ਹੈ।ਮਤਿ–ਅਕਲ; ਸਿੱਖਿਆ।ਭਾਣੈ–ਅਪਣੀ ਮਰਜਾ ਨਾਲ; ਰਜ਼ਾ ਵਿਚ।ਸੰਜਮੋ–ਇੰਦ੍ਰੀਆਂ ਨੂੰ ਵਸ ਵਿਚ ਕਰਨ ਦੀ ਕਿਰਿਆ।ਜੋਨਿ–ਜੋਨੀਆਂ ਵਿਚ।ਭਵਾਈਐ–ਫਿਰਾਉਂਦਾ (ਘੁਮਾਉਂਦਾ) ਹੈ।ਬਖਸ–ਬਖਸ਼ਿਸ਼।ਭੋਗੀਐ–ਭੋਗੇ ਜਾਂਦੇ ਹਨ।ਕਰਮ–ਚੰਗੇ ਮਾੜੇ ਕਰਮ।ਮਿਟੀ–ਮਿੱਟੀ ਆਦਿ ਤੱਤਾਂ ਤੋਂ ਬਣਿਆ ਸਰੀਰ।ਸਾਜਿ ਕੈ–ਬਣਾ ਕੇ।ਜੋਤਿ ਧਰੇਇ–ਚੇਤਨ ਸੱਤਾ ਟਿਕਾਉਂਦਾ ਹੈ; ਜਾਨ (ਜਿੰਦ) ਪਾਉਂਦਾ ਹੈ।ਭੋਗ ਭੋਗਾਇਦਾ–ਪਦਾਰਥ ਖੁਆਉਂਦਾ ਹੈ।ਮਨਹਿ ਕਰੇਇ–ਮਨ੍ਹਾ ਕਰਦਾ ਹੈ; ਰੋਕਦਾ ਹੈ।ਅਉਤਾਰੇ–ਉਤਾਰਦਾ (ਪੈਦਾ ਕਰਦਾ) ਹੈ।ਧਰਣਿ ਪਰੇਇ–ਧਰਤੀ ਤੇ ਡਿਗ ਪੈਂਦਾ ਹੈ।ਹੇ–ਹਨ।੨।

ਪਉੜੀ ॥ ਵਡਿਆਈ ਸਚੇ ਨਾਮ ਕੀ, ਹਉ ਜੀਵਾ ਸੁਣਿ ਸੁਣੇ ॥ ਪਸੂ ਪਰੇਤ ਅਗਿਆਨ, ਉਧਾਰੇ ਇਕ ਖਣੇ ॥ ਦਿਨਸੁ ਰੈਣਿ ਤੇਰਾ ਨਾਉ ,ਸਦਾ ਸਦ ਜਾਪੀਐ ॥ ਤ੍ਰਿਸਨਾ ਭੁਖ ਵਿਕਰਾਲ, ਨਾਇ ਤੇਰੈ ਧ੍ਰਾਪੀਐ ॥ ਰੋਗੁ ਸੋਗੁ ਦੁਖੁ ਵੰਞੈ, ਜਿਸੁ ਨਾਉ ਮਨਿ ਵਸੈ ॥ ਤਿਸਹਿ ਪਰਾਪਤਿ ਲਾਲੁ ,ਜੋ ਗੁਰ ਸਬਦੀ ਰਸੈ ॥ ਖੰਡ ਬ੍ਰਹਮੰਡ ਬੇਅੰਤ, ਉਧਾਰਣਹਾਰਿਆ ॥ ਤੇਰੀ ਸੋਭਾ ਤੁਧੁ ,ਸਚੇ ਮੇਰੇ ਪਿਆਰਿਆ ॥੧੨॥ (ਹੇ ਭਾਈ!) ਸੱਚੇ ਪ੍ਰਭੂ ਦੇ ਨਾਮ ਦੀ ਵਡਿਆਈ ਸੁਣ ਸੁਣ ਕੇ ਮੈਂ ਜਿਉਂਦਾ ਹਾਂ।(ਪ੍ਰਭੂ ਦੇ ਨਾਮ ਨੇ) ਪਸ਼ੂ ਤੇ ਪ੍ਰੇਤ ਬਿਰਤੀ ਵਾਲੇ ਅਗਿਆਨੀ ਮਨੁੱਖਾਂ ਨੂੰ (ਸੰਸਾਰ ਸਮੁੰਦਰ ਵਿਚੋਂ) ਇਕ ਖਿਨ ਵਿਚ ਤਾਰਿਆ ਹੈ।(ਹੇ ਪ੍ਰਭੂ! ਕ੍ਰਿਪਾ ਕਰ, ਅਸੀਂ) ਦਿਨ ਰਾਤ ਸਦਾ ਸਦਾ ਤੇਰਾ ਨਾਮ ਜਪਦੇ ਰਹੀਏ।ਤੇਰੇ ਨਾਮ ਦੇ ਰਾਹੀਂ ਰਸਾਂ ਕਸਾਂ ਦੀ ਤ੍ਰਿਸ਼ਨਾ ਤੇ ਪਦਾਰਥਾਂ ਦੀ ਭਿਆਨਕ ਭੁਖ ਤੋਂ ਰੱਜ ਜਾਈਦਾ ਹੈ।ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਨਾਮ ਵਸ ਜਾਂਦਾ ਹੈ, ਉਸ ਦਾ ਰੋਗ, ਸੋਗ ਤੇ ਦੁੱਖ ਦੂਰ ਹੋ ਜਾਂਦਾ ਹੈ।ਨਾਮ ਰੂਪ ਲਾਲ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜੋ ਗੁਰੂ ਦੇ ਸ਼ਬਦ ਵਿਚ ਰਸ ਜਾਂਦਾ ਹੈ।ਹੇ ਖੰਡਾਂ ਬ੍ਰਹਮੰਡਾਂ ਦੇ ਬੇਅੰਤ ਜੀਵਾਂ ਨੂੰ ਤਾਰਨ ਵਾਲੇ ਵਾਹਿਗੁਰੂ!।ਹੇ ਮੇਰੇ ਪਿਆਰੇ ਸੱਚੇ ਪ੍ਰਭੂ! ਤੇਰੀ ਸੋਭਾ ਤੈਨੂੰ ਹੀ ਬਣ ਆਉਂਦੀ ਹੈ (ਤੇਰੇ ਵਰਗਾ ਹੋਰ ਕੋਈ ਨਹੀਂ)।੧੨।

ਪਦਾਰਥ = ਹਉ–ਮੈਂ।ਜੀਵਾ–ਜਿਉਂਦਾ ਹਾਂ।ਸੁਣਿ ਸੁਣੇ–ਸੁਣ ਸੁਣ ਕੇ।ਪਸੂ–ਪਸ਼ੂ ਬਿਰਤੀ ਵਾਲੇ ਮਨੁੱਖ ਉਹ ਹਨ, ਜੋ ਮੂਰਖਤਾ ਕਰਕੇ ਚੰਗੇ ਮੰਦੇ ਦੀ ਪਛਾਣ ਨਹੀਂ ਕਰਦੇ ਅਤੇ ਪ੍ਰੇਤ ਬਿਰਤੀ ਵਾਲੇ ਉਹ ਮਨੁੱਖ ਹਨ, ਜਿਹੜੇ ਜਾਣ ਬੁੱਝ ਕੇ ਮਾੜਾ ਚਿਤਵਦੇ ਹਨ (ਸ਼ਬਦਾਰਥ)।ਉਧਾਰੇ–ਤਾਰਿਆ ਹੈ।ਖਣੇ–ਖਿਨ ਵਿਚ।ਰੈਣਿ–ਰਾਤ।ਵਿਕਰਾਲ–ਭਿਆਨਕ।ਨਾਇ ਤੇਰੈ–ਤੇਰੇ ਨਾਮ ਦੇ ਰਾਹੀਂ। ਧ੍ਰਾਪੀਐ–ਰੱਜ ਜਾਈਦਾ ਹੈ।ਵੰਞੈ–ਦੂਰ ਹੋ ਜਾਂਦਾ ਹੈ।ਮਨਿ–ਮਨ ਵਿਚ।ਲਾਲੁ–ਨਾਮ ਰੂਪ ਰਤਨ।ਸਬਦੀ–ਸ਼ਬਦ ਵਿਚ।ਰਸੈ–ਰਸ ਸਹਿਤ ਹੁੰਦਾ ਹੈ; ਅਨੰਦ ਲੈਂਦਾ ਹੈ।ਉਧਾਰਣਹਾਰਿਆ–ਹੇ ਤਾਰਨ ਵਾਲੇ ਪ੍ਰਭੂ!।ਤੁਧੁ–ਤੈਨੂੰ।ਸਚੇ–ਹੇ ਸੱਚੇ ਪ੍ਰਭੂ!।੧੨।

ਸਲੋਕ ਮਃ ੫ ॥ ਮਿਤ੍ਰੁ ਪਿਆਰਾ ਨਾਨਕ ਜੀ, ਮੈ ਛਡਿ ਗਵਾਇਆ, ਰੰਗਿ ਕੁਸੁੰਭੈ ਭੁਲੀ ॥ ਤਉ ਸਜਣ ਕੀ ਮੈ ਕੀਮ ਨ ਪਉਦੀ, ਹਉ ਤੁਧੁ ਬਿਨੁ ਅਢੁ ਨ ਲਹਦੀ ॥੧॥ ਹੇ ਨਾਨਕ ਜੀ! ਮੈਂ ਪਿਆਰਾ ਮਿਤ੍ਰ ਪ੍ਰਭੂ ਛਡ ਕੇ ਗਵਾ ਲਿਆ ਹੈ, (ਕਿਉਂਕਿ) ਮੈਂ ਕੁਸੁੰਭੇ ਦੇ ਕੱਚੇ ਰੰਗ ਵਾਂਗ ਨਾਸ਼ਵੰਤ ਮਾਇਆ ਵਿਚ ਲਗ ਕੇ ਭੁੱਲ (ਕੁਰਾਹੇ ਪੈ) ਗਈ ਸਾਂ।ਤੈਂ ਸੱਜਣ ਦੀ ਮੇਰੇ ਪਾਸੋਂ ਕੀਮਤ ਨਹੀਂ ਪੈ ਸਕੀ, ਤੇਰੇ ਬਿਨਾ ਮੈਂ ਅਪਣਾ ਅੱਧੀ ਦਮੜੀ ਮੁੱਲ ਵੀ ਨਹੀਂ ਲੈ ਸਕਦੀ (ਤੇਰੇ ਬਿਨਾ ਮੇਰੀ ਕੋਈ ਕੀਮਤ ਨਹੀਂ)।੧।

ਮਃ ੫ ॥ ਸਸੁ ਵਿਰਾਇਣਿ ਨਾਨਕ ਜੀਉ ,ਸਸੁਰਾ ਵਾਦੀ, ਜੇਠੋ ਪਉ ਪਉ ਲੂਹੈ ॥ ਹਭੇ ਭਸੁ ਪੁਣੇਦੇ ਵਤਨੁ ,ਜਾ ਮੈ ਸਜਣੁ ਤੂ ਹੈ ॥੨॥ ਹੇ ਨਾਨਕ ਜੀ! ਅਵਿਦਿਆ ਰੂਪ ਸੱਸ ਮੇਰੀ ਵੈਰਨ ਹੈ, ਅਗਿਆਨ ਰੂਪ ਸਹੁਰਾ ਝਗੜਾਲੂ ਹੈ ਅਤੇ ਜਮਰਾਜ ਰੂਪ ਜੇਠ ਪੈਰ ਪੈਰ (ਮੁੜ ਮੁੜ ਮੈਨੂੰ) ਸਾੜਦਾ ਹੈ।(ਪਰ ਹੇ ਵਾਹਿਗੁਰੂ!) ਜਦ ਤੂੰ ਮੇਰਾ ਮਿਤ੍ਰ ਹੈਂ, ਤਾਂ ਫਿਰ ਸਾਰੇ (ਸੱਸ, ਸਹੁਰਾ ਤੇ ਜੇਠ) ਸੁਆਹ ਛਾਣਦੇ ਫਿਰਨ (ਇਹ ਸਾਰੇ ਮੇਰਾ ਕੁਛ ਵਿਗਾੜ ਨਹੀਂ ਸਕਦੇ ਅਤੇ ਤੇਰੇ ਕਰਕੇ ਨਾ ਹੀ ਮੈਨੂੰ ਇਨ੍ਹਾਂ ਦੀ ਪ੍ਰਵਾਹ ਹੈ) ।੨।

ਪਦਾਰਥ = ਰੰਗਿ ਕੁਸੁੰਭੈ–ਕੁਸੁੰਭੇ ਦੇ ਰੰਗ ਵਿਚ (ਕੁਸੁੰਭੇ ਦੇ ਫੁੱਲ ਦਾ ਰੰਗ ਗੂੜ੍ਹਾ ਲਾਲ ਹੁੰਦਾ ਹੈ, ਪਰ ਦੋ ਚਾਰ ਦਿਨ ਬਾਦ ਫਿੱਕਾ ਪੈ ਜਾਂਦਾ ਹੈ।ਇਸੇ ਤਰ੍ਹਾਂ ਮਾਇਆ ਦੇ ਮਨ ਮੋਹਣੇ ਭੋਗ ਵੀ ਥੋੜੇ ਦਿਨਾਂ ਦੇ ਹੁੰਦੇ ਹਨ)।ਤਉ–ਤੈਂ; ਤੇਰੀ।ਕੀਮ–ਕੀਮਤ।ਨ ਪਉਦੀ–ਪੈ ਨਹੀਂ ਸਕੀ।ਹਉ–ਮੈਂ।ਤੁਧੁ ਬਿਨੁ–ਤੇਰੇ ਬਿਨਾ।ਅਢੁ–ਅੱਧੀ ਦਮੜੀ।ਨ ਲਹਦੀ–ਲੈ ਨਹੀਂ ਸਕਦੀ।੧।ਸਸੁ–ਅਵਿਦਿਆ। ਵਿਰਾਇਣਿ–ਵੈਰਨ।ਸਸੁਰਾ–ਅਗਿਆਨ ਰੂਪ ਸਹੁਰਾ; ਸਰੀਰ ਦਾ ਮੋਹ।ਵਾਦੀ–ਝਗੜਾਲੂ।ਜੇਠੋ–ਜਮਰਾਜ ਰੂਪ ਜੇਠ; ਮੌਤ ਦਾ ਡਰ। {ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ੪੮੨}।ਪਉ ਪਉ–ਪੈਰ ਪੈਰ ਤੇ (ਮੁੜ ਮੁੜ)।ਲੂਹੈ–ਸਾੜਦਾ (ਦੁਖੀ ਕਰਦਾ) ਹੈ।ਹਭੇ–ਸਾਰੇ ਹੀ।ਭਸੁ–ਸੁਆਹ।ਪੁਣੇਦੇ ਵਤਨੁ–ਪੁਣਦੇ (ਛਾਣਦੇ) ਫਿਰਨ।ਜਾ–ਜਦੋਂ।ਮੈ–ਮੇਰਾ।੨।

ਪਉੜੀ ॥ ਜਿਸੁ ਤੂ ਵੁਠਾ ਚਿਤਿ, ਤਿਸੁ ਦਰਦੁ ਨਿਵਾਰਣੋ ॥ ਜਿਸੁ ਤੂ ਵੁਠਾ ਚਿਤਿ, ਤਿਸੁ ਕਦੇ ਨ ਹਾਰਣੋ ॥ ਜਿਸੁ ਮਿਲਿਆ ਪੂਰਾ ਗੁਰੂ ,ਸੁ ਸਰਪਰ ਤਾਰਣੋ ॥ ਜਿਸ ਨੋ ਲਾਏ ਸਚਿ, ਤਿਸੁ ਸਚੁ ਸਮ੍ਾਲਣੋ ॥ ਜਿਸੁ ਆਇਆ ਹਥਿ ਨਿਧਾਨੁ ,ਸੋ ਰਹਿਆ ਭਾਲਣੋ ॥

ਜਿਸ ਨੋ ਇਕੋ ਰੰਗੁ ,ਭਗਤੁ ਸੁ ਜਾਨਣੋ ॥ ਓਹੁ ਸਭਨਾ ਕੀ ਰੇਣੁ ,ਬਿਰਹੀ ਚਾਰਣੋ ॥ ਸਭਿ ਤੇਰੇ ਚੋਜ ਵਿਡਾਣ, ਸਭੁ ਤੇਰਾ ਕਾਰਣੋ ॥੧੩॥ (ਹੇ ਪ੍ਰਭੂ!) ਜਿਸ ਮਨੁੱਖ ਦੇ ਚਿੱਤ ਵਿਚ ਤੂੰ ਆ ਵਸਿਆ ਹੈਂ, ਉਸ ਦਾ ਦੁੱਖ ਦਰਦ ਦੂਰ ਕਰ ਦਿਤਾ ਹੈਂ। ਜਿਸ ਦੇ ਚਿੱਤ ਵਿਚ ਤੂੰ ਵਸਿਆ ਹੈਂ, ਉਸ ਨੂੰ (ਜੀਵਨ ਵਿਚ) ਕਦੇ ਹਾਰ ਨਹੀਂ ਆਉਂਦੀ। ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲਿਆ ਹੈ, ਉਹ (ਭਵਜਲ ਤੋਂ) ਜਰੂਰ ਤਰ ਗਿਆ ਹੈ। ਜਿਸ ਮਨੁੱਖ ਨੂੰ (ਗੁਰੂ) ਸੱਚੇ ਨਾਮ ਵਿਚ ਲਾ ਦੇਂਦਾ ਹੈ, ਉਹ ਸੱਚੇ ਪ੍ਰਭੂ ਨੂੰ ਯਾਦ ਕਰਦਾ ਹੈ। ਜਿਸ ਦੇ ਮਨ ਰੂਪ ਹੱਥ ਵਿਚ ਨਾਮ ਦਾ ਖਜਾਨਾ ਆਇਆ ਹੈ, ਉਹ ਪਦਾਰਥਾਂ ਨੂੰ ਭਾਲਣ ਤੋਂ ਰਹਿ ਗਿਆ ਹੈ (ਉਸ ਨੂੰ ਸਭ ਕੁਝ ਮਿਲ ਗਿਆ ਹੈ)। ਜਿਸ ਮਨੁੱਖ ਨੂੰ ਇਕ ਪ੍ਰਭੂ ਦਾ ਪਿਆਰ ਹੈ, ਉਸ ਨੂੰ ਭਗਤ ਜਾਣੋ। (ਹੇ ਪ੍ਰਭੂ!) ਉਹ ਮਨੁੱਖ ਸਭ ਦੇ ਚਰਨਾਂ ਦੀ ਧੂੜ ਹੋ ਜਾਂਦਾ ਹੈ, ਜੋ ਤੇਰੇ ਚਰਨਾਂ ਦਾ ਪ੍ਰੇਮੀ ਹੈ। ਤੇਰੇ ਸਾਰੇ ਚੋਜ ਅਸਚਰਜ ਹਨ ਅਤੇ ਸਾਰਾ ਜਗਤ ਤੇਰਾ ਰਚਿਆ ਹੋਇਆ ਹੈ।੧੩।

ਪਦਾਰਥ = ਵੁਠਾ–ਆ ਵਸਿਆ ਹੈ। ਚਿਤਿ–ਚਿੱਤ ਵਿਚ। ਨਿਵਾਰਣੋ–ਦੂਰ ਕਰ ਦਿਤਾ ਹੈ। ਨ ਹਾਰਣੋ–ਹਾਰਦਾ ਨਹੀਂ। ਸੁ–ਉਹ। ਸਰਪਰ –ਜਰੂਰ। ਤਾਰਣੋ–ਤਰ ਗਿਆ ਹੈ। ਸਚਿ–ਸੱਚੇ ਨਾਮ ਵਿਚ। ਸਮ੍ਹਾਲਣੋ–ਯਾਦ ਕਰਦਾ ਹੈ; ਸੰਭਾਲ ਰਖਦਾ ਹੈ। ਜਿਸੁ ਹਥਿ–ਜਿਸ ਦੇ ਹੱਥ ਵਿਚ। ਨਿਧਾਨੁ–ਨਾਮ ਦਾ ਖਜਾਨਾ। ਰਹਿਆ ਭਾਲਣੋ–ਢੂੰਢਣ ਤੋਂ ਰਹਿ ਗਿਆ ਹੈ। ਇਕੋ ਰੰਗੁ–ਇਕ ਪ੍ਰਭੂ ਦਾ ਪਿਆਰ ਹੈ। ਜਾਨਣੋ–ਜਾਣੋ (ਸਮਝੋ)। ਰੇਣੁ–ਚਰਨ ਧੂੜ। ਬਿਰਹੀ–ਪ੍ਰੇਮੀ। ਚਾਰਣੋ–ਚਰਨਾਂ ਦਾ। ਵਿਡਾਣ–ਅਸਚਰਜ। ਕਾਰਣੋ–ਰਚਨਾ; ਖੇਲ।੧੩।

ਸਲੋਕ ਮਃ ੫ ॥ ਉਸਤਤਿ ਨਿੰਦਾ ਨਾਨਕ ਜੀ, ਮੈ ਹਭ ਵਞਾਈ, ਛੋੜਿਆ ਹਭੁ ਕਿਝੁ ਤਿਆਗੀ ॥ ਹਭੇ ਸਾਕ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ ॥੧॥ ਹੇ ਨਾਨਕ ਜੀ! ਮੈਂ (ਦੁਨੀਆਂ ਦੀ) ਉਸਤਤੀ ਤੇ ਨਿੰਦਿਆ ਸਭ ਛਡ ਦਿਤੀ ਹੈ ਅਤੇ ਹੋਰ ਵੀ ਸਭ ਕੁਛ ਤਿਆਗ ਛਡਿਆ ਹੈ। (ਜਦ) ਮੈਂ ਸਾਰੇ ਸਾਕ ਸਬੰਧੀ ਝੂਠੇ (ਸਾਥ ਨਾ ਨਿਭਣ ਵਾਲੇ) ਦੇਖੇ, ਤਾਂ ਮੈਂ ਤੇਰੇ ਪੱਲੇ ਆ ਲੱਗੀ ਹਾਂ।੧।

ਮਃ ੫ ਫਿਰਦੀ ਫਿਰਦੀ ਨਾਨਕ ਜੀਉ ,ਹਉ ਫਾਵੀ ਥੀਈ, ਬਹੁਤੁ ਦਿਸਾਵਰ ਪੰਧਾ ॥ ਤਾ ਹਉ ਸੁਖਿ ਸੁਖਾਲੀ ਸੁਤੀ, ਜਾ ਗੁਰ ਮਿਲਿ ਸਜਣੁ ਮੈ ਲਧਾ ॥੨॥ ਹੇ ਨਾਨਕ ਜੀ! ਬਹੁਤ ਦੇਸ਼ਾਂ ਦੇ ਰਸਤਿਆਂ ਵਿਚ ਫਿਰਦੀ ਫਿਰਦੀ ਮੈਂ ਵਿਆਕੁਲ ਹੋ ਗਈ ਹਾਂ; ਬਹੁਤ ਜੋਨੀਆਂ ਵਿਚ ਭਟਕਦੀ ਭਟਕਦੀ ਥੱਕ ਗਈ ਹਾਂ (ਫ.ਸ.; ਸੰ.ਸ.; ਟਕਸਾਲ)। ਜਦੋਂ ਮੈਂ ਗੁਰੂ ਨੂੰ ਮਿਲ ਕੇ ਸੱਜਣ ਪ੍ਰਭੂ ਨੂੰ ਲੱਭ ਲਿਆ, ਤਦ ਮੈ ਸੁਖ ਨਾਲ ਸੌਖੀ ਹੋ ਕੇ ਸੌਂ ਗਈ (ਭਟਕਣਾ ਮੁੱਕ ਗਈ ਤੇ ਅਨੰਦ ਬਣ ਗਿਆ)।੨।

ਪਦਾਰਥ = ਉਸਤਤਿ–ਵਡਿਆਈ। ਵਞਾਈ–ਛਡ ਦਿਤੀ ਹੈ; ਗਵਾ ਦਿਤੀ ਹੈ। ਹਭੁ ਕਿਝੁ–ਸਭ ਕੁਛ। ਤਿਆਗੀ–ਛਡ ਦਿਤਾ ਹੈ; ਤਿਆਗੀ ਬਣ ਗਈ ਹਾਂ। ਹਭੇ–ਸਾਰੇ। ਸਾਕ–ਸਬੰਧੀ। ਕੂੜਾਵੇ–ਝੂਠੇ। ਪਲੈ ਤੈਡੈ–ਤੇਰੇ ਲੜ। ਲਾਗੀ–ਆ ਲੱਗੀ ਹਾਂ।੧। ਹਉ–ਮੈਂ। ਫਾਵੀ ਥੀਈ–ਵਿਆਕੁਲ ਹੋ ਗਈ ਹਾਂ; ਥੱਕ ਕੇ ਅੱਕ ਗਈ ਹਾਂ। ਦਿਸਾਵਰ ਪੰਧਾ–ਦੇਸ਼ਾਂ ਪ੍ਰਦੇਸ਼ਾਂ (ਜੋਨੀਆਂ) ਦੇ ਰਸਤਿਆਂ ਵਿਚ। ਤਾ–ਤਦ। ਸੁਖਿ–ਸੁਖ ਨਾਲ। ਸੁਖਾਲੀ–ਸੌਖੀ। ਜਾ–ਜਦੋਂ। ਸਜਣੁ–ਪ੍ਰਭੂ ਮਿਤ੍ਰ। ਲਧਾ–ਲੱਭ ਲਿਆ।੨।

ਅੰਗ ੯੬੪ = ਪਉੜੀ ॥ ਸਭੇ ਦੁਖ ਸੰਤਾਪ, ਜਾਂ ਤੁਧਹੁ ਭੁਲੀਐ ॥ ਜੇ ਕੀਚਨਿ ਲਖ ਉਪਾਵ, ਤਾਂ ਕਹੀ ਨ ਘੁਲੀਐ ॥ ਜਿਸ ਨੋ ਵਿਸਰੈ ਨਾਉ ,ਸੁ ਨਿਰਧਨੁ ਕਾਂਢੀਐ ॥ ਜਿਸ ਨੋ ਵਿਸਰੈ ਨਾਉ ,ਸੋ ਜੋਨੀ ਹਾਂਢੀਐ ॥ ਜਿਸੁ ਖਸਮੁ ਨ ਆਵੈ ਚਿਤਿ, ਤਿਸੁ ਜਮੁ ਡੰਡੁ ਦੇ ॥ ਜਿਸੁ ਖਸਮੁ ਨ ਆਵੀ ਚਿਤਿ, ਰੋਗੀ ਸੇ ਗਣੇ ॥ ਜਿਸੁ ਖਸਮੁ ਨ ਆਵੀ ਚਿਤਿ, ਸੁ ਖਰੋ ਅਹੰਕਾਰੀਆ ॥ ਸੋਈ ਦੁਹੇਲਾ ਜਗਿ, ਜਿਨਿ ਨਾਉ ਵਿਸਾਰੀਆ ॥੧੪॥ (ਹੇ ਪ੍ਰਭੂ!) ਜਦੋਂ ਤੇਰੇ ਨਾਮ ਤੋਂ ਭੁੱਲ ਜਾਈਏ, ਤਾਂ ਸਾਰੇ ਸਰੀਰਕ ਦੁਖ ਤੇ ਮਾਨਸਕ ਦੁਖ ਆ ਲਗਦੇ ਹਨ। ਜੇ ਲੱਖਾਂ ਜਤਨ ਕੀਤੇ ਜਾਣ, ਤਾਂ ਕਿਸੇ ਵੀ ਜਤਨ ਨਾਲ (ਦੁੱਖ ਸੰਤਾਪ ਤੋਂ) ਛੁੱਟ ਨਹੀਂ ਸਕੀਦਾ। ਜਿਸ ਮਨੁੱਖ ਨੂੰ ਹਰੀ ਦਾ ਨਾਮ ਭੁੱਲ ਜਾਵੇ, ਉਹ ਕੰਗਾਲ ਕਿਹਾ ਜਾਂਦਾ ਹੈ। ਜਿਸ ਮਨੁੱਖ ਨੂੰ ਹਰੀ ਦਾ ਨਾਮ ਭੁੱਲ ਜਾਵੇ, ਉਹ ਅਨੇਕਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਜਿਸ ਮਨੁੱਖ ਨੂੰ ਮਾਲਕ ਪ੍ਰਭੂ ਚੇਤੇ ਨਹੀਂ ਆਉਂਦਾ, ਉਸ ਨੂੰ ਜਮ ਦੰਡ ਦੇਂਦਾ ਹੈ। ਜਿਸ ਨੂੰ ਮਾਲਕ ਪ੍ਰਭੂ ਚੇਤੇ ਨਹੀਂ ਆਉਂਦਾ, (ਇਹੋ ਜਿਹੇ) ਉਹ ਮਨੁੱਖ ਰੋਗੀ ਗਿਣੇ ਜਾਂਦੇ ਹਨ। ਜਿਸ ਨੂੰ ਮਾਲਕ ਚੇਤੇ ਨਹੀਂ ਆਉਂਦਾ, ਉਹ ਵੱਡਾ ਹੰਕਾਰੀ ਹੈ। ਉਹ ਹੀ ਮਨੁੱਖ ਜਗਤ ਵਿਚ ਦੁਖੀ ਹੁੰਦਾ ਹੈ, ਜਿਸ ਨੇ ਪ੍ਰਭੂ ਦਾ ਨਾਮ ਭੁਲਾ ਦਿਤਾ ਹੈ।੧੪।

ਪਦਾਰਥ = ਸੰਤਾਪ–ਮਨ ਦੇ ਦੁਖ; ਰੋਗ। ਜਾਂ–ਜਦੋਂ। ਤੁਧਹੁ–ਤੇਰੇ ਤੋਂ। ਕੀਚਨਿ–ਕੀਤੇ ਜਾਣ। ਉਪਾਵ–ਜਤਨ। ਕਹੀ–ਕਿਸੇ ਤਰ੍ਹਾਂ ਵੀ। ਨ ਘੁਲੀਐ–ਛੁਟ ਨਹੀਂ ਸਕੀਦਾ। ਵਿਸਰੈ–ਭੁੱਲ ਜਾਵੇ। ਸੁ–ਉਹ। ਨਿਰਧਨੁ–ਕੰਗਾਲ। ਹਾਂਢੀਐ–ਭਟਕਦਾ ਹੈ। ਕਾਂਢੀਐ–ਕਿਹਾ ਜਾਂਦਾ ਹੈ। ਖਸਮੁ–ਮਾਲਕ ਪ੍ਰਭੂ। ਨ ਆਵੈ ਚਿਤਿ–ਚੇਤੇ ਨਹੀਂ ਆਉਂਦਾ। ਤਿਸੁ–ਉਸ ਨੂੰ। ਡੰਡੁ–ਸਜਾ। ਦੇ–ਦੇਂਦਾ ਹੈ। ਸੇ–ਉਹ। ਗਣੇ–ਗਿਣੇ ਜਾਂਦੇ ਹਨ। ਖਰੋ–ਵੱਡਾ। ਸੋਈ–ਉਹ। ਦੁਹੇਲਾ–ਦੁਖੀ। ਜਗਿ–ਜਗਤ ਵਿਚ। ਜਿਨਿ–ਜਿਸ ਨੇ। ਵਿਸਾਰੀਆ–ਭੁਲਾ ਦਿਤਾ ਹੈ।੧੪।

ਸਲੋਕ ਮਃ ੫ ॥ ਤੈਡੀ ਬੰਦਸਿ ਮੈ ਕੋਇ ਨ ਡਿਠਾ, ਤੂ ਨਾਨਕ ਮਨਿ ਭਾਣਾ ॥ ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ, ਜੈ ਮਿਲਿ ਕੰਤੁ

ਪਛਾਣਾ ॥੧॥ ਹੇ ਪ੍ਰਭੂ! ਤੇਰੇ ਵਰਗਾ ਮੈਂ ਕੋਈ ਨਹੀਂ ਦੇਖਿਆ {ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ੮੫੮}; ਤੈਨੂੰ ਰੁਕਾਵਟ ਪਾਉਣ ਵਾਲਾ ਮੈਂ ਦੁਨੀਆਂ ਵਿਚ ਕੋਈ ਨਹੀਂ ਦੇਖਿਆ, ਤੂੰ ਨਾਨਕ ਦੇ ਮਨ ਵਿਚ ਪਿਆਰਾ ਲਗਦਾ ਹੈਂ। ਮੈਂ ਉਸ ਵਿਚੋਲੇ ਮਿਤ੍ਰ ਗੁਰੂ ਤੋਂ ਵਾਰਨੇ ਜਾਂਦੀ ਹਾਂ, ਜਿਸ (ਗੁਰੂ ਵਿਚੋਲੇ) ਨੂੰ ਮਿਲ ਕੇ ਮੈਂ ਅਪਣੇ ਪਤੀ ਪ੍ਰਮਾਤਮਾ ਨੂੰ ਪਛਾਣਿਆ ਹੈ।੧।

ਮਃ ੫ ॥ ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ, ਸੀਸੁ ਸੁਹਾਵਾ ਚਰਣੀ ॥ ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ, ਜੀਉ ਪਇਆ ਤਉ ਸਰਣੀ ॥੨॥ (ਹੇ ਪ੍ਰਭੂ!) ਪੈਰ ਤਦ ਹੀ ਸੋਹਣੇ ਲਗਦੇ ਹਨ, ਜਦੋਂ ਇਹ ਤੇਰੇ ਪਾਸੇ ਵੱਲ ਚਲਦੇ ਹਨ ਅਤੇ ਸਿਰ ਤਦ ਸੋਹਣਾ ਲਗਦਾ ਹੈ, ਜਦੋਂ ਤੇਰੇ ਚਰਨਾਂ ਵਿਚ ਜਾ ਡਿਗਦਾ ਹੈ। ਮੂੰਹ ਤਦ ਸੋਹਣਾ ਲਗਦਾ ਹੈ, ਜਦੋਂ ਤੇਰਾ ਜਸ ਗਾਉਂਦਾ ਹੈ, ਮਨ ਤਦ ਸੋਹਣਾ ਲਗਦਾ ਹੈ, ਜੇ (ਮਨ) ਤੇਰੀ ਸਰਣ ਵਿਚ ਪਿਆ ਰਹੇ (ਤੇਰਾ ਆਸਰਾ ਪਕੜੇ)।੨।

ਪਦਾਰਥ = ਤੈਡੀ–ਤੇਰੇ। ਬੰਦਸਿ–ਵਰਗਾ; ਬਰਾਬਰ ਦਾ। ਨ ਡਿਠਾ–ਨਹੀਂ ਦੇਖਿਆ। ਨਾਨਕ ਮਨਿ–ਨਾਨਕ ਦੇ ਮਨ ਵਿਚ। ਭਾਣਾ–ਚੰਗਾ ਲਗਦਾ ਹੈਂ; ਪਿਆਰਾ ਲਗਦਾ ਹੈਂ। ਘੋਲਿ ਘੁਮਾਈ–ਵਾਰਨੇ ਜਾਂਦਾ ਹਾਂ। ਜੈ ਮਿਲਿ–ਜਿਸ ਨੂੰ ਮਿਲ ਕੇ। ਕੰਤੁ–ਪਤੀ।੧। ਪਾਵ–ਪੈਰ। ਸੁਹਾਵੇ–ਸੋਹਣੇ। ਜਾਂ–ਜਦੋਂ। ਤਉ ਧਿਰਿ–ਤੇਰੇ ਪਾਸੇ ਵੱਲ। ਜੁਲਦੇ–ਚਲਦੇ (ਤੁਰਦੇ) ਹਨ। ਮੁਖੁ–ਮੂੰਹ। ਜੀਉ–ਮਨ; ਜਿੰਦ।੨।

ਪਉੜੀ ॥ ਮਿਲਿ ਨਾਰੀ ਸਤਸੰਗਿ, ਮੰਗਲੁ ਗਾਵੀਆ ॥ ਘਰ ਕਾ ਹੋਆ ਬੰਧਾਨੁ ,ਬਹੁੜਿ ਨ ਧਾਵੀਆ ॥ ਬਿਨਠੀ ਦੁਰਮਤਿ ਦੁਰਤੁ ,ਸੋਇ ਕੂੜਾਵੀਆ ॥ ਸੀਲਵੰਤਿ ਪਰਧਾਨਿ, ਰਿਦੈ ਸਚਾਵੀਆ ॥ ਅੰਤਰਿ ਬਾਹਰਿ ਇਕੁ ,ਇਕ ਰੀਤਾਵੀਆ ॥ ਮਨਿ ਦਰਸਨ ਕੀ ਪਿਆਸ, ਚਰਣ ਦਾਸਾਵੀਆ ॥ ਸੋਭਾ ਬਣੀ ਸੀਗਾਰੁ ,ਖਸਮਿ ਜਾਂ ਰਾਵੀਆ ॥ ਮਿਲੀਆ ਆਇ ਸੰਜੋਗਿ, ਜਾਂ ਤਿਸੁ ਭਾਵੀਆ ॥੧੫॥ (ਜਿਸ) ਜੀਵ ਰੂਪ ਇਸਤ੍ਰੀ ਨੇ ਸਤਸੰਗਤ ਵਿਚ ਮਿਲ ਕੇ (ਪ੍ਰਭੂ ਦਾ ਜਸ ਰੂਪ) ਮੰਗਲ ਗਾਇਆ ਹੈ। (ਉਸ ਦੇ) ਸਰੀਰ ਘਰ ਦਾ ਚੰਗਾ ਪ੍ਰਬੰਧ ਹੋ ਗਿਆ ਹੈ, ਮੁੜ ਕੇ (ਉਸ ਦਾ) ਮਨ ਦੌੜਦਾ ਨਹੀਂ (ਮਨ ਟਿਕ ਗਿਆ)। ਪਾਪ ਕਰਮ ਕਰਾਉਣ ਵਾਲੀ ਖੋਟੀ ਮੱਤ ਅਤੇ ਝੂਠੀ ਸੋਭਾ (ਉਸ ਦੀ) ਨਾਸ਼ ਹੋ ਗਈ ਹੈ। ਉਹ ਸੀਲ ਸੁਭਾਵ ਵਾਲੀ ਦਾਨੀ ਪ੍ਰਧਾਨੀ ਬਣ ਗਈ ਹੈ, (ਕਿਉਂਕਿ ਉਸ ਦੇ) ਹਿਰਦੇ ਵਿਚ ਸਚਾ ਨਾਮ ਵਸ ਗਿਆ ਹੈ। (ਉਹ ਅਪਣੇ ਹਿਰਦੇ) ਅੰਦਰ ਤੇ ਬਾਹਰ ਇਕ ਪ੍ਰਭੂ ਨੂੰ ਜਾਣਦੀ ਹੈ, ਇਕ ਹੀ (ਉਸ ਦੇ ਜੀਵਨ ਦੀ) ਮਰਿਆਦਾ ਬਣ ਗਈ ਹੈ। (ਉਸ ਦੇ) ਮਨ ਵਿਚ (ਪਤੀ ਪ੍ਰਮੇਸ਼ਰ ਦੇ) ਦਰਸ਼ਨ ਦੀ ਪਿਆਸ ਹੈ, (ਇਸੇ ਕਰਕੇ ਉਹ ਪ੍ਰਭੂ ਦੇ) ਚਰਨਾਂ ਦੀ ਦਾਸ ਬਣੀ ਹੋਈ ਹੈ। ਜਦੋਂ (ਉਸ ਜੀਵ ਇਸਤ੍ਰੀ ਨੂੰ) ਪਤੀ ਪ੍ਰਮੇਸਰ ਨੇ ਭੋਗਿਆ, ਤਾਂ (ਉਸ ਦੀ ਦੁਨੀਆਂ ਵਿਚ) ਸੋਭਾ ਬਣ ਗਈ ਅਤੇ (ਦੈਵੀ ਗੁਣਾਂ ਦਾ ਕੀਤਾ) ਸ਼ਿੰਗਾਰ ਸਫਲ ਹੋ ਗਿਆ ਹੈ। ਜਦੋਂ (ਉਹ ਜੀਵ ਇਸਤ੍ਰੀ) ਉਸ ਪਤੀ ਪ੍ਰਭੂ ਨੂੰ ਚੰਗੀ ਲਗੀ, (ਤਾਂ ਉਸ ਦੇ) ਚੰਗੇ ਸੰਜੋਗ ਕਰਕੇ (ਉਸ ਨੂੰ ਪਤੀ ਪ੍ਰਮੇਸਰ) ਆ ਮਿਲਿਆ ਹੈ।੧੫।

ਪਦਾਰਥ = ਮਿਲਿ–ਮਿਲ ਕੇ। ਨਾਰੀ–ਜੀਵ ਇਸਤ੍ਰੀ ਨੇ। ਮੰਗਲੁ–ਪ੍ਰਭੂ ਦੀ ਸਿਫਤ ਸਲਾਹ ਦਾ ਗੀਤ। ਘਰ ਕਾ–ਸਰੀਰ ਘਰ ਦਾ। ਬੰਧਾਨੁ–ਬੰਨ੍ਹਿਆ ਹੋਇਆ ਨਿਯਮ; ਪ੍ਰਬੰਧ; ਵਿਧਾਨ (ਤਰੀਕਾ); ਮਰਿਆਦਾ। ਬਹੁੜਿ–ਮੁੜ ਕੇ। ਨ ਧਾਵੀਆ–ਦੌੜਦਾ ਨਹੀਂ। ਬਿਨਠੀ –ਨਾਸ਼ ਹੋ ਗਈ। ਦੁਰਮਤਿ ਦੁਰਤੁ–ਪਾਪ ਕਰਮ ਕਰਾਉਣ ਵਾਲੀ ਖੋਟੀ ਮੱਤ। ਸੋਇ ਕੂੜਾਵੀਆ–ਝੂਠੀ ਸੋਭਾ। ਸੀਲਵੰਤਿ–ਚੰਗੇ ਸੁਭਾਉ ਵਾਲੀ; ਅਚਾਰਵੰਤ। ਪਰਧਾਨਿ–ਮੁਖੀ। ਰਿਦੈ ਸਚਾਵੀਆ–ਹਿਰਦੇ ਵਿਚ ਸੱਚਾ ਨਾਮ ਵਸ ਗਿਆ; ਸੱਚੇ ਹਿਰਦੇ ਵਾਲੀ ਬਣ ਗਈ ਹੈ। ਅੰਤਰਿ–ਸਰੀਰ ਦੇ ਅੰਦਰ। ਰੀਤਾਵੀਆ–ਰੀਤੀ; ਮਰਿਆਦਾ। ਮਨਿ–ਮਨ ਵਿਚ। ਦਾਸਾਵੀਆ–ਦਾਸੀ। ਖਸਮਿ–ਪਤੀ ਨੇ। ਜਾਂ–ਜਦੋਂ। ਰਾਵੀਆ–ਭੋਗਿਆ (ਨਾਲ ਮਿਲਾ ਲਿਆ)। ਸੰਜੋਗਿ–ਚੰਗੇ ਸੰਜੋਗਾਂ ਕਰਕੇ। ਤਿਸੁ–ਉਸ ਪ੍ਰਭੂ ਨੂੰ। ਭਾਵੀਆ–ਚੰਗੀ ਲੱਗੀ।੧੫।

ਸਲੋਕ ਮਃ ੫ ॥ ਹਭਿ ਗੁਣ ਤੈਡੇ ਨਾਨਕ ਜੀਉ ,ਮੈ ਕੂ ਥੀਏ, ਮੈ ਨਿਰਗੁਣ ਤੇ ਕਿਆ ਹੋਵੈ ॥ ਤਉ ਜੇਵਡੁ ਦਾਤਾਰੁ ਨ ਕੋਈ, ਜਾਚਕੁ ਸਦਾ ਜਾਚੋਵੈ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ ਜੀਉ! ਤੇਰੇ ਬਖਸ਼ੇ ਹੋਏ ਸਾਰੇ ਗੁਣ ਮੈਨੂੰ ਪ੍ਰਾਪਤ ਹੋਏ ਹਨ, (ਵਰਨਾ) ਮੈਂ ਗੁਣਹੀਣ ਤੋਂ ਕੀ ਹੋ ਸਕਦਾ ਹੈ? (ਮੈ ਆਪ ਕੁਛ ਹਾਸਲ ਨਹੀਂ ਕਰ ਸਕਦਾ)। ਤੇਰੇ ਜਿਤਨਾ ਵੱਡਾ ਕੋਈ ਦਾਤਾਰ ਨਹੀਂ ਹੈ, ਮੈਂ ਮੰਗਤਾ ਸਦਾ (ਤੇਰੇ ਪਾਸੋਂ ਹੀ ਸਭ ਕੁਛ) ਮੰਗਦਾ ਹਾਂ।੧।

ਮਃ ੫ ॥ ਦੇਹ ਛਿਜੰਦੜੀ ਊਣ ਮਝੂਣਾ, ਗੁਰਿ ਸਜਣਿ ਜੀਉ ਧਰਾਇਆ ॥ ਹਭੇ ਸੁਖ ਸੁਹੇਲੜਾ ਸੁਤਾ, ਜਿਤਾ ਜਗੁ ਸਬਾਇਆ ॥੨॥ (ਹੇ ਭਾਈ!) ਸਰੀਰ ਕਮਜੋਰ ਹੁੰਦਾ ਜਾ ਰਿਹਾ ਹੈ, ਮੇਰਾ ਮਨ ਉਦਾਸ ਤੇ ਮੁਰਝਾਇਆ ਹੋਇਆ ਸੀ, ਗੁਰੂ ਮਿੱਤ੍ਰ ਨੇ ਮੇਰੇ ਮਨ ਨੂੰ ਹੌਸਲਾ ਧਰਾਇਆ (ਧੀਰਜ ਦਿਤਾ ਕਿ ਗੁਰੂ ਤੇਰੇ ਅੰਗ ਸੰਗ ਹੈ। ਇਸ ਕਰਕੇ ਮੈਨੂੰ) ਸਾਰੇ ਸੁਖ ਮਿਲ ਗਏ ਹਨ, (ਹੁਣ) ਮੈਂ ਸੁੱਖ ਦੀ ਨੀਂਦ ਸੌਂ ਗਿਆ ਹਾਂ (ਨਿਸਚਿੰਤ ਹੋ ਗਿਆ ਹਾਂ, ਅਤੇ ਇਉਂ ਜਾਪਦਾ ਹੈ ਕਿ ਜਿਵੇਂ) ਮੈਂ ਸਾਰਾ ਜਗਤ ਜਿੱਤ ਲਿਆ ਹੈ।੨।

ਪਦਾਰਥ = ਹਭਿ–ਸਾਰੇ। ਤੈਡੇ–ਤੇਰੇ। ਜੀਉ–ਹੇ ਪ੍ਰਭੂ ਜੀ!। ਮੈ ਕੂ–ਮੈਨੂੰ। ਥੀਏ–ਥਿਆਏ (ਮਿਲੇ; ਪ੍ਰਾਪਤ ਹੋਏ) ਹਨ। ਤੇ–ਤੋਂ। ਕਿਆ

ਹੋਵੈ–ਕੀ ਹੋ ਸਕਦਾ ਹੈ? ਤਉ ਜੇਵਡ–ਤੇਰੇ ਜਿੰਨਾ ਵੱਡਾ। ਜਾਚਕੁ–ਮੰਗਤਾ। ਜਾਚੋਵੈ–ਮੰਗਦਾ ਹੈ।੧। ਦੇਹ–ਸਰੀਰ। ਛਿਜੰਦੜੀ–ਘਟਦੀ (ਕਮਜੋਰ ਹੁੰਦੀ) ਜਾ ਰਹੀ ਹੈ। ਊਣ ਮਝੂਣਾ–ਉਦਾਸ ਤੇ ਮੁਰਝਾਇਆ ਮਨ (ਮ.ਕੋ.)। ਗੁਰਿ ਸਜਣਿ–ਗੁਰੂ ਮਿੱਤ੍ਰ ਨੇ। ਜੀਉ ਧਰਾਇਆ –ਮਨ ਨੂੰ ਧੀਰਜ ਦਿਤਾ। ਹਭੇ–ਸਾਰੇ। ਸੁਹੇਲੜਾ–ਸੌਖਾ; ਸੁਖਦਾਈ। ਜਿਤਾ–ਜਿੱਤ ਲਿਆ। ਜਗੁ–ਜਗਤ। ਸਬਾਇਆ–ਸਾਰਾ।੨।

ਨੋਟ = ਦਰਪਣ ਤੇ ਨਿਰਣੈ ਨੇ ਪਾਠ 'ਊਣਮ ਝੂਣਾ' ਲਿਖਿਆ ਹੈ। ਟਕਸਾਲ, ਮ. ਕੋ. ਅਤੇ ਫ. ਸ. ਨੇ ਪਾਠ 'ਊਣ ਮਝੂਣਾ' ਲਿਖਿਆ ਹੈ। ਸ. ਸ. ਨੇ ਪਾਠ 'ਊਣਮਝੂਣਾ' ਕੱਠਾ ਲਿਖਿਆ ਹੈ (ਸਭ ਨੇ ਅਰਥ ਮਿਲਦਾ ਜੁਲਦਾ ਹੀ ਕੀਤਾ ਹੈ)।

ਪਉੜੀ ॥ ਵਡਾ ਤੇਰਾ ਦਰਬਾਰੁ ,ਸਚਾ ਤੁਧੁ ਤਖਤੁ ॥ ਸਿਰਿ ਸਾਹਾ ਪਾਤਸਾਹੁ ,ਨਿਹਚਲੁ ਚਉਰੁ ਛਤੁ ॥ ਜੋ ਭਾਵੈ ਪਾਰਬ੍ਰਹਮ, ਸੋਈ ਸਚੁ ਨਿਆਉ ॥ ਜੇ ਭਾਵੈ ਪਾਰਬ੍ਰਹਮ, ਨਿਥਾਵੇ ਮਿਲੈ ਥਾਉ ॥ ਜੋ ਕੀਨ੍ਹੀ ਕਰਤਾਰਿ, ਸਾਈ ਭਲੀ ਗਲ ॥ ਜਿਨ੍ਹੀ ਪਛਾਤਾ ਖਸਮੁ ,ਸੇ ਦਰਗਾਹ ਮਲ ॥ ਸਹੀ ਤੇਰਾ ਫੁਰਮਾਨੁ ,ਕਿਨੈ ਨ ਫੇਰੀਐ ॥ ਕਾਰਣ ਕਰਣ ਕਰੀਮ, ਕੁਦਰਤਿ ਤੇਰੀਐ ॥੧੯॥ (ਹੇ ਸੱਚੇ ਪਾਤਸ਼ਾਹ!) ਤੇਰਾ ਦਰਬਾਰ ਵੱਡਾ ਹੈ ਅਤੇ ਤੇਰਾ ਤਖਤ ਸੱਚਾ ਹੈ। ਤੂੰ ਦੁਨੀਆਂ ਦੇ ਸ਼ਾਹਾਂ ਦੇ ਸਿਰ ਉਤੇ ਪਾਤਸ਼ਾਹ ਹੈਂ ਅਤੇ ਤੇਰਾ ਚਵਰ ਤੇ ਛਤਰ ਅਟੱਲ (ਸਦਾ ਕਾਇਮ ਰਹਿਣ ਵਾਲਾ) ਹੈ। (ਹੇ ਭਾਈ!) ਜੋ ਪਾਰਬ੍ਰਹਮ ਨੂੰ ਚੰਗਾ ਲਗਦਾ ਹੈ, ਉਹ ਹੀ ਸੱਚਾ ਨਿਆਉਂ ਹੈ। ਜੇ ਪ੍ਰਭੂ ਨੂੰ ਚੰਗਾ ਲੱਗੇ ਤਾਂ ਨਿਥਾਵਿਆਂ ਨੂੰ (ਪ੍ਰਭੂ ਦੇ ਚਰਨਾਂ ਵਿਚ) ਥਾਂ ਮਿਲ ਜਾਂਦਾ ਹੈ। ਜੋ ਕਰਤਾਰ ਨੇ ਕੀਤੀ ਹੈ, ਉਹ ਹੀ ਭਲੀ ਗੱਲ ਹੈ। ਜਿਨ੍ਹਾਂ ਨੇ ਮਾਲਕ ਨੂੰ ਪਛਾਣਿਆ ਹੈ, ਉਹ ਦਰਗਾਹ ਨੂੰ ਜਾ ਮੱਲਦੇ ਹਨ (ਹਰੀ ਦੇ ਦਰਬਾਰ ਵਿਚ ਥਾਂ ਹਾਸਲ ਕਰ ਲੈਂਦੇ ਹਨ); ਦਰਗਾਹ ਦੇ ਭਲਵਾਨ ਹਨ। (ਹੇ ਪ੍ਰਭੂ!) ਤੇਰਾ ਫੁਰਮਾਨ ਸਹੀ ਹੈ, (ਇਹ) ਕਿਸੇ ਜੀਵ ਪਾਸੋਂ ਮੋੜਿਆ ਨਹੀਂ ਜਾ ਸਕਦਾ। ਹੇ ਸਾਰੇ ਕਾਰਨਾਂ ਦੇ ਕਰਨ ਵਾਲੇ ਅਤੇ ਜੀਵਾਂ ਉਤੇ ਬਖਸ਼ਿੰਸ ਕਰਨ ਵਾਲੇ ਪ੍ਰਭੂ! ਸਾਰੀ ਕੁਦਰਤ ਤੇਰੀ ਸਿਰਜੀ ਹੋਈ ਹੈ।੧੯।

ਪਦਾਰਥ = ਤੁਧੁ–ਤੇਰਾ। ਸਿਰਿ–ਸਿਰ ਉਤੇ। ਨਿਹਚਲੁ–ਅਟੱਲ ਹੈ। ਚਉਰੁ–ਚੌਰ। ਛਤੁ–ਛਤਰ। ਭਾਵੈ–ਚੰਗਾ ਲਗਦਾ ਹੈ। ਸੋਈ–ਉਹ ਹੀ। ਕਰਤਾਰਿ–ਕਰਤਾਰ ਨੇ। ਸਾਈ–ਉਹ ਹੀ। ਭਲੀ–ਚੰਗੀ। ਜਿਨ੍ਹੀ–ਜਿਨ੍ਹਾਂ ਨੇ। ਸੇ–ਉਹ। ਦਰਗਾਹ ਮਲ–ਦਰਗਾਹ ਦੇ ਭਲਵਾਨ; ਦਰਗਾਹ ਨੂੰ ਜਾ ਮੱਲਦੇ ਹਨ। ਸਹੀ–ਸੱਚਾ। ਕਿਨੈ–ਕਿਸੇ ਪਾਸੋਂ। ਨ ਫੇਰੀਐ–ਮੋੜਿਆ (ਟਾਲਿਆ) ਨਹੀਂ ਜਾ ਸਕਦਾ। ਕਾਰਣ ਕਰਣ– ਹੇ ਕਾਰਨਾਂ ਦੇ ਕਰਨ ਵਾਲੇ ਪ੍ਰਭੂ!। ਕਰੀਮ–ਹੇ ਬਖਸ਼ਿਸ਼ ਕਰਨ ਵਾਲੇ ਪ੍ਰਭੂ!। ਕੁਦਰਤਿ–ਰਚਨਾਂ ਕਰਨ ਵਾਲੀ ਸ਼ਕਤੀ।੧੯।

ਸਲੋਕ ਮਃ ੫ ॥ ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ, ਨਾਮੁ ਜਪੰਦੜੀ ਲਾਲੀ ॥ ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ, ਗੁਰ ਦਰਸਨੁ ਦੇਖਿ ਨਿਹਾਲੀ ॥੧॥ (ਹੇ ਭਾਈ!) ਗੁਰੂ ਦੀ ਸੋਭਾ ਸੁਣਦਿਆਂ ਮੇਰਾ ਸਰੀਰ ਤੇ ਮਨ ਖਿੜ ਗਿਆ ਅਤੇ (ਗੁਰੂ ਪਾਸੋਂ ਪ੍ਰਾਪਤ ਹੋਇਆ) ਨਾਮ ਜਪਦਿਆਂ ਖੁਸ਼ੀ ਦੀ ਲਾਲੀ ਚੜ੍ਹ ਗਈ ਹੈ। (ਗੁਰੂ ਦੇ ਦੱਸੇ) ਰਸਤੇ ਤੇ ਚਲਦਿਆਂ ਮੇਰਾ ਹਿਰਦਾ ਠੰਢਾਂ ਠਾਰ (ਸ਼ਾਂਤ) ਹੋ ਗਿਆ ਹੈ ਅਤੇ ਗੁਰੂ ਦੇ ਦਰਸ਼ਨ ਦੇਖ ਕੇ ਮੈਂ ਨਿਹਾਲ ਹੋ ਗਈ ਹਾਂ।੧।

ਮਃ ੫ ॥ ਹਠ ਮੰਝਾਹੂ ,ਮੈ ਮਾਣਕੁ ਲਧਾ ॥ ਮੁਲਿ ਨ ਘਿਧਾ, ਮੈ ਕੂ ਸਤਿਗੁਰਿ ਦਿਤਾ ॥ ਢੂੰਢ ਵਞਾਈ, ਥੀਆ ਥਿਤਾ ॥ ਜਨਮੁ ਪਦਾਰਥੁ ,ਨਾਨਕ ਜਿਤਾ ॥੨॥(ਹੇ ਭਾਈ! ਅਪਣੇ) ਹਿਰਦੇ ਵਿਚੋਂ ਹੀ ਮੈਂ ਮਾਣਕ ਰੂਪ ਪ੍ਰਮੇਸਰ ਲੱਭ ਲਿਆ ਹੈ। ਮੈਂ (ਇਹ ਰਤਨ) ਮੁੱਲ ਦੇ ਕੇ ਨਹੀਂ ਲਿਆ, ਮੈਨੂੰ (ਇਹ ਰਤਨ) ਸਤਿਗੁਰੂ ਨੇ ਦਿਤਾ ਹੈ। (ਹੁਣ ਮੇਰੀ ਪ੍ਰਭੂ ਦੀ) ਢੂੰਢ ਮੁੱਕ ਗਈ ਹੈ ਅਤੇ (ਮਾਨਸਕ) ਟਿਕਾਉ ਪ੍ਰਾਪਤ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ (ਅਪਣਾ) ਜਨਮ ਪਦਾਰਥ ਜਿੱਤ ਲਿਆ ਹੈ।੨।

ਪਦਾਰਥ = ਸੋਇ–ਸੋਭਾ; ਵਡਿਆਈ। ਸੁਣੰਦੜੀ–ਸੁਣਦਿਆਂ। ਤਨੁ–ਸਰੀਰ। ਮਉਲਾ–ਖਿੜ ਗਿਆ; ਮੁੜ ਹਰਾ ਹੋ ਗਿਆ। ਜਪੰਦੜੀ– ਜਪਦਿਆਂ। ਲਾਲੀ–ਖੁਸ਼ੀ ਦੀ ਲਾਲੀ। ਪੰਧਿ–ਰਸਤੇ ਉਤੇ। ਜੁਲੰਦੜੀ–ਚਲਦਿਆਂ। ਅੰਦਰੁ–ਹਿਰਦਾ। ਦੇਖਿ–ਦੇਖ ਕੇ। ਨਿਹਾਲੀ–ਪ੍ਰਸੰਨ ਹੋ ਗਈ ਹਾਂ।੧। ਹਠ–ਹਿਰਦਾ। ਮੰਝਾਹੂ–ਵਿਚੋਂ ਹੀ। ਮਾਣਕੁ–ਅਮੋਲਕ ਰਤਨ। ਲਧਾ–ਲੱਭ ਲਿਆ ਹੈ। ਘਿਧਾ–ਲਿਆ ਹੈ। ਮੈ ਕੂ–ਮੈਨੂੰ। ਸਤਿਗੁਰਿ–ਸਤਿਗੁਰੂ ਨੇ। ਢੂੰਢ–ਖੋਜ ਭਾਲ; ਭਟਕਣਾ। ਵਞਾਈ–ਮੁੱਕ ਗਈ। ਥੀਆ–ਹੋਇਆ। ਥਿਤਾ–ਟਿਕਾਉ। ਜਿਤਾ–ਜਿਤ ਲਿਆ ਹੈ (ਇਸ ਸਲੋਕ ਵਿਚ ਲਹਿੰਦੀ ਤੇ ਸਿੰਧੀ ਬੋਲੀ ਦੇ ਸ਼ਬਦ ਹਨ)।੨।

ਪਉੜੀ ॥ ਜਿਸ ਕੈ ਮਸਤਕਿ ਕਰਮੁ ਹੋਇ, ਸੋ ਸੇਵਾ ਲਾਗਾ ॥ ਜਿਸੁ ਗੁਰ ਮਿਲਿ ਕਮਲੁ ਪ੍ਰਗਾਸਿਆ, ਸੋ ਅਨਦਿਨੁ ਜਾਗਾ ॥ ਲਗਾ ਰੰਗੁ ਚਰਣਾਰਬਿੰਦ, ਸਭੁ ਭ੍ਰਮੁ ਭਉ ਭਾਗਾ ॥ ਆਤਮੁ ਜਿਤਾ ਗੁਰਮਤੀ, ਆਗੰਜਤ ਪਾਗਾ ॥ (ਹੇ ਭਾਈ!) ਜਿਸ ਮਨੁੱਖ ਦੇ ਮੱਥੇ ਉਤੇ ਵੱਡਾ ਭਾਗ ਹੋਵੇ, ਉਹ (ਗੁਰੂ ਦੀ) ਸੇਵਾ ਵਿਚ ਲਗਦਾ ਹੈ। ਜਿਸ ਦਾ ਗੁਰੂ ਨੂੰ ਮਿਲ ਕੇ ਹਿਰਦਾ ਕਮਲ ਖਿੜ ਗਿਆ ਹੈ, ਉਹ ਹਰ ਰੋਜ (ਗਿਆਨ ਅਵਸਥਾ ਵਿਚ) ਜਾਗਦਾ ਹੈ। (ਉਸ ਨੂੰ ਗੁਰੂ ਦੇ) ਚਰਨਾਂ ਕਮਲਾਂ ਦਾ ਪ੍ਰੇਮ ਲੱਗਿਆ ਹੈ ਅਤੇ (ਉਸ ਦੇ ਅੰਦਰੋਂ) ਸਾਰਾ ਭਰਮ ਤੇ ਡਰ ਭੱਜ ਗਿਆ ਹੈ। (ਉਸ ਨੇ) ਗੁਰੂ ਦੀ ਸਿੱਖਿਆ ਦੁਆਰਾ ਮਨ ਨੂੰ ਜਿੱਤ ਲਿਆ ਹੈ ਅਤੇ ਅਬਿਨਾਸੀ ਪ੍ਰਭੂ ਨੂੰ ਪਾ

ਲਿਆ ਹੈ; ਅਬਿਨਾਸੀ ਪ੍ਰਭੂ ਵਿਚ ਮਗਨ ਹੋਇਆ ਹੈ।

ਅੰਗ ੯੬੫ = ਜਿਸਹਿ ਧਿਆਇਆ ਪਾਰਬ੍ਰਹਮੁ ,ਸੋ ਕਲਿ ਮਹਿ ਤਾਗਾ ॥ ਸਾਧੂ ਸੰਗਤਿ ਨਿਰਮਲਾ ॥ ਅਠਸਠਿ ਮਜਨਾਗਾ ॥ ਜਿਸੁ ਪ੍ਰਭੁ ਮਿਲਿਆ ਆਪਣਾ, ਸੋ ਪੁਰਖੁ ਸਭਾਗਾ ॥ ਨਾਨਕ ਤਿਸੁ ਬਲਿਹਾਰਣੈ, ਜਿਸੁ ਏਵਡ ਭਾਗਾ ॥੧੭॥ ਜਿਸ ਮਨੁੱਖ ਨੇ ਪ੍ਰਭੂ ਨੂੰ ਧਿਆਇਆ ਹੈ, ਉਹ ਕਲਜੁਗ ਵਿਚ ਕਾਇਮ ਹੈ (ਬਾਕੀ ਸਭ ਜੀਵ ਆਉਣ ਜਾਣ ਵਾਲੇ ਹਨ। ਉਹ) ਸਾਧ ਸੰਗਤ ਵਿਚ ਪਵਿਤ੍ਰ ਹੋ ਗਿਆ ਹੈ, (ਮਾਨੋ ਉਸ ਨੇ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਜਿਸ ਨੂੰ ਅਪਣਾ ਪ੍ਰਭੂ ਮਿਲ ਪਿਆ ਹੈ, ਉਹ ਪੁਰਖ ਚੰਗੇ ਭਾਗਾਂ ਵਾਲਾ ਹੈ। ਨਾਨਕ ਉਸ ਪੁਰਖ ਤੋਂ ਬਲਹਾਰ ਜਾਂਦਾ ਹੈ, ਜਿਸ ਦੇ ਇਤਨੇ ਵੱਡੇ ਭਾਗ ਹਨ।੧੭।

ਪਦਾਰਥ = ਮਸਤਕਿ–ਮੱਥੇ ਉਤੇ। ਕਰਮੁ–ਭਾਗ; ਕਿਸਮਤ। ਸੋ–ਉਹ। ਕਮਲੁ–ਹਿਰਦਾ ਕਮਲ। ਅਨਦਿਨੁ–ਹਰ ਰੋਜ। ਜਾਗਾ–ਜਾਗਦਾ ਹੈ। ਰੰਗੁ–ਪ੍ਰੇਮ। ਚਰਣਾਰਬਿੰਦ–ਚਰਨ ਕਮਲਾਂ ਦਾ। ਭਉ–ਡਰ। ਭਾਗਾ–ਦੌੜ ਗਿਆ। ਆਤਮੁ–ਮਨ ਨੂੰ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਆਗੰਜਤ–ਨਾਸ਼ ਰਹਿਤ ਪ੍ਰਭੂ। ਪਾਗਾ–ਪਾ ਲਿਆ; ਮਗਨ ਹੋਇਆ; ਰਚ ਮਿਚ ਗਿਆ; ਰੰਗਿਆ ਗਿਆ। ਜਿਸਹਿ–ਜਿਸ ਨੇ। ਕਲਿ ਮਹਿ–ਕਲਜੁਗ ਵਿਚ। ਤਾਗਾ–ਕਾਇਮ; ਟਿਕਿਆ ਹੋਇਆ; ਗਿਆਨੀ। ਨਿਰਮਲਾ–ਪਵਿਤ੍ਰ। ਅਠਸਠਿ–ਅਠਾਹਠ ਤੀਰਥਾਂ ਦਾ। ਮਜਨਾਗਾ–ਇਸ਼ਨਾਨ। ਸਭਾਗਾ–ਚੰਗੇ ਭਾਗਾਂ ਵਾਲਾ। ਤਿਸੁ–ਉਸ ਤੋਂ। ਏਵਡ–ਇਤਨੇ ਵੱਡੇ। ਭਾਗਾ–ਭਾਗ; ਕਿਸਮਤ।੧੭।

ਸਲੋਕ ਮਃ ੫ ॥ ਜਾਂ ਪਿਰੁ ਅੰਦਰਿ, ਤਾਂ ਧਨ ਬਾਹਰਿ ॥ ਜਾਂ ਪਿਰੁ ਬਾਹਰਿ, ਤਾਂ ਧਨ ਮਾਹਰਿ ॥ ਬਿਨੁ ਨਾਵੈ ਬਹੁ ਫੇਰੁ ਫਿਰਾਹਰਿ ॥ ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥ ਜਨ ਨਾਨਕ ਸਚੇ ਸਚਿ ਸਮਾਹਰਿ ॥੧॥ (ਜੀਵ ਨੇ) ਜਦ ਪਤੀ ਪ੍ਰਭੂ ਨੂੰ ਹਿਰਦੇ ਅੰਦਰ ਜਾਣਿਆ ਸੀ, ਤਾਂ ਮਾਇਆ ਬਾਹਰ ਹੋ ਗਈ ਭਾਵ ਜੀਵ ਮਾਇਆ ਦੇ ਅਸਰ ਤੋਂ ਨਿਰਲੇਪ ਹੋ ਗਿਆ। ਜਦ ਪਤੀ ਪ੍ਰਭੂ ਨੂੰ (ਜੀਵ ਹਿਰਦੇ ਤੋਂ) ਬਾਹਰ ਜਾਣਦਾ ਸੀ, ਤਾਂ ਮਾਇਆ ਚੌਧਰਾਣੀ ਬਣ ਗਈ (ਸ਼ਬਦਾਰਥ; ਸੰ.ਸ.; ਫ.ਸ.)। ਪ੍ਰਭੂ ਦੇ ਨਾਮ ਤੋਂ ਬਿਨਾ ਜੀਵ ਬਹੁਤ ਜੋਨੀਆਂ ਵਿਚ ਭਟਕਦਾ ਫਿਰਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਨੇ ਪ੍ਰਭੂ ਅੰਗ ਸੰਗ ਵਸਦਾ ਪ੍ਰਤੱਖ ਦਿਖਾ ਦਿਤਾ ਹੈ। ਦਾਸ ਨਾਨਕ ਆਖਦਾ ਹੈ ਕਿ ਉਹ ਮਨੁੱਖ ਸੱਚੇ ਨਾਮ ਦੁਆਰਾ ਸੱਚ ਸਰੂਪ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ।੧।

ਮਃ ੫ ॥ ਆਹਰ ਸਭਿ ਕਰਦਾ ਫਿਰੈ, ਆਹਰੁ ਇਕੁ ਨ ਹੋਇ ॥ ਨਾਨਕ ਜਿਤੁ ਆਹਰਿ ਜਗੁ ਉਧਰੈ, ਵਿਰਲਾ ਬੂਝੈ ਕੋਇ ॥੨॥ (ਜੀਵ ਮਾਇਆ ਵਾਸਤੇ) ਸਾਰੇ ਉਦਮ ਕਰਦਾ ਫਿਰਦਾ ਹੈ, (ਪਰ ਇਸ ਪਾਸੋਂ ਨਾਮ ਸਿਮਰਨ ਦਾ) ਇਕ ਵੀ ਉਦਮ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਉਦਮ ਦੁਆਰਾ ਜਗਤ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ, (ਉਸ ਉਦਮ ਨੂੰ) ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ।੨।

ਪਦਾਰਥ = ਜਾਂ–ਜਦੋਂ। ਪਿਰੁ–ਪਤੀ ਪ੍ਰਭੂ। ਅੰਦਰਿ–ਹਿਰਦੇ ਅੰਦਰ। ਤਾਂ–ਤਦ। ਧਨ–ਮਾਇਆ; ਜੀਵ ਇਸਤ੍ਰੀ। ਮਾਹਰਿ–ਚੌਧਰਾਣੀ; ਪ੍ਰਧਾਨ। ਬਹੁ–ਬਹੁਤ। ਫੇਰੁ ਫਿਰਾਹਰਿ–(ਜੋਨੀਆਂ ਵਿਚ) ਭਟਕਦਾ ਫਿਰਦਾ ਹੈ। ਸਤਿਗੁਰਿ–ਸਤਿਗੁਰੂ ਨੇ। ਸੰਗਿ–ਅੰਗ ਸੰਗ; ਨਾਲ ਵਸਦਾ। ਜਾਹਰਿ–ਪ੍ਰਤੱਖ। ਜਨ–ਦਾਸ। ਸਚੇ–ਸਚੇ ਨਾਮ ਦੁਆਰਾ। ਸਚਿ–ਸੱਚੇ ਪ੍ਰਭੂ ਵਿਚ। ਸਮਾਹਰਿ–ਲੀਨ ਰਹਿੰਦਾ ਹੈ।੧। ਆਹਰ–ਉਦਮ; ਜਤਨ। ਫਿਰੈ–ਫਿਰਦਾ ਹੈ। ਜਿਤੁ ਆਹਰਿ–ਜਿਸ ਉਦਮ ਰਾਹੀਂ। ਜਗੁ–ਜਗਤ। ਉਧਰੈ–ਤਰ ਜਾਂਦਾ ਹੈ।੨।

ਪਉੜੀ ॥ ਵਡੀ ਹੂ ਵਡਾ ਅਪਾਰੁ ,ਤੇਰਾ ਮਰਤਬਾ ॥ ਰੰਗ ਪਰੰਗ ਅਨੇਕ, ਨ ਜਾਪਨ੍ਹਿ ਕਰਤਬਾ ॥ ਜੀਆ ਅੰਦਰਿ ਜੀਉ , ਸਭੁ ਕਿਛੁ ਜਾਣਲਾ ॥ ਸਭੁ ਕਿਛੁ ਤੇਰੈ ਵਸਿ, ਤੇਰਾ ਘਰੁ ਭਲਾ ॥ ਤੇਰੈ ਘਰਿ ਆਨੰਦੁ ,ਵਧਾਈ ਤੁਧੁ ਘਰਿ ॥ ਮਾਣੁ ਮਹਤਾ ਤੇਜੁ ,ਆਪਣਾ ਆਪਿ ਜਰਿ ॥ ਸਰਬ ਕਲਾ ਭਰਪੂਰੁ ,ਦਿਸੈ ਜਤ ਕਤਾ ॥ ਨਾਨਕ ਦਾਸਨਿ ਦਾਸੁ ,ਤੁਧੁ ਆਗੈ ਬਿਨਵਤਾ ॥੧੮॥ (ਹੇ ਪ੍ਰਭੂ!) ਤੇਰਾ ਅਹੁਦਾ ਵੱਡੇ ਤੋਂ ਵੱਡਾ ਹੈ ਅਤੇ ਬੇਅੰਤ ਹੈਂ। ਤੇਰੇ ਅਨੇਕਾਂ ਤਰ੍ਹਾਂ ਦੇ ਰੰਗ ਬਰੰਗੇ ਜੀਵ ਹਨ, ਤੇਰੇ ਕਰਤੱਬ ਜਾਣੇ ਨਹੀਂ ਜਾਂਦੇ। ਸਾਰੇ ਜੀਵਾਂ ਦੇ ਅੰਦਰ ਆਤਮਾ ਰੂਪ ਹੋਣ ਕਰਕੇ ਤੂੰ (ਜੀਵਾਂ ਬਾਰੇ) ਸਭ ਕੁਛ ਜਾਨਣ ਵਾਲਾ ਹੈਂ। ਸਭ ਕੁਛ ਤੇਰੇ ਵਸ ਵਿਚ ਹੈ ਅਤੇ ਤੇਰਾ ਸੰਸਾਰ ਰੂਪ ਘਰ (ਜਿੱਥੇ ਤੂੰ ਵਸਦਾ ਹੈਂ) ਭਲਾ ਹੈ। ਤੇਰੇ ਘਰ ਵਿਚ ਅਨੰਦ ਹੈ ਅਤੇ ਤੇਰੇ ਘਰ ਵਿਚ ਖੁਸ਼ੀਆਂ ਹਨ। ਮਾਣ, ਵਡਿਆਈ ਅਤੇ ਅਪਣੇ ਪ੍ਰਤਾਪ ਨੂੰ ਤੂੰ ਆਪ ਹੀ ਜਰਦਾ ਹੈਂ। ਤੂੰ ਜਿੱਥੇ ਕਿਥੇ ਸਾਰੀਆਂ ਤਾਕਤਾਂ ਨਾਲ ਭਰਪੂਰ ਦਿਸਦਾ ਹੈਂ। (ਹੇ ਪ੍ਰਭੂ!) ਨਾਨਕ ਤੇਰੇ ਦਾਸਾਂ ਦਾ ਦਾਸ ਹੈ ਅਤੇ ਤੇਰੇ ਅੱਗੇ ਹੀ ਬੇਨਤੀ ਕਰਦਾ ਹੈ (ਹੋਰ ਕਿਸੇ ਅੱਗੇ ਨਹੀਂ)।੧੮।

ਪਦਾਰਥ = ਅਪਾਰੁ–ਬੇਅੰਤ। ਮਰਤਬਾ–ਰੁਤਬਾ; ਅਹੁਦਾ; ਪਦਵੀ। ਰੰਗ ਪਰੰਗ–ਰੰਗ ਬਰੰਗੇ। ਕਰਤਬਾ–ਕੰਮ; ਰਚਨਾ। ਨ ਜਾਪਨਿ–ਜਾਣੇ ਨਹੀਂ ਜਾਂਦੇ। ਜੀਆ ਅੰਦਰਿ–ਜੀਵਾ ਅੰਦਰ। ਜੀਉ–ਜਿੰਦ; ਆਤਮਾ। ਜਾਣਲਾ–ਜਾਨਣ ਵਾਲਾ। ਵਸਿ–ਵਸ ਵਿਚ। ਭਲਾ–ਸੋਹਣਾ। ਘਰਿ–ਘਰ ਵਿਚ। ਵਧਾਈ–ਖੁਸ਼ੀਆਂ। ਮਹਤਾ–ਮਹੱਤਤਾ; ਵਡਿਆਈ। ਤੇਜੁ–ਪਰਤਾਪ। ਜਰਿ–ਸਹਿੰਦਾ ਹੈਂ। ਸਰਬ ਕਲਾ–ਸਾਰੀਆਂ

ਤਾਕਤਾਂ। ਜਤ ਕਤਾ–ਜਿਥੇ ਕਿਥੇ (ਹਰ ਥਾਂ)। ਦਾਸਨਿ ਦਾਸੁ–ਦਾਸਾਂ ਦਾ ਦਾਸ। ਤੁਧੁ–ਤੇਰੇ। ਬਿਨਵਤਾ–ਬੇਨਤੀ।੧੮।

ਸਲੋਕ ਮਃ ੫ ॥ ਛਤੜੇ ਬਾਜਾਰ, ਸੋਹਨਿ ਵਿਚਿ ਵਪਾਰੀਏ ॥ ਵਖਰੁ ਹਿਕੁ ਅਪਾਰੁ ,ਨਾਨਕ ਖਟੇ ਸੋ ਧਣੀ ॥੧॥ ਇਸ ਬ੍ਰਹਮੰਡ ਵਿਚ ਜਿਤਨੀਆਂ ਧਰਤੀਆਂ ਤੇ ਸਤਾਰੇ ਹਨ, (ਉਹ ਸਾਰੇ) ਅਕਾਸ਼ ਨਾਲ ਛੱਤੇ ਹੋਏ ਬਜਾਰ ਹਨ, (ਬਜਾਰਾਂ ਵਿਚ ਬੇਅੰਤ ਲੋਕ ਤੁਰੇ ਫਿਰਦੇ ਹਨ, ਪਰ ਪ੍ਰਭੂ ਦੇ ਨਾਮ ਰੂਪ ਰਤਨ ਦੇ) ਵਪਾਰੀ ਇਨ੍ਹਾਂ ਬਜਾਰਾਂ ਵਿਚ ਸੋਹਣੇ ਲਗਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਨ੍ਹਾਂ ਬਜਾਰਾਂ ਵਿਚ ਜੋ ਮਨੁੱਖ) ਇਕ ਬੇਅੰਤ ਪ੍ਰਭੂ ਦਾ ਨਾਮ ਰੂਪ ਸੌਦਾ ਖੱਟਦਾ ਹੈ, ਉਹ ਧਨਵਾਨ ਹੈ।੧।

ਮਹਲਾ ੫ ॥ ਕਬੀਰਾ ਹਮਰਾ ਕੋ ਨਹੀ, ਹਮ ਕਿਸ ਹੂ ਕੇ ਨਾਹਿ ॥ ਜਿਨਿ ਇਹੁ ਰਚਨੁ ਰਚਾਇਆ, ਤਿਸ ਹੀ ਮਾਹਿ ਸਮਾਹਿ ॥੨॥ (ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ) ਹੇ ਕਬੀਰ! (ਇਸ ਜਗਤ ਵਿਚ) ਸਾਡਾ ਕੋਈ (ਸਦਾ ਸਾਥ ਨਿਭਾਉਣ ਵਾਲਾ ਸਾਥੀ) ਨਹੀਂ ਹੈ ਅਤੇ ਨਾ ਹੀ ਅਸੀਂ ਵੀ ਕਿਸੇ ਦੇ (ਸਦਾ ਲਈ ਸਾਥੀ) ਬਣ ਸਕਦੇ ਹਾਂ। ਜਿਸ ਪ੍ਰਭੂ ਨੇ ਜਗਤ ਰਚਨਾ ਨੂੰ ਰਚਾਇਆ ਹੈ, ਮੈਂ ਉਸੇ ਵਿਚ ਹੀ ਲੀਨ ਰਹਿੰਦਾ ਹਾਂ।੨।(ਇਹ ਸਲੋਕ ੧੩੭੬ ਅੰਗ ਉਤੇ ਵੀ ਕਬੀਰ ਜੀ ਦੇ ਸਲੋਕਾਂ ਵਿਚ ੨੧੪ ਵਾਂ ਸਲੋਕ ਹੈ)।

ਪਦਾਰਥ = ਛਤੜੇ–(ਅਕਾਸ਼ ਰੂਪ ਛੱਤ ਨਾਲ) ਛੱਤੇ ਹੋਏ। ਬਾਜਾਰ–ਸਾਰੇ ਜਗਤ ਮੰਡਲ। ਸੋਹਨਿ–ਸੋਹਣੇ ਲਗਦੇ ਹਨ। ਵਿਚਿ–ਜਗਤ ਮੰਡਲ ਰੂਪ ਬਜਾਰਾਂ ਵਿਚ। ਵਪਾਰੀਏ–ਨਾਮ ਦਾ ਵਪਾਰ ਕਰਨ ਵਾਲੇ ਮਨੁੱਖ। ਵਖਰੁ–(ਨਾਮ ਰੂਪ) ਸੌਦਾ। ਹਿਕੁ–ਇਕ। ਅਪਾਰੁ–ਬੇਅੰਤ। ਖਟੇ–ਕਮਾਉਂਦਾ (ਲਾਭ ਲੈਂਦਾ) ਹੈ। ਸੋ–ਉਹ। ਧਣੀ–ਧਨਵਾਨ।੧। ਹਮਰਾ–ਸਾਡਾ। ਕੋ–ਕੋਈ। ਕਿਸ ਹੂ ਕੇ–ਕਿਸੇ ਦੇ। ਜਿਨਿ –ਜਿਸ ਨੇ। ਰਚਨੁ–ਜਗਤ ਰਚਨਾ। ਰਚਾਇਆ–ਬਣਾਇਆ। ਤਿਸ ਹੀ ਮਾਹਿ–ਉਸੇ ਵਿਚ ਹੀ। ਸਮਾਹਿ–ਲੀਨ ਰਹਿੰਦਾ ਹਾਂ।੨।

ਪਉੜੀ ॥ ਸਫਲਿਉ ਬਿਰਖੁ ਸੁਹਾਵੜਾ, ਹਰਿ ਸਫਲ ਅੰਮ੍ਰਿਤਾ ॥ ਮਨੁ ਲੋਚੈ ਉਨ੍ ਮਿਲਣ ਕਉ ,ਕਿਉ ਵੰਞੈ ਘਿਤਾ ॥ ਵਰਨਾ ਚਿਹਨਾ ਬਾਹਰਾ, ਓਹੁ ਅਗਮੁ ਅਜਿਤਾ ॥ ਓਹੁ ਪਿਆਰਾ ਜੀਅ ਕਾ, ਜੋ ਖੋਲ੍ਹੈ ਭਿਤਾ ॥ ਸੇਵਾ ਕਰੀ ਤੁਸਾੜੀਆ, ਮੈ ਦਸਿਹੁ ਮਿਤਾ ॥ ਕੁਰਬਾਣੀ ਵੰਞਾ ਵਾਰਣੈ, ਬਲੇ ਬਲਿ ਕਿਤਾ ॥ ਦਸਨਿ ਸੰਤ ਪਿਆਰਿਆ, ਸੁਣਹੁ ਲਾਇ ਚਿਤਾ ॥ ਜਿਸੁ ਲਿਖਿਆ ਨਾਨਕ ਦਾਸ, ਤਿਸੁ ਨਾਉ ਅੰਮ੍ਰਿਤੁ ਸਤਿਗੁਰਿ ਦਿਤਾ ॥੧੯॥ ਪ੍ਰਭੂ ਫਲ ਦੇਣ ਵਾਲਾ ਸੋਹਣਾ ਬ੍ਰਿਛ ਹੈ, ਜੋ ਅੰਮ੍ਰਿਤ ਮਈ ਫਲ ਦੇ ਸਹਿਤ ਹੈ। ਮੇਰਾ ਮਨ ਉਸ ਪ੍ਰਭੂ ਨੂੰ ਮਿਲਣ ਲਈ ਲੋਚਦਾ ਹੈ, (ਪਰ ਦੱਸੋ, ਉਸ ਨੂੰ) ਕਿਵੇਂ ਪ੍ਰਾਪਤ ਕਰ ਲਿਆ ਜਾਵੇ।(ਕਿਉਂਕਿ ਉਹ) ਰੰਗਾਂ ਤੇ ਚਿੰਨਾਂ ਤੋਂ ਰਹਿਤ ਹੈ (ਉਸ ਦਾ ਕੋਈ ਰੰਗ ਰੂਪ ਨਹੀਂ), ਉਹ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਉਸ ਨੂੰ ਜਿੱਤਿਆ ਨਹੀਂ ਜਾ ਸਕਦਾ। ਉਹ ਮਨੁੱਖ ਮੇਰੇ ਦਿਲ ਦਾ ਪਿਆਰਾ ਹੋਵੇਗਾ, ਜੋ (ਮੇਰੇ ਕੋਲ ਪ੍ਰਭੂ ਨੂੰ ਮਿਲਣ ਦਾ) ਭੇਤ ਖੋਲ੍ਹ ਦੇਵੇ; ਜੋ (ਮੇਰੇ ਮਨ ਦੇ ਬੰਦ ਹੋਏ) ਬੂਹੇ ਖੋਲ੍ਹ ਦੇਵੇ। ਹੇ ਮਿਤ੍ਰ ਜਨੋਂ! (ਮੈਨੂੰ ਪ੍ਰਭੂ ਪ੍ਰਾਪਤੀ ਦਾ ਭੇਤ) ਦੱਸ ਦਿਓ, ਮੈਂ ਤੁਹਾਡੀ ਸੇਵਾ ਕਰਦਾ ਰਹਾਂਗਾ। ਮੈਂ ਤੁਹਾਥੋਂ ਤਨ ਕਰਕੇ ਸਦਕੇ ਜਾਂਦਾ ਹੈ ਅਤੇ ਮਨ ਨੂੰ ਵੀ ਬਲਿਹਾਰ ਕੀਤਾ ਕਰਾਂਗਾ। ਪਿਆਰੇ ਸੰਤ (ਉਹ ਭੇਤ) ਦਸਦੇ ਹਨ ਅਤੇ (ਆਖਦੇ ਹਨ ਕਿ ਹੇ ਭਰਾਵੋ! ਤੁਸੀਂ) ਚਿਤ ਲਾ ਕੇ ਸੁਣੋ। ਦਾਸ ਨਾਨਕ ਆਖਦਾ ਹੈ ਕਿ ਉਸ ਮਨੁੱਖ ਨੂੰ ਸਤਿਗੁਰੂ ਨੇ ਨਾਮ ਰੂਪ ਅੰਮ੍ਰਿਤ ਦਿਤਾ ਹੈ, ਜਿਸ ਦੇ ਮੱਥੇ ਉਤੇ (ਪ੍ਰਭੂ ਨੇ ਧੁਰ ਤੋਂ) ਲਿਖਿਆ ਹੋਇਆ ਹੈ।੧੯।

ਪਦਾਰਥ = ਸਫਲਿਓ–(ਮਿਹਨਤ ਦਾ) ਫਲ ਦੇਣ ਵਾਲਾ। ਬਿਰਖੁ–ਦਰੱਖਤ। ਸੁਹਾਵੜਾ–ਸੋਹਣਾ। ਸਫਲ–ਫਲ ਸਹਿਤ। ਲੋਚੈ–ਚਾਹੁੰਦਾ ਹੈ। ਉਨ੍–ਉਸ ਨੂੰ। ਕਉ–ਨੂੰ; ਲਈ। ਵੰਞੈ ਘਿਤਾ–(ਪ੍ਰਾਪਤ ਕਰ) ਲਿਆ ਜਾਵੇ। ਵਰਨਾ–ਰੰਗ। ਚਿਹਨਾ–ਚਿੰਨ੍ਹ; ਨਿਸ਼ਾਨ। ਬਾਹਰਾ–ਬਿਨਾ। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਜਿਤਾ–ਜਿਸ ਨੂੰ ਜਿੱਤਿਆ ਨਾ ਜਾ ਸਕੇ। ਜੀਅ ਕਾ–ਦਿਲ ਦਾ। ਭਿਤਾ–ਭੇਤ; ਬੂਹੇ; ਪੜਦੇ। ਤੁਸਾੜੀਆ–ਤੁਹਾਡੀ। ਕਰੀ–ਮੈਂ ਕਰਾਂਗਾ। ਮਿਤਾ–ਹੇ ਮਿਤ੍ਰ!। ਵੰਞਾ ਵਾਰਣੈ–ਸਦਕੇ ਜਾਂਦਾ ਹਾਂ। ਬਲੇ ਬਲਿ–ਬਲਿਹਾਰ। ਕਿਤਾ –ਕੀਤਾ ਹੈ। ਦਸਨਿ–ਦਸਦੇ ਹਨ। ਲਾਇ ਚਿਤਾ–ਚਿਤ ਲਾ ਕੇ (ਧਿਆਨ ਨਾਲ)। ਸਤਿਗੁਰਿ–ਸਤਿਗੁਰੂ ਨੇ।੧੯।

ਸਲੋਕ ਮਹਲਾ ੫ ॥ ਕਬੀਰ ਧਰਤੀ ਸਾਧ ਕੀ, ਤਸਕਰ ਬੈਸਹਿ ਗਾਹਿ ॥ ਧਰਤੀ ਭਾਰਿ ਨ ਬਿਆਪਈ, ਉਨ ਕਉ ਲਾਹੂ ਲਾਹਿ ॥੧ ॥ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਕਬੀਰ! ਜੇ ਸਾਧੂਆਂ ਦੀ ਧਰਤੀ (ਸਾਧ ਸੰਗਤ) ਵਿਚ ਚੋਰ ਥਾਂ ਮੱਲ ਕੇ ਬੈਠ ਜਾਣ। (ਤਾਂ ਚੋਰਾਂ ਦਾ) ਧਰਤੀ (ਸਾਧੂਆਂ ਦੀ ਸੰਗਤ) ਨੂੰ ਭਾਰ ਨਹੀਂ ਵਿਆਪਦਾ, (ਸਾਧੂਆਂ ਦੀ ਸੰਗਤ ਦਾ) ਉਨ੍ਹਾਂ (ਚੋਰਾਂ) ਨੂੰ ਲਾਭ ਹੀ ਲਾਭ ਹੈ (ਸਾਧੂਆਂ ਦੀ ਬਿਰਤੀ ਸਮਦ੍ਰਿਸਟੀ ਤੇ ਧੀਰਜ ਵਾਲੀ ਹੁੰਦੀ ਹੈ, ਉਨ੍ਹਾਂ ਕੋਲ ਕੋਈ ਮਾੜਾ ਬੰਦਾ ਆ ਜਾਵੇ, ਤਾਂ ਸਾਧੂਆਂ ਦਾ ਤਾਂ ਕੁਛ ਵਿਗੜਦਾ ਨਹੀਂ, ਪਰ ਸਾਧੂਆਂ ਦੇ ਵਿਚਾਰਾਂ ਦਾ ਮਾੜੇ ਬੰਦੇ ਨੂੰ ਲਾਭ ਹੀ ਹੁੰਦਾ ਹੈ)।੧।

ਮਹਲਾ ੫ ॥ ਕਬੀਰ ਚਾਵਲ ਕਾਰਣੇ, ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ, ਤਬ ਪੂਛੇ ਧਰਮਰਾਇ ॥੨॥ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਕਬੀਰ! ਜਿਵੇਂ ਚਾਵਲ ਕੱਢਣ ਵਾਸਤੇ (ਚਾਵਲਾਂ ਦੇ ਉਪਰਲੇ) ਛਿਲਕੇ ਨੂੰ ਮੋਹਲੇ ਲਾ ਕੇ ਕੁੱਟੀਦਾ ਹੈ

(ਇਸੇ ਤਰ੍ਹਾਂ ਜੋ ਮਨੁੱਖ) ਕੁਸੰਗੀਆਂ ਦੀ ਸੰਗਤ ਵਿਚ ਬੈਠਦੇ ਹਨ, ਤਦ (ਉਨ੍ਹਾਂ ਮਨੁੱਖਾਂ ਨੂੰ ਪ੍ਰਲੋਕ ਵਿਚ) ਧਰਮਰਾਇ ਲੇਖਾ ਪੁਛਦਾ ਹੈ (ਕੁਸੰਗੀਆਂ ਦੀ ਸੰਗਤ ਕਰਕੇ ਚੰਗੇ ਬੰਦੇ ਵੀ ਮਾੜੇ ਕੰਮ ਕਰਨ ਲਗ ਪੈਣ ਤਾਂ ਧਰਮਰਾਜ ਸਜਾ ਦੇਂਦਾ ਹੈ)।੨।

ਨੋਟ = ਇਹ ਦੋਵੇਂ ਸਲੋਕ ੧੩੭੫ ਅੰਗ ਤੇ ਕਬੀਰ ਜੀ ਦੇ ਸਲੋਕਾਂ ਵਿਚ ੨੧੦ ਵਾਂ ਤੇ ੨੧੧ ਵਾਂ ਸਲੋਕ ਹਨ।

ਪਦਾਰਥ = ਧਰਤੀ ਸਾਧ ਕੀ–ਸਾਧੂਆਂ ਦੀ ਧਰਤੀ (ਧਰਮਸਾਲ; ਸਾਧ ਸੰਗਤ)।ਤਸਕਰ–ਚੋਰ; ਠੱਗ; ਕਾਮਾਦਿਕ ਚੋਰ।ਬੈਸਹਿ–ਜੇ ਆ ਬੈਠਣ।ਗਾਹਿ–ਮੱਲ (ਕਬਜਾ ਕਰ) ਕੇ।ਨ ਬਿਆਪਈ–ਨਹੀਂ ਲਗਦਾ।ਉਨ ਕਉ–ਉਨ੍ਹਾਂ (ਚੋਰਾਂ) ਨੂੰ।ਲਾਹੂ ਲਾਹਿ–ਲਾਭ ਹੀ ਲਾਭ ਹੈ; ਸਜਾ ਦੇਂਦਾ ਹੈ; ਨਰਕਾਂ ਵਿਚ ਸੁਟਦਾ ਹੈ।੧।ਕਾਰਨੇ–ਵਾਸਤੇ।ਤੁਖ ਕਉ–ਚੌਲਾਂ ਦੇ ਉਪਰਲੇ ਛਿਲਕੇ ਨੂੰ।ਮੁਹਲੀ–ਚੌਲਾਂ ਦਾ ਛਿਲਕਾ ਕੁੱਟਣ ਵਾਲਾ ਭਾਰਾ ਸੋਟਾ।ਸੰਗਿ ਕੁਸੰਗੀ–ਕੁਸੰਗੀਆਂ ਦੀ ਸੰਗਤ ਵਿਚ।ਬੈਸਤੇ–ਬੈਠਦੇ ਹਨ।ਤਬ–ਤਦ।੨।

ਕਬੀਰ ਧਰਤੀ ਸਾਧ ਕੀ = ੧. ਚੋਰਾਂ ਠੱਗਾਂ ਦੇ ਜੋਰ ਦਾ ਅਸਰ ਸਾਧ ਸੰਗਤ ਉਤੇ ਨਹੀਂ ਪੈ ਸਕਦਾ, ਕਿਉਂਕਿ ਸਾਧ ਸੰਗਤ ਮਹਾਨ ਤੇ ਉਚੀ ਹੈ।ਸਾਧ ਸੰਗਤ ਦੀ ਬਰਕਤ ਨਾਲ ਚੋਰਾਂ ਨੂੰ ਲਾਭ ਜਰੂਰ ਹੁੰਦਾ ਹੈ, ਸਾਧ ਸੰਗਤ ਦੀ ਮਹਾਨਤਾ ਦਾ ਭਾਰ ਚੋਰਾਂ ਦੇ ਭਾਰ ਨਾਲੋਂ ਜਿਆਦਾ ਹੈ।ਇਸ ਕਰਕੇ ਚੋਰਾਂ ਦਾ ਭਾਰ ਸਾਧ ਦੀ ਧਰਤੀ ਉਤੇ ਨਹੀਂ ਪੈ ਸਕਦਾ।

੨. ਇਹ ਧਰਤੀ ਪ੍ਰਮਾਤਮਾ ਨੇ ਨੇਕ ਪੁਰਖਾਂ ਦੇ ਸਿਮਰਨ ਅਤੇ ਚੰਗੇ ਕਰਮ ਕਰਨ ਲਈ ਬਣਾਈ ਸੀ {ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ੨੨੪}, ਪਰ ਇਸ ਨੂੰ ਚੋਰ ਲੁਟੇਰੇ ਮੱਲੀ ਬੈਠੇ ਹਨ।ਧਰਤੀ ਨੂੰ ਦੱਬੀ ਬੈਠੈ ਚੋਰਾਂ ਦਾ ਸਾਧੂਆਂ ਨੂੰ ਕੋਈ ਭਾਰ ਨਹੀਂ ਬਿਆਪਦਾ ਭਾਵ ਸਾਧੂਆਂ ਉਤੇ ਚੋਰਾਂ ਦਾ ਕੋਈ ਅਸਰ ਨਹੀਂ ਹੁੰਦਾ, ਪਰ ਚੋਰਾਂ ਨੂੰ ਉਨ੍ਹਾਂ ਦੇ ਕੀਤੇ ਪਾਪਾਂ ਦੀ ਸਜਾ ਦਿਤੀ ਜਾਂਦੀ ਹੈ।

੩. ਧਰਮ ਅਸਥਾਨ ਸੰਤਾਂ ਦੇ ਹਨ, ਪਰ ਧਰਮ ਅਸਥਾਨਾਂ ਨੂੰ ਚੋਰ ਲੁਟੇਰੇ ਮੱਲੀ ਬੈਠੇ ਹਨ, ਸੰਤ ਤਾਂ ਭਜਨ ਕੀਰਤਨ ਵਿਚ ਮਗਨ ਰਹਿੰਦੇ ਹਨ।ਚੋਰਾਂ ਦੇ ਕੀਤੇ ਕੁਕਰਮਾਂ ਦਾ ਸੰਤਾਂ ਨੂੰ ਭਾਰ ਨਹੀਂ ਲਗਦਾ, ਪਰ ਧਰਮ ਅਸਥਾਨਾਂ ਤੇ ਕੀਤੇ ਕੁਕਰਮਾਂ ਕਰਕੇ ਹਰੀ ਚੋਰਾਂ ਨੂੰ ਸਜਾ ਦੇਂਦਾ ਹੈ, ਜਿਵੇਂ ਗੁਰੂ ਦਸਮੇਸ਼ ਜੀ ਨੇ ਮਸੰਦਾਂ ਨੂੰ ਸਜਾਵਾਂ ਦਿਤੀਆਂ ਸਨ।

੪. ਇਹ ਧਰਤੀ ਪ੍ਰਭੂ ਨੇ ਸੰਤਾਂ ਵਾਸਤੇ ਰਚੀ ਸੀ ,ਪਰ ਚੋਰ ਰਾਜੇ ਧਰਤੀ ਨੂੰ ਮੱਲੀ ਬੈਠ ਹਨ।ਧਰਤੀ ਨੂੰ ਚੋਰ ਰਾਜਿਆਂ ਦੇ ਜੁਲਮ ਦਾ ਭਾਰ ਨਹੀਂ ਲਗਦਾ, ਅੱਗੇ ਪਰਲੋਕ ਵਿਚ ਜਾਲਮ ਰਾਜਿਆਂ ਨੂੰ ਨਰਕਾਂ ਵਿਚ ਸੁੱਟਿਆ ਜਾਂਦਾ ਹੈ।

੫. ਸਾਧੂ ਦੀ ਬੁੱਧੀ ਰੂਪ ਧਰਤੀ ਨੂੰ ਕਾਮਾਦਿਕ ਚੋਰ ਮੱਲ ਬੈਠਣ।ਤਾਂ ਬੁੱਧੀ ਨੂੰ ਕਾਮਾਦਿਕ ਚੋਰਾਂ ਦਾ ਕੋਈ ਭਾਰ (ਦੁਖ) ਨਹੀਂ ਵਿਆਪਦਾ, ਕਿਉਂਕਿ ਸਾਧ ਦੀ ਬੁੱਧੀ ਨੇ ਕਾਮਾਦਿਕਾਂ ਦੇ ਲਾਹੂ ਲਾਹ ਦਿਤੇ ਹਨ (ਨਾਸ਼ ਕਰ ਦਿਤੇ ਹਨ)।

ਪਉੜੀ ॥ ਆਪੇ ਹੀ ਵਡ ਪਰਵਾਰੁ ,ਆਪਿ ਇਕਾਤੀਆ ॥ ਆਪਣੀ ਕੀਮਤਿ ਆਪਿ, ਆਪੇ ਹੀ ਜਾਤੀਆ ॥ ਸਭੁ ਕਿਛੁ ਆਪੇ ਆਪਿ, ਆਪਿ ਉਪੰਨਿਆ ॥ ਆਪਣਾ ਕੀਤਾ ਆਪਿ, ਆਪਿ ਵਰੰਨਿਆ ॥ ਧੰਨੁ ਸੁ ਤੇਰਾ ਥਾਨੁ , ਜਿਥੈ ਤੂ ਵੁਠਾ ॥ ਧੰਨ ਸੁ ਤੇਰੇ ਭਗਤ, ਜਿਨ੍ਹੀ ਸਚੁ ਤੂੰ ਡਿਠਾ ॥ ਜਿਸ ਨੋ ਤੇਰੀ ਦਇਆ, ਸਲਾਹੇ ਸੋਇ ਤੁਧੁ ॥ ਜਿਸੁ ਗੁਰ ਭੇਟੇ ਨਾਨਕ, ਨਿਰਮਲ ਸੋਈ ਸੁਧੁ ॥ ੨੦॥ (ਸਰਗੁਣ ਰੂਪ ਵਿਚ ਪ੍ਰਭੂ) ਆਪ ਹੀ ਸੰਸਾਰ ਰੂਪ ਵੱਡੇ ਪ੍ਰਵਾਰ ਵਾਲਾ ਹੈ ਅਤੇ ਆਪ ਹੀ ਇਕਾਂਤ ਰਹਿਣ ਵਾਲਾ (ਨਿਰਗੁਣ ਸਰੂਪ) ਹੈ।ਅਪਣੀ ਕੀਮਤ (ਉਹ) ਆਪ ਹੀ ਆਪ ਜਾਣਦਾ ਹੈ।(ਉਹ) ਸਭ ਕੁਛ ਆਪ ਹੀ ਹੈ ਤੇ (ਸਭ ਕੁਛ ਉਸ ਨੇ) ਆਪ ਹੀ ਪੈਦਾ ਕੀਤਾ ਹੈ।ਅਪਣਾ (ਸੰਸਾਰ ਉਸ ਨੇ) ਆਪ ਹੀ ਪੈਦਾ ਕੀਤਾ ਹੈ ਅਤੇ ਆਪ ਹੀ (ਉਸ ਨੇ ਇਸ ਨੂੰ) ਵਰਨਣ ਕੀਤਾ ਹੈ (ਕਿ ਸੰਸਾਰ ਕਿਹੋ ਜਿਹਾ ਹੈ?)।ਹੇ ਪ੍ਰਭੂ! ਤੇਰਾ ਉਹ ਅਸਥਾਨ ਧੰਨ ਹੈ, ਜਿਥੇ ਤੂੰ ਵਸਦਾ ਹੈਂ।ਤੇਰੇ ਉਹ ਭਗਤ ਧੰਨ ਹਨ, ਜਿਨ੍ਹਾਂ ਨੇ ਤੇਰੇ ਸੱਚ ਸਰੂਪ ਨੂੰ ਦੇਖਿਆ ਹੈ।ਜਿਸ ਮਨੁੱਖ ਉਤੇ ਤੇਰੀ ਦਇਆ ਹੁੰਦੀ ਹੈ, ਉਹ ਹੀ ਤੇਰੀ ਸਿਫਤ ਸਲਾਹ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ ਗੁਰੂ ਮਿਲਦਾ ਹੈ, ਉਹ ਹੀ ਮੈਲ ਰਹਿਤ ਸ਼ੁੱਧ ਹੈ।੨੦।

ਪਦਾਰਥ = ਵਡ ਪਰਵਾਰੁ–(ਸੰਸਾਰ ਰੂਪ) ਵੱਡੇ ਪ੍ਰਵਾਰ ਵਾਲਾ।ਇਕਾਤੀਆ–ਇਕੱਲਾ (ਨਿਰਗੁਣ ਰੂਪ; ਇਕਾਂਤ ਰਹਿਣ ਵਾਲਾ)। ਜਾਤੀਆ–ਜਾਣਦਾ ਹੈ।ਉਪੰਨਿਆ–ਪੈਦਾ ਕੀਤਾ ਹੈ।ਵਰੰਨਿਆ–ਵਰਨਣ ਕੀਤਾ ਹੈ।ਸੁ–ਉਹ।ਵੁਠਾ–ਵਸਦਾ ਹੈਂ।ਜਿਨ੍ਹੀ–ਜਿਨ੍ਹਾਂ ਨੇ। ਸਚੁ–ਸੱਚ ਸਰੂਪ ਨੂੰ।ਡਿਠਾ–ਦੇਖਿਆ ਹੈ।ਸੋਇ–ਉਹ ਹੀ।ਤੁਧੁ–ਤੈਨੂੰ।ਭੇਟੇ–ਮਿਲਦਾ ਹੈ।ਸੁਧੁ–ਸ਼ੁੱਧ; ਖਰਾ।੨੦।

ਸਲੋਕ ਮਃ ੫ ॥ ਫਰੀਦਾ ਭੂਮਿ ਰੰਗਾਵਲੀ, ਮੰਝਿ ਵਿਸੂਲਾ ਬਾਗੁ ॥ ਜੋ ਨਰ ਪੀਰਿ ਨਿਵਾਜਿਆ, ਤਿਨ੍ਹਾ ਅੰਚ ਨ ਲਾਗ ॥੧॥ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਫਰੀਦ! ਇਹ ਧਰਤੀ ਬਹੁਤ ਅਨੰਦ ਦੇਣ ਵਾਲੀ ਹੈ, ਪਰ ਇਸ ਵਿਚ ਇਕ ਵਿਹੁਲਾ ਬਾਗ ਵੀ ਲੱਗਾ ਹੋਇਆ ਹੈ।ਜੋ ਪੁਰਖ ਗੁਰੂ ਨੇ ਵਡੇ ਕੀਤੇ (ਨਾਮ ਦਾਨ ਦੇ ਕੇ ਆਦਰ ਯੋਗ ਬਣਾਏ) ਹਨ, ਉਨ੍ਹਾਂ ਨੂੰ ਦੁਖ ਰੂਪ ਅੱਗ ਦਾ ਸੇਕ ਨਹੀਂ ਲਗਦਾ।੧।(ਇਹ ਸਲੋਕ ੧੩੮੨ ਅੰਗ ਤੇ ਫਰੀਦ ਜੀ ਦੇ ਸਲੋਕਾਂ ਵਿਚ ੮੨ ਵਾਂ ਸਲੋਕ ਹੈ)।

ਮਃ ੫ ॥ ਫਰੀਦਾ ਉਮਰ ਸੁਹਾਵੜੀ, ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨ੍ਹਿ ,ਜਿਨ੍ਹਾ ਪਿਆਰੇ ਨੇਹ ॥੨॥ ਗੁਰੂ ਅਰਜਨ ਦੇਵ ਜੀ ਆਖਦੇ ਹਨ ਕਿ ਹੇ ਫਰੀਦ! ਜਿਸ ਮਨੁੱਖ ਦੀ ਸੋਹਣੀ (ਅਰੋਗ) ਉਮਰ ਦੇ ਨਾਲ ਨਾਲ ਸੋਹਣੇ ਰੰਗ ਵਾਲੀ ਦੇਹ ਹੈ। (ਸੁੰਦਰ ਜਵਾਨ ਸਰੀਰ ਪ੍ਰਾਪਤ ਕਰਕੇ) ਜਿਨ੍ਹਾਂ ਦਾ ਪਿਆਰੇ ਰੱਬ ਨਾਲ ਪਿਆਰ ਹੈ, ਅਜੇਹੇ ਕੋਈ ਮਨੁੱਖ (ਦੁਨੀਆਂ ਵਿਚ) ਵਿਰਲੇ ਪਾਏ ਜਾਂਦੇ (ਲੱਭਦੇ) ਹਨ।੨। (ਇਹ ਸਲੋਕ ੧੩੯੨ ਅੰਗ ਤੇ ਫਰੀਦ ਜੀ ਦੇ ਸਲੋਕਾਂ ਵਿਚ ੮੩ ਵਾਂ ਸਲੋਕ ਹੈ)।

ਪਦਾਰਥ = ਭੂਮਿ–ਧਰਤੀ। ਰੰਗਾਵਲੀ–ਅਨੰਦ ਦੇਣ ਵਾਲੀ; ਸੁੰਦਰ। ਮੰਝਿ–ਵਿਚਕਾਰ। ਵਿਸੂਲਾ–ਵਿਸ ਭਰਿਆ; ਦੁੱਖਾਂ ਵਾਲਾ; ਤਿੱਖੇ ਕੰਡਿਆਂ ਵਾਲਾ। ਨਰ–ਮਨੁੱਖਾਂ ਨੂੰ। ਨਿਵਾਜਿਆ–ਵੱਡਾ ਕੀਤਾ ਹੈ; ਆਦਰ ਯੋਗ ਬਣਾਏ ਹਨ। ਤਿਨ੍ਹਾਂ–ਉਨ੍ਹਾਂ ਨੂੰ। ਅੰਚ–(ਦੁੱਖਾਂ ਜਾਂ ਵਿਕਾਰਾਂ ਦੀ ਅੱਗ ਦਾ) ਸੇਕ।੧। ਸੁਹਾਵੜੀ–ਸੋਹਣੀ; ਸੋਭਨੀਕ; ਸੁਖਦਾਈ। ਸੰਗਿ–ਨਾਲ। ਸੁਵੰਨੜੀ–ਸੋਹਣੇ ਰੰਗ ਵਾਲੀ। ਦੇਹ–ਸਰੀਰ। ਕੇਈ–ਕੋਈ। ਪਾਈਅਨ੍ਹਿ–ਪਾਏ ਜਾਂਦੇ (ਲੱਭਦੇ) ਹਨ। ਜਿਨ੍ਹਾ–ਜਿਨ੍ਹਾਂ ਦਾ। ਨੇਹ–ਪਿਆਰ।੨।

ਵਿਆਖਿਆ = ਗੁਰੂ ਜੀ ਨੇ ਇਹ ਦੋਵੇਂ ਸਲੋਕ ਫਰੀਦ ਜੀ ਦੇ ੮੧ ਵੇਂ ਸਲੋਕ {ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ} ਦੇ ਉਤਰ ਵਿਚ ਲਿਖੇ ਹਨ। ਮਨੁੱਖੀ ਜੀਵਨ ਰੂਪ ਬਾਗ ਚੰਗੇ ਗੁਣ ਧਾਰਨ ਕਰਕੇ ਪ੍ਰਫੁਲਿਤ ਕੀਤਾ ਜਾ ਸਕਦਾ ਹੈ। ਪਰ ਮਾਇਆ ਅਤੇ ਵਿਸ਼ੇ ਵਿਕਾਰ ਇਸ ਜੀਵਨ ਨੂੰ ਦੁਖਦਾਈ ਬਣਾ ਦੇਂਦੇ ਹਨ। ਸੰਸਾਰ ਫੁੱਲਾਂ ਦੀ ਵਾੜੀ ਵੀ ਹੈ ਤੇ ਵਿਸੂਲਾ ਬਾਗ ਵੀ ਹੈ {ਬਿਖੁ ਅੰਮ੍ਰਿਤੁ ਕਰਤਾਰਿ ਉਪਾਏ। ਸੰਸਾਰ ਬਿਰਖ ਕਉ ਦੁਇ ਫਲ ਲਾਏ ੧੧੭੨}। ਪਰ ਰੱਬੀ ਪ੍ਰੇਮ ਧਾਰਨ ਕਰਕੇ ਸਭ ਪਾਸੇ ਮਹਿਕ ਫੈਲਾਈ ਜਾ ਸਕਦੀ ਹੈ। ਸੰ.ਸ. ਤੇ ਟਕਸਾਲ ਦਾ ਮੱਤ ਹੈ ਕਿ ਇਹ ਸਾਰੇ ਸਲੋਕ ਗੁਰੂ ਜੀ ਨੇ ਭਗਤਾਂ ਨੂੰ ਸਿਰੋਪਾਉ ਵੱਜੋਂ ਬਖਸ਼ੇ ਹਨ।

ਪਉੜੀ ॥ ਜਪੁ ਤਪੁ ਸੰਜਮੁ ਦਇਆ ਧਰਮੁ ,ਜਿਸੁ ਦੇਹਿ ਸੁ ਪਾਏ ॥ ਜਿਸੁ ਬੁਝਾਇਹਿ ਅਗਨਿ ਆਪਿ, ਸੋ ਨਾਮੁ ਧਿਆਏ ॥ ਅੰਤਰਜਾਮੀ ਅਗਮ ਪੁਰਖੁ ,ਇਕ ਦ੍ਰਿਸਟਿ ਦਿਖਾਏ ॥ ਸਾਧ ਸੰਗਤਿ ਕੈ ਆਸਰੈ, ਪ੍ਰਭ ਸਿਉ ਰੰਗੁ ਲਾਏ ॥ ਅਉਗਣ ਕਟਿ ਮੁਖੁ ਉਜਲਾ, ਹਰਿ ਨਾਮਿ ਤਰਾਏ ॥ ਜਨਮ ਮਰਣ ਭਉ ਕਟਿਓਨੁ ,ਫਿਰਿ ਜੋਨਿ ਨ ਪਾਏ ॥ ਅੰਧ ਕੂਪ ਤੇ ਕਾਢਿਅਨੁ ,ਲੜੁ ਆਪਿ ਫੜਾਏ ॥ ਨਾਨਕ ਬਖਸਿ ਮਿਲਾਇਅਨੁ ,ਰਖੇ ਗਲਿ ਲਾਏ ॥੨੧॥ (ਹੇ ਭਾਈ!) ਨਾਮ ਦਾ ਜਾਪ, ਸਰੀਰ ਕਰਕੇ ਸੇਵਾ ਕਰਨ ਦਾ ਤਪ, ਸੰਜਮ, ਦਇਆ ਤੇ ਧਰਮ ਜਿਸ ਮਨੁੱਖ ਨੂੰ ਪ੍ਰਭੂ ਦੇਂਦਾ ਹੈ, ਉਹ (ਇਹ ਗੁਣ) ਪ੍ਰਾਪਤ ਕਰਦਾ ਹੈ। ਜਿਸ ਦੀ ਪ੍ਰਭੂ ਆਪ ਤ੍ਰਿਸ਼ਨਾ ਰੂਪ ਅੱਗ ਬੁਝਾ ਦੇਂਦਾ ਹੈ, ਉਹ ਮਨੁੱਖ ਪ੍ਰਭੂ ਦਾ ਨਾਮ ਧਿਆ ਸਕਦਾ ਹੈ। ਸਾਰੇ ਜੀਵਾਂ ਦੇ ਦਿਲਾਂ ਦੀਆਂ ਜਾਨਣ ਵਾਲਾ, ਮਨ ਬਾਣੀ ਦੀ ਪਹੁੰਚ ਤੋਂ ਪਰੇ ਅਕਾਲ ਪੁਰਖ (ਜਿਸ ਮਨੁੱਖ ਨੂੰ) ਮੇਹਰ ਦੀ ਇਕ ਨਜਰ ਨਾਲ ਅਪਣਾ ਸਰੂਪ ਦਿਖਾ ਦੇਂਦਾ ਹੈ। (ਉਹ ਮਨੁੱਖ) ਸਾਧ ਸੰਗਤ ਦੇ ਆਸਰੇ ਨਾਲ ਪ੍ਰਭੂ ਨਾਲ ਪਿਆਰ ਲਾ ਲੈਂਦਾ ਹੈ। (ਪ੍ਰਭੂ ਉਸ ਦੇ) ਔਗਣ ਕੱਟ ਕੇ (ਉਸ ਦਾ) ਮੂੰਹ ਉਜਲਾ ਕਰ ਦੇਂਦਾ ਹੈ ਅਤੇ ਹਰੀ ਅਪਣੇ ਨਾਮ ਦੁਆਰਾ (ਉਸ ਨੂੰ ਭਵਜਲ ਤੋਂ) ਤਾਰ ਦੇਂਦਾ ਹੈ। (ਉਸ ਮਨੁੱਖ ਦਾ) ਉਸ ਪ੍ਰਭੂ ਨੇ ਜਨਮ ਮਰਣ ਦਾ ਡਰ ਕੱਟ ਦਿਤਾ ਹੈ, ਮੁੜ ਕੇ (ਪ੍ਰਭੂ ਉਸ ਨੂੰ) ਜੂਨਾਂ ਵਿਚ ਨਹੀਂ ਪਾਉਂਦਾ। ਉਸ ਪ੍ਰਭੂ ਨੇ (ਜਿਨ੍ਹਾਂ ਸੇਵਕਾਂ ਨੂੰ) ਆਪ ਲੜ ਫੜਾ ਕੇ ਸੰਸਾਰ ਰੂਪ ਅੰਨ੍ਹੇ ਖੂਹ ਵਿਚੋਂ ਕੱਢ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਨੂੰ ਪ੍ਰਭੂ ਨੇ ਬਖਸ਼ਿਸ਼ ਕਰਕੇ (ਅਪਣੇ ਨਾਲ) ਮਿਲਾ ਲਿਆ ਹੈ ਅਤੇ (ਅਪਣੇ) ਗਲ ਨਾਲ ਲਾ ਕੇ ਰੱਖਿਆ ਹੈ।੨੧।

ਪਦਾਰਥ = ਜਪੁ–ਨਾਮ ਦਾ ਜਾਪ। ਤਪੁ–ਸਰੀਰਕ ਸੇਵਾ। ਸੰਜਮੁ–ਇੰਦ੍ਰੀਆਂ ਦਾ ਦਮਨ। ਦੇਹਿ–ਦੇਂਦਾ ਹੈ। ਸੁ–ਉਹ। ਪਾਏ–ਪਾਉਂਦਾ ਹੈ। ਬੁਝਾਇਹਿ–ਬੁਝਾ ਦੇਂਦਾ ਹੈ। ਅਗਨਿ–ਤ੍ਰਿਸ਼ਨਾ ਦੀ ਅੱਗ। ਸੋ–ਉਹ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਪੁਰਖੁ–ਸਰਬ ਵਿਆਪਕ ਪ੍ਰਭੂ। ਦ੍ਰਿਸਟਿ–ਨਜਰ। ਸਿਉ–ਨਾਲ। ਰੰਗੁ–ਪਿਆਰ। ਨਾਮਿ–ਨਾਮ ਰਾਹੀਂ। ਤਰਾਏ–ਤਾਰ ਦੇਂਦਾ ਹੈ। ਭਉ–ਡਰ। ਕਟਿਓਨੁ –ਉਸ ਪ੍ਰਭੂ ਨੇ ਕੱਟ ਦਿਤਾ। ਫਿਰਿ–ਮੁੜ ਦੁਬਾਰਾ। ਜੋਨਿ–ਜੂਨਾਂ ਵਿਚ। ਅੰਧੇ ਕੂਪ–ਸੰਸਾਰ ਰੂਪ ਅੰਨ੍ਹਾ ਖੂਹ; ਅਗਿਆਨਤਾ ਦੇ ਹਨ੍ਹੇਰੇ ਖੂਹ ਵਿਚੋਂ। ਕਾਢਿਅਨੁ–ਉਸ ਪ੍ਰਭੂ ਨੇ ਕੱਢ ਲਿਆ। ਮਿਲਾਇਅਨੁ–ਉਸ ਨੇ ਮਿਲਾ ਲਿਆ। ਗਲਿ–ਗਲ ਨਾਲ।੨੧।

ਸਲੋਕ ਮਃ ੫ ॥ ਮੁਹਬਤਿ ਜਿਸੁ ਖੁਦਾਇ ਦੀ, ਰਤਾ ਰੰਗਿ ਚਲੂਲਿ ॥ ਨਾਨਕ ਵਿਰਲੇ ਪਾਈਅਹਿ, ਤਿਸੁ ਜਨ ਕੀਮ ਨ ਮੂਲਿ ॥੧॥ ਜਿਸ ਮਨੁੱਖ ਨੂੰ ਪ੍ਰਭੂ ਦਾ ਪ੍ਰੇਮ ਹੈ ਅਤੇ (ਜੋ ਨਾਮ ਦੇ) ਗੂੜ੍ਹੇ ਲਾਲ ਰੰਗ ਵਿਚ ਰੰਗਿਆ ਹੋਇਆ ਹੈ। ਉਸ ਮਨੁੱਖ ਦੀ ਕੀਮਤ ਬਿਲਕੁਲ ਨਹੀਂ ਪੈ ਸਕਦੀ, ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ ਮਨੁੱਖ ਦੁਨੀਆਂ ਵਿਚ) ਵਿਰਲੇ ਪਾਏ ਜਾਂਦੇ (ਲੱਭਦੇ) ਹਨ।੧।

ਮਃ ੫ ॥ ਅੰਦਰੁ ਵਿਧਾ ਸਚਿ ਨਾਇ, ਬਾਹਰਿ ਭੀ ਸਚੁ ਡਿਠੋਮਿ ॥ ਨਾਨਕ ਰਵਿਆ ਹਭ ਥਾਇ, ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ (ਜਦੋਂ ਮੇਰਾ) ਹਿਰਦਾ ਸੱਚੇ ਨਾਮ ਨਾਲ ਵਿੰਨ੍ਹਿਆ ਗਿਆ ਅਤੇ ਬਾਹਰ ਵੀ ਮੈਂ ਸੱਚੇ ਪ੍ਰਭੂ ਦੇਖਿਆ ਹੈ। (ਤਦ) ਮੈਂ ਪ੍ਰਭੂ ਨੂੰ ਸਭ ਥਾਵਾਂ ਉਤੇ, ਵਣ, ਹਰੇਕ ਤੀਲੇ, ਤਿੰਨਾਂ ਭਵਨਾਂ ਅਤੇ ਹਰੇਕ ਰੋਮ ਵਿਚ ਰਮਿਆ ਜਾਣਿਆ ਹੈ।੨।

ਪਦਾਰਥ = ਮੁਹਬਤਿ-ਪ੍ਰੇਮ। ਰਤਾ-ਰੰਗਿਆ ਹੈ। ਰੰਗਿ-ਰੰਗ ਵਿਚ। ਚਲੂਲਿ-ਗੂੜ੍ਹੇ ਲਾਲ ਰੰਗ ਵਿਚ। ਪਾਈਅਹਿ-ਪਾਏ ਜਾਂਦੇ ਹਨ। ਤਿਸੁ ਜਨ-ਉਸ ਮਨੁੱਖ ਦੀ। ਕੀਮ-ਕੀਮਤ। ਮੂਲਿ-ਬਿਲਕੁਲ।੧। ਅੰਦਰੁ-ਹਿਰਦਾ। ਵਿਧਾ-ਵਿਨ੍ਹਿਆ ਗਿਆ। ਸਚਿ ਨਾਇ-ਸੱਚੇ ਨਾਮ ਨਾਲ। ਡਿਠੋਮਿ-ਮੈਂ ਦੇਖਿਆ ਹੈ। ਰਵਿਆ-ਵਿਆਪਕ ਹੈ। ਹਭ ਥਾਇ-ਸਭ ਥਾਵਾਂ ਵਿਚ। ਵਣਿ-ਵਣ ਵਿਚ। ਤ੍ਰਿਣਿ-ਤੀਲੇ ਵਿਚ। ਤ੍ਰਿਭਵਣਿ-ਤਿੰਨਾਂ ਭਵਨਾਂ (ਮਾਤ ਲੋਕ, ਪਤਾਲ ਅਤੇ ਅਕਾਸ਼) ਵਿਚ। ਰੋਮਿ-ਹਰੇਕ ਰੋਮ ਵਿਚ।੨।

ਪਉੜੀ ॥ ਆਪੇ ਕੀਤੋ ਰਚਨੁ ,ਆਪੇ ਹੀ ਰਤਿਆ ॥ ਆਪੇ ਹੋਇਓ ਇਕੁ ,ਆਪੇ ਬਹੁ ਭਤਿਆ ॥ ਆਪੇ ਸਭਨਾ ਮੰਝਿ, ਆਪੇ ਬਾਹਰਾ ॥ ਆਪੇ ਜਾਣਹਿ ਦੂਰਿ, ਆਪੇ ਹੀ ਜਾਹਰਾ ॥ ਆਪੇ ਹੋਵਹਿ ਗੁਪਤੁ ,ਆਪੇ ਪਰਗਟੀਐ ॥ ਕੀਮਤਿ ਕਿਸੈ ਨ ਪਾਇ, ਤੇਰੀ ਥਟੀਐ ॥ ਗਹਿਰ ਗੰਭੀਰੁ ਅਥਾਹੁ ,ਅਪਾਰੁ ਅਗਣਤੁ ਤੂੰ ॥ ਨਾਨਕ ਵਰਤੈ ਇਕੁ ,ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥ ਪ੍ਰਭੂ ਨੇ ਆਪ ਹੀ ਸੰਸਾਰ ਰਚਨਾ ਕੀਤੀ ਹੈ ਅਤੇ ਆਪ ਹੀ (ਇਸ ਵਿਚ) ਮਿਲਿਆ ਹੋਇਆ ਹੈ। (ਉਹ) ਆਪ ਹੀ ਇਕ (ਨਿਰਾਕਾਰ) ਰੂਪ ਹੋ ਰਿਹਾ ਹੈ ਅਤੇ (ਸਰਗੁਣ ਰੂਪ ਵਿਚ) ਆਪ ਹੀ ਬਹੁਤ ਭਾਂਤ ਦਾ ਹੋ ਰਿਹਾ ਹੈ। ਆਪ ਹੀ ਸਭ ਜੀਵਾਂ ਦੇ ਅੰਦਰ (ਆਤਮਾ ਰੂਪ) ਹੈ ਅਤੇ ਆਪ ਹੀ (ਸਭ ਦੇ) ਬਾਹਰ (ਨਿਰਲੇਪ) ਹੈ। ਹੇ ਪ੍ਰਭੂ ! ਤੂੰ ਆਪ ਹੀ ਅਪਣੇ ਆਪ ਨੂੰ ਰਚਨਾ ਤੋਂ ਦੂਰ ਜਾਣਦਾ ਹੈਂ ਅਤੇ ਆਪ ਹੀ ਪ੍ਰਗਟ ਰੂਪ ਹੈਂ। ਤੂੰ ਆਪ ਹੀ ਗੁਪਤ ਹੋ ਰਿਹਾ ਹੈਂ ਅਤੇ ਆਪ ਹੀ ਪ੍ਰਗਟ ਰੂਪ ਹੈਂ। ਤੇਰੀ ਰਚਨਾ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾ ਸਕਦੀ। ਤੂੰ ਡੂੰਘਾ, ਨਿਹਚਲ, ਅਥਾਹ, ਬੇਅੰਤ ਤੇ ਗਿਣਤੀ ਤੋਂ ਰਹਿਤ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਤੂੰ ਇਕ ਹੀ ਸਭ ਥਾਂਵਾਂ ਤੇ ਵਰਤ ਰਿਹਾ ਹੈਂ, ਤੂੰ ਸਦਾ ਇਕੋ ਇਕ ਹੈਂ।੨੨।੧।੨। ਇਹ ਵਾਰ ਅਸਲ ਨਾਲ ਸੋਧ ਕੇ ਲਿਖੀ ਗਈ ਹੈ।

ਪਦਾਰਥ = ਕੀਤੋ ਰਚਨੁ-ਸੰਸਾਰ ਰਚਨਾ ਕੀਤੀ। ਰਤਿਆ-ਮਿਲਿਆ ਹੋਇਆ ਹੈ। ਬਹੁ ਭਤਿਆ-ਬਹੁਤ ਪ੍ਰਕਾਰ ਦਾ। ਸਭਨਾ ਮੰਝਿ-ਸਾਰੇ ਜੀਵਾਂ ਵਿਚ। ਬਾਹਰਾ-ਬਾਹਰ (ਨਿਰਲੇਪ ਹੈ)। ਜਾਹਰਾ-ਪ੍ਰਤੱਖ; ਹਾਜਰ ਨਾਜਰ। ਥਟੀਐ-ਰਚਨਾ ਦੀ। ਗਹਿਰ ਗੰਭੀਰ-ਡੂੰਘਾ ਤੇ ਨਿਹਚਲ। ਅਪਾਰੁ-ਬੇਅੰਤ; ਪਾਰ ਰਹਿਤ। ਅਗਣਤੁ-ਗਿਣਤੀ ਰਹਿਤ। ਵਰਤੈ-ਵਰਤਦਾ ਹੈ।੨੨।੧।੨। ਸੁਧ।

ਉਥਾਨਕਾ = ਮੈਂ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਭਾਈ ਗਾਮ (ਗੁਲਾਮ ਮੁਹੰਮਦ) ਨੂੰ ਸਨ ੨੦੦੧ ਵਿਚ ਮਿਲਿਆ, ਜੋ ਅਪਣੇ ਆਪ ਨੂੰ ਭਾਈ ਸੱਤੇ ਦੇ ਖਾਨਦਾਨ ਵਿਚੋਂ ਕਹਿੰਦੇ ਸਨ, ਉਨ੍ਹਾਂ ਨੇ ਮੈਨੂੰ ਦਸਿਆ ਕਿ ਰਾਇ ਬਲਵੰਡ ਸੱਤੇ ਦੀ ਭੂਆ ਦਾ ਪੁਤ੍ਰ ਸੀ। ਉਨ੍ਹਾਂ ਅਨੁਸਾਰ ਸੱਤਾ ਖਡੂਰ ਸਾਹਿਬ ਦਾ ਰਹਿਣ ਵਾਲਾ ਸੀ ਅਤੇ ਬਲਵੰਡ ਭਨੋੜ (ਨੇੜੇ ਮੁੱਲਾਂ ਪੁਰ ਦਾਖਾ ਜਿਲ੍ਹਾ ਲੁਧਿਆਣਾ) ਦਾ ਰਹਿਣ ਵਾਲਾ ਸੀ। ਭਾਈ ਸੱਤਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਦਾ ਹੁੰਦਾ ਸੀ। ਬਲਵੰਡ ਕਿਸੇ ਰਾਜੇ ਮਹਾਰਾਜੇ ਦੇ ਦਰਬਾਰ ਵਿਚ ਕਵੀ ਲੱਗਣਾ ਚਾਹੁੰਦਾ ਸੀ। ਪਰ ਕਿਸੇ ਵੀ ਰਾਜੇ ਕੋਲ ਜਦ ਕੰਮ ਨਾ ਮਿਲਿਆ ਤਾਂ ਭਾਈ ਸੱਤੇ ਦੀ ਪ੍ਰੇਰਨਾ ਨਾਲ ਸੱਤੇ ਨਾਲ ਮਿਲ ਕੇ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕੀਰਤਨ ਕਰਨ ਲਗ ਪਿਆ। ਬਲਵੰਡ ਸੱਤੇ ਨਾਲੋਂ ਉਮਰ ਵਿਚ ਵੱਡਾ ਸੀ ਅਤੇ ਚੰਗਾ ਲਿਖਾਰੀ ਸੀ। ਭਾਈ ਗਾਮ ਜੀ ਅਨੁਸਾਰ ਸੱਤਾ ਗ੍ਰਿਹਸਤੀ ਸੀ ਅਤੇ ਬਲਵੰਡ ਵਿਆਹਿਆ ਨਹੀਂ ਸੀ, ਬਲਵੰਡ ਗੁਰੂ ਅਮਰਦਾਸ ਜੀ ਦੇ ਸਮੇਂ ਚੜ੍ਹਾਈ ਕਰ ਗਿਆ ਸੀ। ਇਸ ਦੀ ਕਬਰ ਗੋਇੰਦ ਵਾਲ ਸਾਹਿਬ ਵਿਚ ਹੈ, ਪਰ ਪਾਕਿਸਤਾਨ ਬਣਨ ਤੋਂ ਬਾਅਦ ਕਬਰਾਂ ਦੀਆਂ ਥਾਵਾਂ ਮਿਟ ਗਈਆਂ ਹਨ। ਭਾਈ ਗਾਮ ਅਪਣੇ ਆਪ ਨੂੰ ਭਾਈ ਸੱਤੇ ਦੀ ਕੁਲ ਵਿਚੋਂ ਬਾਰ੍ਹਵੀ ਜਗ੍ਹਾ ਦਸਦਾ ਹੈ। ਉਸ ਅਨੁਸਾਰ ਇਸ ਵਾਰ ਦੀ ਪਹਿਲੀ ਪਉੜੀ ਭਾਈ ਸੱਤੇ ਦੀ ਲਿਖਤ ਹੈ ਅਤੇ ਅਗਲੀਆਂ ਚਾਰ ਪਉੜੀਆਂ ਰਾਇ ਬਲਵੰਡ ਦੀ ਰਚਨਾ ਹੈ। ਵਿਆਹ ਭਾਈ ਸੱਤੇ ਦੀ ਪੁਤ੍ਰੀ ਦਾ ਸੀ, ਜਦੋਂ ਵਿਸਾਖੀ ਸਮੇਂ ਮਿਲੀ ਘਟ ਭੇਟਾ ਕਰਕੇ ਇਹ ਨਰਾਜ ਹੋ ਗਿਆ ਸੀ ਅਤੇ ਕੀਰਤਨ ਕਰਨ ਤੋਂ ਜਬਾਬ ਦੇ ਦਿਤਾ ਸੀ। ਭਾਈ ਸੱਤੇ ਨੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਲਹੌਰ ਵਿਚ ਸਰੀਰ ਛੱਡਿਆ, ਛੇਵੇਂ ਪਾਤਸ਼ਾਹ ਨੇ ਇਸ ਦੀ ਅਰਥੀ ਨੂੰ ਮੋਢਾ ਦਿਤਾ। ਇਸ ਦੀ ਕਬਰ ਭਾਈ ਬੁੱਧੂ ਦੇ ਆਵੇ ਕੋਲ ਬਣੀ ਹੋਈ ਹੈ।

ਹੋਰ ਦੂਜੇ ਸ੍ਰੋਤਾਂ ਅਨੁਸਾਰ ਰਾਇ ਬਲਵੰਡ ਤੇ ਸੱਤਾ ਦੋਵੇਂ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਸਾਹਿਬ ਤਕ ਗੁਰੂ ਦਰਬਾਰ ਵਿਚ ਕੀਰਤਨ ਕਰਦੇ ਰਹੇ ਹਨ। ਕਵੀ ਸੰਤੋਖ ਸਿੰਘ ਜੀ ਨੇ ਗੁਰਪ੍ਰਤਾਪ ਸੂਰਜ ਪ੍ਰਕਾਸ਼ ਵਿਚ ਅਤੇ ਕਵੀ ਸੋਹਣ ਜੀ ਨੇ ਗੁਰ ਬਿਲਾਸ ਪਾ. ਛੇਵੀਂ ਵਿਚ ਇਨ੍ਹਾਂ ਨੂੰ ਆਪਸ ਵਿਚ ਭਰਾ ਲਿਖਿਆ ਹੈ, ਕਿਸੇ ਨੇ ਮਸੇਰ ਭਰਾ ਲਿਖਿਆ ਹੈ। ਸੱਤਾ ਪਹਿਲਾ ਤੋਂ ਹੀ ਗੁਰੂ ਦਰਬਾਰ ਵਿਚ ਕੀਰਤਨ ਕਰਦਾ ਸੀ, ਪਰ ਬਲਵੰਡ ਧਨ ਕਮਾਉਣ ਵਾਸਤੇ ਦੇਸ਼ਾਂ ਦੇਸਾਂਤਰਾਂ ਵਿਚ ਬੜੇ ਜਤਨ ਕਰਦਾ ਰਿਹਾ, ਪਰ ਪੱਲੇ ਕੁਛ ਨਾ ਪਿਆ। ਆਖਰ ਹਾਰ ਕੇ ਸੱਤੇ ਦੀ ਪ੍ਰੇਰਨਾ ਨਾਲ ਬਲਵੰਡ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਇਆ, ਇਸ ਨੇ ਗੁਰੂ ਅਰਜਨ ਦੇਵ ਜੀ ਦੀ ਮਹਿਮਾਂ ਵਿਚ ਹੇਠ ਲਿਖਿਆ ਕਬਿੱਤ ਗਾਇਆ =

ਆਇਓ ਨਿਜ ਦਵਾਰੇ ਦਯਾ ਕਲਪ ਤਰੁ ਥਾਰੇ ਭਾਰੇ, ਬਿਰਦ ਬਿਲੰਦ ਦੀਨ ਦਰਦ ਬਿਦਾਰੇ ਹੋ।

ਦ੍ਰੋਪਤੀ ਉਧਾਰੀ ਗਜ ਗ੍ਰਾਹ ਤੋਂ ਉਬਾਰੀ, ਭੀਰ ਰਾਖਸ਼ਨ ਮਾਰੀ ਵੈਰੀ ਦੇਵਨਿ ਹਾਰੇ ਹੋ।
ਪ੍ਰਹਿਲਾਦ ਦੁਖ ਲੋਚਨ ਬਿਲੋਚਨ ਸੁ ਪੁੰਡਰੀਕ, ਪੋਚ ਬਾਲਮੀਕ ਜੱਸ ਸੋਧ ਕੀਯੋ ਚਾਰੋ ਹੋ।
ਗਨਕਾ ਗਿਨੀ ਹੈ ਕੌਨ ਤੀਰਥ ਪਰਸ ਆਈ, ਜੈਸੇ ਏ ਉਧਾਰੇ ਤੈਸੇ ਮੋਹਿ ਕੋ ਉਧਾਰੋ ਹੋ।

ਗੁਰੂ ਸਾਹਿਬ ਬਲਵੰਡ ਦੀ ਇਹ ਕਬਿੱਤ ਸੁਣ ਕੇ ਬੜੇ ਪ੍ਰਸੰਨ ਹੋਏ ਅਤੇ ਇਸ ਨੂੰ ਰਾਇ ਦੀ ਪਦਵੀ ਬਖਸ਼ੀ। ਰਾਇ ਸਨਮਾਨ ਬੋਧਕ ਪਦਵੀ ਹੈ ਅਤੇ ਸਤਿਗੁਰੂ ਜੀ ਨੇ ਕਿਹਾ ਸਾਡੇ ਪਾਸ ਰਹੋ, ਸੰਗਤ ਨੂੰ ਕੀਰਤਨ ਸੁਣਾਓ, ਗੁਰੂ ਨਾਨਕ ਦੇਵ ਜੀ ਦੇ ਘਰੋਂ ਬੇਅੰਤ ਬਰਕਤਾਂ ਮਿਲਣਗੀਆਂ। ਇਸ ਤਰ੍ਹਾਂ ਰਾਇ ਬਲਵੰਡ ਸੱਤੇ ਨਾਲ ਮਿਲ ਕੇ ਰਾਗਾਂ ਵਿਚ ਕੀਰਤਨ ਕਰਨ ਲਗ ਪਿਆ। ਗੁਰੂ ਸਾਹਿਬ ਬਹੁਤ ਖੁਸ਼ ਹੋਏ ਅਤੇ ਸੰਗਤਾਂ ਵੀ ਬਹੁਤ ਧਨ ਭੇਟ ਕਰਦੀਆਂ ਸਨ। ਕੀਰਤਨ ਕਰਦਿਆਂ ਕਈ ਵਰ੍ਹੇ ਬੀਤ ਗਏ, ਸੰਗਤਾਂ ਵੱਲੋਂ ਭੇਟ ਕੀਤੇ ਪੈਸੇ ਅਤੇ ਮਾਣ ਸਨਮਾਨ ਨਾਲ ਇਨ੍ਹਾਂ ਵਿਚ ਹੰਕਾਰ ਪੈਦਾ ਹੋ ਗਿਆ। ਸੱਤੇ ਦੀ ਲੜਕੀ ਦਾ ਵਿਆਹ ਜਦ ਨੇੜੇ ਆਇਆ (ਕਈਆਂ ਨੇ ਬਲਵੰਡ ਦੀ ਲੜਕੀ ਦਾ ਵਿਆਹ ਲਿਖਿਆ ਹੈ ਤੇ ਕਈਆਂ ਨੇ ਇਨ੍ਹਾਂ ਦੀ ਭੈਣ ਦਾ ਵਿਆਹ ਲਿਖਿਆ ਹੈ), ਤਾਂ ਇਹ ਦੋਵੇਂ ਗੁਰੂ ਜੀ ਪਾਸ ਗਏ ਅਤੇ ਆਖਣ ਲਗੇ ਕਿ ਅਸੀਂ ਲੜਕੀ ਦਾ ਵਿਆਹ ਧੂਮ ਧਾਮ ਨਾਲ ਕਰਨਾ ਹੈ, ਖਰਚ ਕਾਫੀ ਆ ਜਾਵੇਗਾ। ਗੁਰੂ ਸਾਹਿਬ ਆਖਣ ਲਗੇ ਕਿ ਜਿਤਨਾ ਧਨ ਤੁਹਾਨੂੰ ਚਾਹੀਦਾ ਹੈ, ਲੈ ਲਵੋ। ਇਹ ਆਖਣ ਲੱਗੇ ਕਿ ਵਿਸਾਖੀ ਦਾ ਪੁਰਬ ਆ ਰਿਹਾ ਹੈ, ਜਿਤਨਾ ਚੜ੍ਹਾਵਾ ਵਿਸਾਖੀ ਵਾਲੇ ਦਿਨ ਦਾ ਹੋਵੇਗਾ, ਉਹ ਸਾਨੂੰ ਦੇ ਦਿਓ, ਤਾਂ ਜੋ ਵਿਆਹ ਦਾ ਕਾਰਜ ਸਫਲ ਹੋਵੇ। ਸਤਿਗੁਰੂ ਜੀ ਨੇ ਹਾਮ੍ਹੀ ਭਰ ਦਿਤੀ, ਜਿਸ ਤੇ ਇਹ ਦੋਵੇਂ ਰਬਾਬੀ ਬੜੇ ਖੁਸ਼ ਹੋ ਕੇ ਘਰ ਚਲੇ ਗਏ ਅਤੇ ਵਿਸਾਖੀ ਦੀ ਉਡੀਕ ਕਰਨ ਲੱਗੇ। ਜਦ ਵਿਸਾਖ ਦੀ ਸੰਗ੍ਰਾਂਦ ਆਈ, ਤਾਂ ਕੁਦਰਤੀ ਉਸ ਦਿਨ ਭਾਰੀ ਮੀਂਹ ਪਿਆ ਅਤੇ ਸੰਗਤ ਘਟ ਆਈ। ਚੜ੍ਹਤ ਕੇਵਲ ਇਕ ਸੌ ਰੁਪਏ ਦੇ ਕਰੀਬ ਹੋਈ। ਜਦੋਂ ਸਤਿਗੁਰੂ ਨੇ ਇਨ੍ਹਾਂ ਨੂੰ ਬੁਲਾ ਕੇ ਵਿਸਾਖੀ ਵਾਲੇ ਦਿਨ ਦੀ ਚੜ੍ਹਤ ਦਿਤੀ, ਤਾਂ ਇਨ੍ਹਾਂ ਨੇ ਪੈਸੇ ਥੋੜੇ ਹੋਣ ਕਰਕੇ ਲੈਣ ਤੋਂ ਇਨਕਾਰ ਕਰ ਦਿਤਾ। ਦੂਸਰੇ ਦਿਨ ਇਹ ਕੀਰਤਨ ਕਰਨ ਨਾ ਆਏ, ਸਤਿਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਜਾਓ ਸੱਤੇ ਅਤੇ ਬਲਵੰਡ ਨੂੰ ਸੱਦ ਕੇ ਲਿਆਉ। ਪਰ ਇਹ ਨਾ ਆਏ, ਸੱਗੋਂ ਬਹੁਤ ਊਲ ਜਲੂਲ ਬੋਲਣ ਲੱਗੇ। ਫਿਰ ਸਤਿਗੁਰੂ ਜੀ ਆਪ ਇਨ੍ਹਾਂ ਦੇ ਘਰ (ਭਾਈ ਸਾਲ੍ਹੋ ਜੀ ਦੀ ਧਰਮਸਾਲਾ ਕੋਲ ਇਨ੍ਹਾਂ ਦਾ ਘਰ ਸੀ) ਗਏ ਅਤੇ ਆਖਣ ਲੱਗੇ ਕਿ ਰਬਾਬੀਓ ਤੁਸੀਂ ਗੁੱਸੇ ਨਾ ਹੋਵੋ, ਚੱਲੋ ਕੀਰਤਨ ਕਰੋ, ਸੰਗਤਾਂ ਉਡੀਕਦੀਆਂ ਹਨ। ਪੈਸਾ ਤਾਂ ਆਉਣ ਜਾਣ ਵਾਲਾ ਹੈ, ਜੇ ਜਰੂਰਤ ਹੈ, ਤਾਂ ਹੋਰ ਮਿਲ ਜਾਵੇਗਾ। ਅੱਗੋਂ ਇਹ ਦੋਵੇਂ ਗੁੱਸੇ ਵਿਚ ਬੋਲ ਕੁਬੋਲ ਬੋਲਦੇ ਰਹੇ, ਤੁਹਾਡੇ ਪਿਤਾ ਦੀ ਮਹਿਮਾ ਸਾਡੇ ਰਬਾਬੀ ਬਣਾਉਂਦੇ ਰਹੇ ਹਨ, ਤੁਹਾਡੇ ਕੋਲ ਸੰਗਤ ਸਾਡੇ ਕੀਰਤਨ ਸੁਣਾਉਣ ਕਰਕੇ ਹੀ ਆਉਂਦੀ ਹੈ, ਸਾਥੋਂ ਬਿਨਾ ਤੁਹਾਨੂੰ ਕੌਣ ਮੰਨ ਸਕਦਾ ਹੈ? ਇਨ੍ਹਾਂ ਨੇ ਇਥੋਂ ਤਕ ਕਹਿ ਦਿਤਾ ਕਿ ਗੁਰੂ ਨਾਨਕ ਦੇਵ ਜੀ ਨੂੰ ਕੌਣ ਜਾਣਦਾ ਸੀ? ਸਾਡੀ ਕੁਲ ਦੇ ਮਰਦਾਨੇ ਨੇ ਕੀਰਤਨ ਕਰਕੇ ਉਨ੍ਹਾਂ ਨੂੰ ਪ੍ਰਗਟ ਕੀਤਾ। ਇਹ ਨਿਰਾਦਰੀ ਦੇ ਬਚਨ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਸਹਿਜ ਸੁਭਾਇ ਕਹਿ ਦਿਤਾ ਕਿ ਤੁਸੀਂ ਫਿੱਟ ਗਏ ਹੋ। ਇਹ ਕਹਿ ਕੇ ਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਆ ਗਏ ਅਤੇ ਸੰਗਤਾਂ ਨੂੰ ਕਿਹਾ ਇਨ੍ਹਾਂ ਦੋਹਾਂ ਨੂੰ ਕੋਈ ਮੂੰਹ ਨਾ ਲਾਵੇ। ਸੰਗਤਾਂ ਨੂੰ ਨਾਲ ਲੈ ਕੇ ਗੁਰੂ ਨੇ ਸਿਰੰਦੇ ਨਾਲ ਆਪ ਕੀਰਤਨ ਕੀਤਾ ਅਤੇ ਸਿੱਖਾਂ ਨੂੰ ਕੀਰਤਨ ਦੀ ਦਾਤ ਬਖਸ਼ੀ। ਇਸ ਤੋਂ ਬਾਅਦ ਸੱਤੇ ਤੇ ਬਲਵੰਡ ਨੂੰ ਕੋੜ੍ਹ ਹੋ ਗਿਆ, ਜਿਸ ਕਰਕੇ ਇਹ ਬੜੇ ਦੁਖੀ ਹੋਏ, ਸੰਗਤ ਵੀ ਇਨ੍ਹਾਂ ਤੋਂ ਦੂਰ ਹੋ ਗਈ, ਕਿਸੇ ਨੇ ਇਨ੍ਹਾਂ ਨੂੰ ਮੂੰਹ ਨਾ ਲਾਇਆ। ਜਦ ਦੁਖ ਭੋਗਣਾ ਪਿਆ ਤਾਂ ਗੁਰੂ ਯਾਦ ਆਇਆ, ਹੁਣ ਇਹ ਸੋਚਦੇ ਹਨ ਕਿ ਕਿਹੜਾ ਮੂੰਹ ਲੈ ਕੇ ਗੁਰੂ ਪਾਸ ਜਾਈਏ ਅਤੇ ਅਪਣੀ ਭੁੱਲ ਬਖਸ਼ਾਈਏ? ਗੁਰੂ ਜੀ ਦਾ ਇਹ ਵੀ ਹੁਕਮ ਸੀ ਕਿ ਜੇ ਕੋਈ ਸਾਡੇ ਪਾਸ ਇਨ੍ਹਾਂ ਦੀ ਸਿਫਾਰਸ਼ ਕਰੇਗਾ, ਉਸ ਦਾ ਮੂੰਹ ਕਾਲਾ ਕਰਕੇ ਗਧੇ ਤੇ ਚੜ੍ਹਾਇਆ ਜਾਵੇਗਾ। ਇਸ ਕਰਕੇ ਕਿਸੇ ਦਾ ਵੀ ਹੌਸਲਾ ਨਹੀਂ ਸੀ ਪੈ ਰਿਹਾ ਕਿ ਇਨ੍ਹਾਂ ਦੀ ਫਰਿਆਦ ਗੁਰੂ ਜੀ ਪਾਸ ਲੈ ਕੇ ਜਾਵੇ। ਇਹ ਦੋਵੇਂ ਦੁੱਖ ਦੇ ਕਾਰਣ ਬਹੁਤ ਪਛਤਾ ਰਹੇ ਸਨ ਕਿ ਕੋਈ ਸਾਡੀ ਸਿਫਾਰਸ ਕਰਕੇ ਸਾਡੇ ਗੁਨਾਹਾਂ ਦੀ ਮਾਫੀ ਗੁਰੂ ਜੀ ਪਾਸੋਂ ਦਿਵਾ ਦੇਵੇ। ਪਰ ਕੋਈ ਵੀ ਸਿੱਖ ਇਨ੍ਹਾਂ ਦੀ ਮੱਦਤ ਵਾਸਤੇ ਅੱਗੇ ਨਾ ਆਇਆ। ਅਖੀਰ ਇਹ ਦੋਵੇਂ ਲੱਧਾ, ਜੋ ਪਰਉਪਕਾਰੀ ਸੀ, ਲਹੌਰ ਵਿਖੇ ਰਹਿੰਦਾ ਸੀ, ਉਸ ਕੋਲ ਪਹੁੰਚੇ ਤੇ ਬਹੁਤ ਮਿੰਨਤ ਤਰਲੇ ਕੀਤੇ। ਲੱਧਾ ਜੀ ਬਹੁਤ ਉਚੀ ਮਾਨਸਕ ਅਵਸਥਾ ਦੇ ਮਾਲਕ ਸਨ। ਗੁਰੂ ਜੀ ਦਾ ਹੁਕਮ ਮੰਨਦੇ ਹੋਏ ਲੱਧਾ ਜੀ ਨੇ ਆਪ ਅਪਣਾ ਮੂੰਹ ਕਾਲਾ ਕਰਕੇ ਗਧੇ ਤੇ ਸਵਾਰ ਹੋ ਕੇ ਅੰਮ੍ਰਿਤਸਰ ਗੁਰੂ ਜੀ ਪਾਸ ਪਹੁੰਚੇ। ਪ੍ਰੇਮ ਵਸ ਹੋ ਕੇ ਵੈਰਾਗ ਵਿਚ ਆਏ ਗੁਰੂ ਜੀ ਨੇ ਕਿਹਾ ਆਉ ਲੱਧਾ ਜੀ! ਸੁਣਾਓ ਕਿਵੇਂ ਆਏ ਹੋ? ਭਾਈ ਲੱਧਾ ਜੀ ਨੇ ਉਤਰ ਦਿਤਾ, ਹੇ ਪਾਤਸ਼ਾਹ! ਤੇਰੇ ਫਿਟਕਾਰਿਆਂ ਨੂੰ ਬਖਸ਼ਾਉਣ ਵਾਸਤੇ ਆਇਆ ਹਾਂ। ਹੇ ਨਿਰਵੈਰ ਦਾਤੇ! ਇਨ੍ਹਾਂ ਨੂੰ ਬਖਸ਼ ਲੈ, ਇਨ੍ਹਾਂ ਉਤੇ ਮਿਹਰ ਕਰ। ਲੱਧਾ ਪਰਉਪਕਾਰੀ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਮੇਹਰ ਦੇ

ਘਰ ਵਿਚ ਆਏ। ਜਲ ਮੰਗਵਾ ਕੇ ਪਹਿਲਾਂ ਲੱਧਾ ਜੀ ਦੀ ਸਰੀਰ ਉਤੇ ਮਲ੍ਹੀ ਕਾਲਖ ਉਤਰਵਾਈ। ਲੱਧੇ ਨੂੰ ਗੁਰੂ ਜੀ ਨੇ ਸਿਰੋਪਾ ਬਖਸ਼ਿਆ ਅਤੇ ਕਿਹਾ ਲੱਧਾ ਪਰਉਪਕਾਰੀ ਹੈ। ਲੱਧੇ ਦੀ ਬੇਨਤੀ ਮੰਨ ਕੇ ਸਤਿਗੁਰੂ ਜੀ ਨੇ ਕਿਹਾ ਹੇ ਲੱਧਾ! ਤੇਰੇ ਕਰਕੇ ਇਨ੍ਹਾਂ ਨੂੰ ਬਖਸ਼ ਦੇਂਦੇ ਹਾਂ। ਜਿਸ ਜੀਭ ਨਾਲ ਇਨ੍ਹਾਂ ਨੇ ਗੁਰੂ ਦੀ ਨਿੰਦਾ ਕੀਤੀ ਹੈ, ਉਸ ਜੀਭ ਨਾਲ ਇਹ ਗੁਰੂ ਦੀ ਉਸਤਤੀ ਕਰਨ, ਇਨ੍ਹਾਂ ਦਾ ਕੋੜ੍ਹ ਵੀ ਦੂਰ ਹੋ ਜਾਵੇਗਾ। ਪਹਿਲਾਂ ਸੱਤੇ ਤੇ ਬਲਵੰਡ ਨੂੰ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਵਾਇਆ, ਇਸ਼ਨਾਨ ਕਰਕੇ ਇਨ੍ਹਾਂ ਦੇ ਸਰੀਰ ਦੀ ਜਲਨ ਦੂਰ ਹੋ ਗਈ। ਫਿਰ ਇਨ੍ਹਾਂ ਦੋਹਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤਕ ਬੜੇ ਪ੍ਰੇਮ ਸ਼ਰਧਾ ਨਾਲ ਇਹ ਵਾਰ ਗਾਈ। ਵੈਰਾਗ ਵਿਚ ਆ ਕੇ ਰੋਣ ਲਗ ਪਏ ਅਤੇ ਗੁਰੂ ਜੀ ਦੇ ਚਰਨਾਂ ਉਪਰ ਢਹਿ ਪਏ, ਸਤਿਗੁਰੂ ਨੇ ਬਖਸ਼ ਦਿਤੇ। ਦਰਪਣ ਅਨੁਸਾਰ ਇਹ ਘਟਨਾ ਮਾਰਚ ੧੫੯੨ ਦੀ ਹੈ (ਉਦੋਂ ਵਿਸਾਖੀ ਮਾਰਚ ਵਿਚ ਸੀ)।

ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ, ਅਉਗਣ ਕਟੇ ਕਰੇ ਸੁਧੁ ਦੇਹਾ। (ਅੰਗ ੯੬੦)

ਜਿਥੋਂ ਤੱਕ ਇਸ ਵਾਰ ਵਿਚ ਭਾਈ ਸੱਤੇ ਅਤੇ ਰਾਇ ਬਲਵੰਡ ਦੀਆਂ ਪਉੜੀਆਂ ਦੀ ਵੰਡ ਹੈ, ਉਸ ਬਾਰੇ ਵਿਦਵਾਨਾਂ ਵਿਚ ਪਰਸਪਰ ਮਤਭੇਦ ਹੈ। ਦਰਪਣ ਅਨੁਸਾਰ ਪਹਿਲੀਆਂ ਤਿੰਨ ਪਉੜੀਆਂ ਰਾਇ ਬਲਵੰਡ ਦੀ ਲਿਖਤ ਹਨ ਤੇ ਅਗਲੀਆਂ ਪੰਜ ਪਉੜੀਆਂ ਰਬਾਬੀ ਸੱਤੇ ਦੀ ਲਿਖਤ ਹਨ। ਉਨ੍ਹਾਂ ਨੇ ਦਲੀਲ ਇਹ ਦਿਤੀ ਹੈ ਕਿ ਪਹਿਲੀਆਂ ਤਿੰਨ ਪਉੜੀਆਂ ਬਲਵੰਡ ਦੇ ਨਾਮ ਨਾਲ ਪੂਰੀਆਂ ਹੋ ਜਾਂਦੀਆਂ ਹਨ, ਅਗਲੀ ਚੌਥੀ ਪਉੜੀ ਤੋਂ ਰਬਾਬੀ ਸੱਤਾ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਅਰੰਭ ਕਰਦਾ ਹੈ। {ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ੯੬੮} ਵਾਲੀ ਪੰਗਤੀ ਤੋਂ ਸਿੱਧ ਹੁੰਦਾ ਹੈ ਕਿ ਵਿਆਹ ਸੱਤੇ ਦੀ ਲੜਕੀ ਦਾ ਸੀ।

ਰਾਇ ਬਲਵੰਡ ਤੇ ਸੱਤੇ ਵਾਲੀ ਘਟਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਈ ਪ੍ਰਤੀਤ ਹੁੰਦੀ ਹੈ, ਕਿਉਂਕਿ ਇਨਾਂ ਦੋਹਾਂ ਨੇ ਅਪਣੀ ਭੁੱਲ ਭਾਈ ਲੱਧੇ ਪਰਉਪਕਾਰੀ ਰਾਹੀਂ ਗੁਰੂ ਜੀ ਤੋਂ ਬਖਸ਼ਾਈ ਸੀ। ਭਾਈ ਲੱਧਾ ਜੀ ਦਾ ਨਾਮ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਵਿਚ ਗਿਣਿਆ ਹੈ {ਲਖੁ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ। ਭਾ.ਗੁ. ਵਾਰ ੧੧-੨੫}। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਘਟਨਾ ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਚ ਨਹੀਂ, ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਈ ਹੈ।

ਰਾਇ ਬਲਵੰਡ ਤੇ ਭਾਈ ਸੱਤੇ ਵਾਲੀ ਇਤਿਹਾਸਕ ਘਟਨਾ ਨੂੰ ਸੈਂਕੜੇ ਸਾਲ ਲੰਘ ਗਏ ਹਨ, ਪਰ ਇਸ ਦਾ ਅਸਰ ਅੱਜ ਵੀ ਉਸੇ ਤਰ੍ਹਾਂ ਸ਼ਕਤੀਸ਼ਾਲੀ ਰੂਪ ਵਿਚ ਮੌਜੂਦ ਹੈ। ਗੁਰਬਾਣੀ ਜਿੱਥੇ ਮਾਨਸਕ ਰੋਗ ਦੂਰ ਕਰਦੀ ਹੈ, ਉਥੇ ਸਰੀਰ ਰੋਗ ਵੀ ਦੂਰ ਕਰਦੀ ਹੈ। ਪ੍ਰਥਮੇ ਮਿਟਿਆ ਤਨ ਕਾ ਦੂਖ। ਮਨ ਸਗਲ ਕਉ ਹੋਆ ਸੂਖੁ। (ਅੰਗ ੩੯੫)।

ਕੰਵਰ ਸ਼ਮਸ਼ੇਰ ਸਿੰਘ I. G. police punjab ਦੀ ਸੁਪਤਨੀ ਸ਼ੀਲਾ ਦੇ ਸਰੀਰ, ਖਾਸ ਕਰਕੇ ਹੱਥਾਂ ਉਤੇ ਕੋੜ੍ਹ ਦਾ ਰੋਗ ਪੈਦਾ ਹੋ ਗਿਆ। ਇਹ ਘਟਨਾ ਅੰਦਾਜਨ ੧੯੭੦ ਦੇ ਲਾਗੇ ਸ਼ਾਗੇ ਦੀ ਹੈ। ਉਨ੍ਹਾਂ ਨੇ ਬੜਾ ਇਲਾਜ ਕਰਵਾਇਆ, ਬਿਆਸ ਦੇ ਹਸਪਤਾਲ ਵਿਚ ਆਉਂਦੇ ਅਮਰੀਕਨ ਡਾਕਟਰਾਂ ਕੋਲੋਂ ਵੀ ਦਵਾਈ ਖਾਂਦੇ ਰਹੇ, ਪਰ ਆਰਾਮ ਨਹੀਂ ਆਇਆ। ਭਾਸ਼ਾ ਵਿਭਾਗ ਪਟਿਆਲਾ ਵਿਚ ਕੰਮ ਕਰਦੇ ਭਾਈ ਵਧਾਵਾ ਸਿੰਘ ਨੇ ਕੰਵਰ ਸ਼ਮਸ਼ੇਰ ਸਿੰਘ ਨੂੰ ਕਿਹਾ ਕਿ ਤੁਸੀਂ ਗੁਰੂ ਸਰ ਸੁਧਾਰ (ਜਿਲ੍ਹਾ ਲੁਧਿਆਣਾ) ਭਾਈ ਸ਼ੇਰ ਸਿੰਘ ਜੀ ਨੂੰ ਜਾ ਕੇ ਮਿਲੋ। ਉਹ ਨਾਮ ਬਾਣੀ ਦੇ ਚੰਗੇ ਅਭਿਆਸੀ ਹਨ, ਉਹ ਬੀਬੀ ਸ਼ੀਲਾ ਦਾ ਦੁਖ ਦੂਰ ਕਰ ਸਕਦੇ ਹਨ। ਕੰਵਰ ਸ਼ਮਸ਼ੇਰ ਸਿੰਘ ਬੀਬੀ ਸ਼ੀਲਾ ਨੂੰ ਲੈ ਪਿੰਡ ਸੁਧਾਰ ਪਹੁੰਚੇ, ਪਰ ਭਾਈ ਸ਼ੇਰ ਸਿੰਘ ਜੀ ਨੇ ਉਨ੍ਹਾਂ ਨੂੰ ਮਿਲਣ ਤੋਂ ਇਨਕਾਰ ਕਰ ਦਿਤਾ। ਵਧਾਵਾ ਸਿੰਘ ਜੀ ਦੇ ਕਹਿਣ ਤੋਂ ਫਿਰ ਦੁਬਾਰਾ ਗਏ, ਭਾਈ ਸ਼ੇਰ ਸਿੰਘ ਜੀ ਨੇ ਕਿਹਾ ਕਿ ਪਹਿਲਾਂ ਅਪਣਾ ਖਾਣਾ ਪੀਣਾ ਠੀਕ ਕਰੋ, ਮਾਸ ਸ਼ਰਾਬ ਤੋਂ ਹਟਾਇਆ। ਫਿਰ ਉਨ੍ਹਾਂ ਆਖਿਆ ਕਿ ਬੀਬੀ ਸ਼ੀਲਾ ਹਰ ਰੋਜ 'ਸਤੇ ਤੇ ਬਲਵੰਡ ਦੀ ਵਾਰ' ਦਾ ਪਾਠ ਕਰੇ। ਪਰ ਬੀਬੀ ਸ਼ੀਲਾ ਅੰਗਰੇਜੀ ਪੜ੍ਹੀ ਸੀ, ਗੁਰਮੁਖੀ ਨਹੀਂ ਸੀ ਜਾਣਦੀ, ਇਸ ਕਰਕੇ ਭਾਈ ਸ਼ੇਰ ਸਿੰਘ ਜੀ ਨੇ ਕਿਹਾ ਕਿ ਕਿਸੇ ਪਾਸੋਂ ਸੁਣ ਲਿਆ ਕਰੇ। ਗਿਆਨੀ ਹਰਬੰਸ ਸਿੰਘ ਜੀ ਉਨ੍ਹਾਂ ਦਿਨਾਂ ਵਿਚ ਸੀ. ਆਈ. ਡੀ. ਮਹਿਕਮੇ ਵਿਚ ਕੰਮ ਕਰਦੇ ਸਨ। ਕੰਵਰ ਸ਼ਮਸ਼ੇਰ ਸਿੰਘ ਨੇ ਬੀਬੀ ਸ਼ੀਲਾ ਨੂੰ ਪਾਠ ਸੁਣਾਉਣ ਦੀ ਸੇਵਾ ਗਿਆਨੀ ਹਰਬੰਸ ਸਿੰਘ ਦੀ ਲਗਾ ਦਿਤੀ। ਗਿਆਨੀ ਜੀ ਇਸ ਵਾਰ ਦਾ ਅਰਥਾਂ ਸਮੇਤ ਪਾਠ ਸੁਣਾਉਂਦੇ ਰਹੇ, ਜੋ ਬੀਬੀ ਸ਼ੀਲਾ ਬੜੇ ਪਿਆਰ ਨਾਲ ਸੁਣਿਆ ਕਰਦੇ ਸਨ। ਸਤਿਗੁਰੂ ਦੀ ਮੇਹਰ ਦਾ ਸਦਕਾ ਬੀਬੀ ਸ਼ੀਲਾ ਬਿਲਕੁਲ ਤੰਦਰੁਸਤ ਹੋ ਗਈ। ਬਾਦ ਵਿਚ ਸਾਰਾ ਪ੍ਰਵਾਰ ਹਜੂਰ ਸਾਹਿਬ ਦੇ ਦਰਸ਼ਨ ਕਰ ਆਇਆ ਅਤੇ ਘਰ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਵੀ ਕਰਾਇਆ।

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ ੴ ਸਤਿਗੁਰ ਪ੍ਰਸਾਦਿ ॥ ਨਾਉ ਕਰਤਾ ਕਾਦਰੁ ਕਰੇ, ਕਿਉ ਬੋਲੁ ਹੋਵੈ ਜੋਖੀਵਦੈ ॥ ਦੇ ਗੁਨਾ ਸਤਿ ਭੈਣ ਭਰਾਵ ਹੈ, ਪਾਰੰਗਤਿ ਦਾਨੁ ਪੜੀਵਦੈ ॥ ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵ

ਦੈ ॥ ਲਹਣੇ ਧਰਿਓਨੁ ਛਤੁ ਸਿਰਿ, ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥ ਮਤਿ ਗੁਰ ਆਤਮ ਦੇਵ ਦੀ, ਖੜਗਿ ਜੋਰਿ ਪਰਾਕੁਇ ਜੀਅ ਦੈ ॥ ਗੁਰਿ ਚੇਲੇ ਰਹਰਾਸਿ ਕੀਈ, ਨਾਨਕਿ ਸਲਾਮਤਿ ਥੀਵਦੈ ॥ ਸਹਿ ਟਿਕਾ ਦਿਤੋਸੁ ਜੀਵਦੈ ॥੧॥ (ਇਹ) ਰਾਮਕਲੀ ਦੀ ਵਾਰ ਰਾਇ ਬਲਵੰਡ ਅਤੇ ਸੱਤੇ ਡੂਮ ਨੇ ਉਚਾਰਨ ਕੀਤੀ ਹੈ।ਪ੍ਰਮਾਤਮਾ ਇਕ ਹੈ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਜਦ ਸਮਰੱਥ ਮਾਲਕ ਆਪ ਫੈਸਲਾ (ਨਿਆਉ) ਕਰੇ; ਸਰਬ ਸ਼ਕਤੀਮਾਨ ਕਰਤਾਰ ਜਿਸ ਦੇ ਨਾਮ ਨੂੰ ਉਚਾ ਕਰ ਦੇਵੇ, ਤਾਂ ਉਸ ਦੇ ਬੋਲ (ਹੁਕਮ) ਨੂੰ ਕਿਵੇਂ ਜੋਖਿਆ (ਤੋਲਿਆ) ਜਾ ਸਕਦਾ ਹੈ? (ਗੁਰੂ ਜੀ ਨੇ ਜੋ ਨਿਆਂ ਕੀਤਾ ਹੈ, ਉਹ ਪੂਰਾ ਤੋਲ ਕੇ ਕੀਤਾ ਹੈ। ਮੈਂ ਡੂਮ ਵਿਚਾਰਾ ਕੌਣ ਹਾਂ, ਜੋ ਗੁਰੂ ਜੀ ਦੇ ਉਚੇ ਰੁਤਬੇ ਨੂੰ ਬਿਆਨ ਕਰ ਸਕਾਂ?)।ਸੱਚ ਆਦਿਕ ਦੈਵੀ ਗੁਣ (ਗੁਰੂ ਨਾਨਕ ਦੇਵ ਜੀ ਦੇ) ਭੈਣ ਭਰਾ ਹਨ (ਉਨ੍ਹਾਂ ਦੇ ਅੰਦਰ ਇਹ ਗੁਣ ਹਨ, ਗੁਰੂ ਨਾਨਕ ਦੇਵ ਜੀ ਦੇ ਪੁਤ੍ਰ ਲਹੂ ਦਾ ਸਾਕ ਹੋਣ ਕਰਕੇ ਗੱਦੀ ਮੰਗਦੇ ਸਨ, ਪਰ ਅਸਲ ਸਾਕ ਚੰਗੇ ਗੁਣਾਂ ਦਾ ਹੁੰਦਾ ਹੈ, ਜਿਸ ਕਰਕੇ ਲਹਣੇ ਨੂੰ ਤਰਜੀਹ ਦਿਤੀ ਗਈ) ਪਰਮਗਤੀ ਉਸੇ ਨੂੰ ਪ੍ਰਾਪਤ ਹੁੰਦੀ ਹੈ, (ਜਿਸ ਨੂੰ ਗੁਰੂ ਪਾਸੋਂ ਇਹ ਦੈਵੀ ਗੁਣਾਂ ਦਾ) ਦਾਨ ਮਿਲੇ।(ਸਤਿਗੁਰੂ) ਨਾਨਕ ਨੇ ਬਲਵਾਨ ਨੀਂਹ ਰੱਖ ਕੇ ਸੱਚ ਰੂਪ ਕਿਲ੍ਹਾ ਉਸਾਰਿਆ ਅਤੇ ਧਰਮ ਦਾ ਰਾਜ ਚਲਾਇਆ।ਉਸ (ਗੁਰੂ ਨਾਨਕ ਦੇਵ ਜੀ) ਨੇ ਬਾਬਾ ਲਹਣਾ ਜੀ ਦੇ ਸਿਰ ਉਤੇ ਗੁਰਿਆਈ ਦਾ ਛਤਰ ਧਰਿਆ, ਜਿਨ੍ਹਾਂ ਨੇ ਹਰੀ ਦੀ ਸਿਫਤ ਸਲਾਹ ਕਰਕੇ ਨਾਮ ਅੰਮ੍ਰਿਤ ਪੀਤਾ।ਗੁਰੂ ਆਤਮ ਦੇਵ (ਵਾਹਿਗੁਰੂ) ਦੀ ਬਖਸ਼ੀ ਮੱਤ ਨਾਲ (ਗਿਆਨ) ਰੂਪ ਬਲ ਵਾਲੇ ਖੰਡੇ ਦੇ ਜੋਰ ਨਾਲ (ਬਾਬਾ ਲਹਿਣਾ ਜੀ ਦਾ ਪੁਰਾਣਾ ਜੀਵਨ ਕੱਢਕੇ ਉਨ੍ਹਾਂ ਨੂੰ) ਆਤਮਕ ਬਲ ਦਿਤਾ।ਗੁਰੂ ਨਾਨਕ ਦੇਵ ਜੀ ਨੇ ਸਹੀ ਸਲਾਮਤ (ਅਪਣੇ ਜਿਉਂਦੇ) ਹੁੰਦਿਆਂ ਹੀ ਚੇਲੇ (ਬਾਬਾ ਲਹਿਣਾ ਜੀ) ਨੂੰ ਨਮਸ਼ਕਾਰ ਕੀਤੀ।ਮਾਲਕ (ਗੁਰੂ ਨਾਨਕ ਦੇਵ ਜੀ) ਨੇ ਅਪਣੇ ਜਿਉਂਦਿਆਂ ਹੀ ਗੁਰਿਆਈ ਦਾ ਤਿਲਕ (ਬਾਬਾ ਲਹਿਣਾ ਜੀ ਨੂੰ) ਦੇ ਦਿਤਾ।੧।

ਪਦਾਰਥ = ਰਾਇ ਬਲਵੰਡਿ–ਰਾਇ ਬਲਵੰਡ ਨੇ।ਤਥਾ–ਅਤੇ।ਸਤੈ ਡੂਮਿ–ਸੱਤੇ ਡੂਮ ਨੇ।ਆਖੀ–ਉਚਾਰਨ ਕੀਤੀ; ਸੁਣਾਈ।ਨਾਉ–ਨਿਆਂ; ਨਾਮ; ਨਾਮਣਾ; ਵਡਿਆਈ।ਕਰਤਾ–ਕਰਤਾਰ।ਕਾਦਰੁ–ਸਰਬ ਸ਼ਕਤੀਮਾਨ।ਬੋਲੁ–ਬਚਨ; ਹੁਕਮ।ਜੋਖੀਵਦੈ–(ਡੋਮ ਭਾਸ਼ਾ) ਜੋਖਿਆ (ਤੋਲਿਆ) ਜਾ ਸਕਦਾ ਹੈ।ਦੇ ਗੁਨਾ–ਦੈਵੀ ਗੁਣ।ਸਤਿ–ਸੱਚਾਈ।ਪਾਰੰਗਤਿ–ਪਰਮਗਤੀ; ਭਵਜਲ ਤੋਂ ਪਾਰ ਲੰਘਣ ਵਾਲੀ ਆਤਮਕ ਅਵਸਥਾ।ਪੜੀਵਦੈ–(ਡੋਮ ਭਾਸ਼ਾ) ਅਪੜੀਂਵਦੇ (ਪਹੁੰਚਦੇ; ਪ੍ਰਾਪਤ ਹੁੰਦੇ) ਹਨ।ਨਾਨਕਿ–ਨਾਨਕ ਨੇ।ਕੋਟੁ–ਕਿਲ੍ਹਾ। ਸਤਾਣੀ–ਬਲ ਵਾਲਾ।ਨੀਵ–ਨੀਂਹ।ਦੈ–ਦੇ (ਰੱਖ) ਕੇ।ਧਰਿਓਨੁ–ਉਸ (ਗੁਰੂ ਨਾਨਕ ਦੇਵ ਜੀ) ਨੇ ਧਰਿਆ।ਲਹਿਣੇ ਸਿਰਿ–ਬਾਬਾ ਲਹਣਾ ਜੀ ਦੇ ਸਿਰ ਉਤੇ।ਛਤੁ–ਛਤਰ।ਕਰਿ ਸਿਫਤੀ–ਸਿਫਤ ਸਲਾਹ ਕਰਕੇ।ਅੰਮ੍ਰਿਤੁ ਪੀਵਦੈ–ਨਾਮ ਅੰਮ੍ਰਿਤ ਪੀਂਦੇ ਹਨ।ਮਤਿ–ਸਿਖਿਆ ਨਾਲ।ਆਤਮ ਦੇਵ–ਵਾਹਿਗੁਰੂ।ਖੜਗਿ ਜੋਰਿ–ਖੰਡੇ ਦੇ ਜੋਰ ਨਾਲ।ਪਰਾਕੁਇ ਜੀਅ ਦੈ–ਆਤਮਕ ਬਲ ਦਿਤਾ।ਗੁਰਿ–ਗੁਰੂ ਨਾਨਕ ਦੇਵ ਜੀ ਨੇ।ਚੇਲੇ–(ਅਪਣੇ) ਸਿੱਖ (ਬਾਬਾ ਲਹਣਾ ਜੀ) ਨੂੰ।ਰਹਰਾਸਿ ਕੀਈ–ਨਾਮਸ਼ਕਾਰ ਕੀਤੀ।ਸਲਾਮਤਿ ਥੀਵਦੈ–ਸਲਾਮਤ ਹੁੰਦਿਆਂ; ਸਰੀਰਕ ਤੌਰ ਤੇ ਜਿਉਂਦਿਆਂ ਹੀ।ਸਹਿ–ਮਾਲਕ (ਗੁਰੂ ਨਾਨਕ ਦੇਵ ਜੀ) ਨੇ।ਟਿਕਾ–(ਗੁਰਿਆਈ ਦਾ) ਤਿਲਕ। ਦਿਤੋਸੁ–ਉਸ ਨੂੰ (ਬਾਬਾ ਲਹਿਣਾ ਜੀ ਨੂੰ) ਦਿਤਾ।ਜੀਵਦੈ–ਜਿਉਂਦਿਆਂ ਹੀ।੧।

ਲਹਣੇ ਦੀ ਫੇਰਾਈਐ, ਨਾਨਕਾ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥ ਝੁਲੈ ਸੁ ਛਤੁ ਨਿਰੰਜਨੀ, ਮਲਿ ਤਖਤੁ ਬੈਠਾ ਗੁਰ ਹਟੀਐ ॥ ਕਰਹਿ ਜਿ ਗੁਰ ਫੁਰਮਾਇਆ, ਸਿਲ ਜੋਗੁ ਅਲੂਣੀ ਚਟੀਐ ॥ ਲੰਗਰੁ ਚਲੈ ਗੁਰ ਸਬਦਿ, ਹਰਿ ਤੋਟਿ ਨ ਆਵੀ ਖਟੀਐ ॥ ਗੁਰੂ ਨਾਨਕ ਦੇਵ ਜੀ ਦੀ ਕਮਾਈ ਹੋਈ (ਵਡਿਆਈ ਦੀ) ਦੁਹਾਈ (ਦੀ ਥਾਂ ਹੁਣ) ਬਾਬਾ ਲਹਿਣਾ ਜੀ ਦੀ ਦੁਹਾਈ ਫਿਰ ਗਈ ਹੈ; (ਸੰਸਾਰ ਵਿਚ) ਬਾਬਾ ਲਹਿਣਾ ਜੀ ਦਾ ਜਸ ਫੈਲ ਗਿਆ ਹੈ।(ਬਾਬਾ ਲਹਿਣਾ ਜੀ ਦੇ ਅੰਦਰ) ਉਹ ਹੀ (ਗੁਰੂ ਨਾਨਕ ਦੇਵ ਜੀ ਵਾਲੀ) ਜੋਤ ਹੈ ਅਤੇ ਜੁਗਤੀ ਵੀ ਉਹ ਹੀ (ਗੁਰੂ ਨਾਨਕ ਦੇਵ ਜੀ ਵਾਲੀ) ਹੈ, ਮਾਲਕ (ਗੁਰੂ ਨਾਨਕ ਦੇਵ ਜੀ) ਨੇ ਦੁਬਾਰਾ ਸਰੀਰ ਹੀ ਬਦਲਿਆ ਹੈ।(ਗੁਰੂ ਨਾਨਕ ਦੇਵ ਜੀ ਵਾਲਾ) ਸੁੰਦਰ ਨਿਰੰਕਾਰੀ ਛਤਰ (ਹੁਣ ਬਾਬਾ ਲਹਿਣਾ ਜੀ ਦੇ ਸਿਰ ਤੇ) ਝੁਲ ਰਿਹਾ ਹੈ, (ਗੁਰੂ ਨਾਨਕ ਦੇਵ ਜੀ ਦੀ) ਉਪਦੇਸ਼ ਰੂਪ ਹੱਟੀ ਵਿਚ (ਬਾਬਾ ਲਹਿਣਾ ਜੀ ਗੁਰ ਗੱਦੀ ਦਾ) ਤਖਤ ਮੱਲ ਕੇ ਬੈਠੇ ਹਨ।(ਬਾਬਾ ਲਹਿਣਾ ਜੀ ਉਹੋ ਕੁਝ) ਕਰਦੇ ਹਨ, ਜਿਹੜਾ ਕੁਝ ਗੁਰੂ (ਨਾਨਕ ਦੇਵ ਜੀ) ਨੇ ਹੁਕਮ ਕੀਤਾ ਸੀ, (ਹੁਕਮ ਨੂੰ ਮੰਨਣਾ ਹੀ ਬਾਬਾ ਲਹਿਣਾ ਜੀ ਲਈ ਅਸਲੀ) ਜੋਗ ਸੀ ਭਾਵ ਹੁਕਮ ਮੰਨਣ ਦੀ ਕਰੜੀ ਸਾਧਨਾ ਕੀਤੀ, ਜੋ ਅਲੂਣੀ ਸਿਲ ਚੱਟਣ ਵਾਂਗ ਹੈ (ਹੁਕਮ ਮੰਨਣ ਨੂੰ ਸੰਸਾਰੀ ਲੋਕ ਬੇਸੁਆਦਾ ਮਾਰਗ ਸਮਝਦੇ ਸਨ, ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਹੁਕਮ ਮੰਨਣ ਦੇ ਰਸਤੇ ਉਤੇ ਤੁਰੇ।ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ) ਗੁਰੂ ਦੇ ਸ਼ਬਦ ਰਾਹੀਂ ਕਥਾ ਕੀਰਤਨ ਦਾ ਲੰਗਰ ਚਲਦਾ ਹੈ, (ਬਾਬਾ ਲਹਿਣਾ ਜੀ ਦੀ) ਹਰੀ ਦੇ ਨਾਮ ਦੀ ਕਮਾਈ ਵਿਚ ਕੋਈ ਤੋਟ ਨਹੀਂ ਆਉਂਦੀ।

ਅੰਗ ੯੬੭ = ਖਰਚੇ ਦਿਤਿ ਖਸੰਮ ਦੀ, ਆਪ ਖਹਦੀ ਖੈਰਿ ਦਬਟੀਐ ॥ ਹੋਵੈ ਸਿਫਤਿ ਖਸੰਮ ਦੀ, ਨੂਰੁ ਅਰਸਹੁ ਕੁਰਸਹੁ ਝਟੀਐ ॥ ਤੁਧੁ ਡਿਠੇ ਸਚੇ ਪਾਤਿਸਾਹ, ਮਲੁ ਜਨਮ ਜਨਮ ਦੀ ਕਟੀਐ ॥ ਸਚੁ ਜਿ ਗੁਰਿ ਫੁਰਮਾਇਆ, ਕਿਉ ਏਦੂ ਬੋਲਹੁ ਹਟੀਐ ॥ ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ੍ ਮੁਰਟੀਐ ॥ ਦਿਲਿ ਖੋਟੈ ਆਕੀ ਫਿਰਨਿ੍ ,ਬੰਨਿ੍ ਭਾਰੁ ਉਚਾਇਨਿ੍ ਛਟੀਐ ॥ ਜਿਨਿ ਆਖੀ ਸੋਈ ਕਰੇ, ਜਿਨਿ ਕੀਤੀ ਤਿਨੈ ਥਟੀਐ ॥ ਕਉਣੁ ਹਾਰੇ ਕਿਨਿ ਉਵਟੀਐ ॥੨॥ (ਗੁਰੂ ਅੰਗਦ ਦੇਵ ਜੀ) ਮਾਲਕ (ਪ੍ਰਭੂ ਦੀ) ਦਿਤੀ ਹੋਈ ਨਾਮ ਬਾਣੀ ਦੀ ਦਾਤ ਖਰਚ ਰਹੇ ਹਨ, ਆਪ ਖਾਂਦੇ ਹਨ ਅਤੇ ਹੋਰਨਾਂ ਨੂੰ ਦਾਨ ਵੰਡੀ ਜਾ ਰਹੇ ਹਨ (ਨਾਮ ਜਪਦੇ ਹਨ ਤੇ ਹੋਰਨਾਂ ਨੂੰ ਜਪਾਉਂਦੇ ਹਨ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ) ਮਾਲਕ ਪ੍ਰਭੂ ਸੀ ਸਿਫਤ ਸਲਾਹ ਹੁੰਦੀ ਹੈ, (ਗੁਰੂ ਦਰਬਾਰ ਵਿਚ) ਅਕਾਸ਼ ਅਤੇ ਸੂਰਜ ਚੰਦ ਦੀ ਟਿੱਕੀ (ਨਿਰੰਕਾਰੀ ਦੇਸ਼) ਤੋਂ ਨੂਰ ਝੜਦਾ (ਵਰਸਦਾ) ਹੈ। ਹੇ ਸੱਚੇ ਪਾਤਸ਼ਾਹ (ਗੁਰੂ ਅੰਗਦ ਦੇਵ ਜੀ)! ਤੇਰਾ ਦਰਸ਼ਨ ਦੇਖ ਕੇ ਜਨਮਾਂ ਜਨਮਾਂ ਦੀ ਮੈਲ ਕੱਟੀ ਜਾਂਦੀ ਹੈ। ਜਦ ਗੁਰੂ (ਨਾਨਕ ਦੇਵ ਜੀ) ਨੇ ਇਹ ਸੱਚਾ ਹੁਕਮ ਫੁਰਮਾਇਆ ਕਿ (ਲਹਿਣਾ ਜੀ ਨੂੰ ਗੁਰ ਮੰਨੋ), ਤਾਂ ਇਸ ਬੋਲ ਨੂੰ ਮੰਨਣ ਤੋਂ ਕਿਵੇਂ ਹਟਿਆ ਜਾ ਸਕਦਾ ਹੈ? (ਗੁਰੂ ਨਾਨਕ ਦੇਵ ਜੀ ਦੇ ਬਚਨਾਂ ਤੋਂ ਕੋਈ ਸਿੱਖ ਪਿੱਛੇ ਨਹੀਂ ਹਟ ਸਕਦਾ)। ਪੁਤ੍ਰਾਂ (ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ) ਨੇ ਗੁਰੂ ਪਿਤਾ ਦਾ ਬਚਨ ਨਹੀਂ ਪਾਲਿਆ (ਹੁਕਮ ਨਹੀਂ ਮੰਨਿਆ ਅਤੇ ਬਾਬਾ ਲਹਿਣਾ ਜੀ ਨੂੰ) ਗੁਰੂ ਕਰਕੇ ਮੰਨਣ ਤੋਂ ਕੰਨ੍ਹ (ਪਾਸਾ) ਮੋੜ ਲਿਆ। (ਦੋਵੇਂ ਪੁਤ੍ਰ) ਦਿਲ ਖੋਟੇ ਹੋਣ ਕਰਕੇ (ਗੁਰੂ ਤੋਂ) ਆਕੀ ਹੋਏ ਫਿਰਦੇ ਸਨ ਅਤੇ (ਹੰਕਾਰ ਦੀ) ਛੱਟ ਦਾ ਭਾਰ ਬੰਨ੍ਹ ਕੇ (ਸਿਰ ਤੇ) ਚੁੱਕੀ ਫਿਰਦੇ ਸਨ। ਜਿਸ ਗੁਰੂ (ਨਾਨਕ ਦੇਵ ਜੀ) ਨੇ ਗੱਲ ਆਖੀ ਕਿ ਬਾਬਾ ਲਹਿਣਾ ਮੇਰਾ ਰੂਪ ਹੈ, ਉਹ ਹੀ (ਗੁਰੂ ਨਾਨਕ ਦੇਵ ਜੀ ਬਾਬਾ ਲਹਿਣਾ ਜੀ ਦੇ ਰੂਪ ਵਿਚ ਗੁਰਿਆਈ) ਕਰ ਰਹੇ ਹਨ ਅਤੇ ਜਿਸ (ਗੁਰੂ ਅੰਗਦ ਦੇਵ ਜੀ) ਨੇ ਹੁਕਮ ਮੰਨ ਕੇ ਸੇਵਾ ਕੀਤੀ, ਉਸ ਨੂੰ ਹੀ (ਗੁਰ ਗੱਦੀ ਤੇ) ਥਾਪਿਆ ਗਿਆ (ਬਾਬਾ ਲਹਿਣਾ ਜੀ ਨੂੰ ਗੱਦੀ ਤੇ ਨਿਵਾਜਿਆ ਗਿਆ। ਬਾਬਾ ਲਹਿਣਾ ਜੀ ਅਤੇ ਪੁਤ੍ਰਾਂ ਵਿਚੋਂ) ਕੌਣ ਹਾਰਿਆ ਅਤੇ ਕਿਸ ਨੇ (ਇਹ ਖੇਡ) ਜਿੱਤੀ? (ਲਹਿਣਾ ਜੀ ਜਿੱਤ ਗਏ)।੨।

ਪਦਾਰਥ = ਫੇਰਾਈਐ–ਫਿਰ ਗਈ; ਫੈਲ ਗਈ; ਪਸਰ ਗਈ। ਨਾਨਕਾ ਦੋਹੀ–ਗੁਰੂ ਨਾਨਕ ਦੇਵ ਜੀ ਦੀ ਦੁਹਾਈ (ਧੁੰਮ)। ਖਟੀਐ–(ਖੱਟੀਐ ਪੜ੍ਹੋ) ਕਮਾਈ ਹੋਈ। ਜੋਤ–ਰੱਬੀ ਨੂਰ। ਜੁਗਤਿ–ਰਹੁ ਰੀਤ; (ਕਥਾ ਕੀਰਤਨ ਵਾਲੀ) ਮਰਿਆਦਾ। ਸਾਇ–ਉਹ ਹੀ ਹੈ। ਸਹਿ –ਮਾਲਕ (ਗੁਰੂ) ਨੇ। ਕਾਇਆ–ਸਰੀਰ। ਫੇਰਿ–ਦੁਬਾਰਾ। ਪਲਟੀਐ–ਬਦਲਿਆ ਹੈ। ਸੁ ਛਤੁ ਨਿਰੰਜਨੀ–ਸੁੰਦਰ ਰੱਬੀ ਛਤਰ। ਮਲਿ–ਮੱਲ (ਸਾਂਭ) ਕੇ। ਗੁਰ ਹਟੀਐ–(ਹੱਟੀਐ ਬੋਲੋ) ਗੁਰੂ ਨਾਨਕ ਦੀ ਹੱਟੀ (ਦਰਬਾਰ) ਵਿਚ। ਕਰਹਿ–ਕਰਦੇ ਹਨ। ਗੁਰ ਫੁਰਮਾਇਆ–ਗੁਰੂ ਦਾ ਫੁਰਮਾਇਆ ਹੁਕਮ। ਜੋਗੁ–ਹੁਕਮ ਮੰਨਣ ਰੂਪ ਜੋਗ। ਸਿਲ ਅਲੂਣੀ–ਲੂਣ ਰਹਿਤ ਸਿਲ (ਪੱਥਰ) ਭਾਵ ਕਰੜੀ ਸਾਧਨਾ ਤੋਂ ਹੈ। ਚਟੀਐ (ਚੱਟੀਐ ਬੋਲੋ)–ਚੱਟਣ ਵਾਂਗ। ਸਬਦਿ–ਸ਼ਬਦ ਰਾਹੀਂ। ਤੋਟਿ–ਘਾਟਾ; ਕਮੀ। ਨ ਆਵੀ–ਨਹੀਂ ਆਉਂਦਾ। ਖਟੀਐ–ਕਮਾਈ ਵਿਚ। ਖਰਚੇ–ਖਰਚ (ਵੰਡ) ਰਿਹਾ ਹੈ। ਦਿਤਿ ਖਸੰਮ ਦੀ–ਮਾਲਕ ਦੀ ਦਿਤੀ ਦਾਤ। ਖਹਦੀ–ਖਾਂਦੇ (ਵਰਤਦੇ) ਹਨ। ਖੈਰਿ–ਦਾਨ। ਦਬਟੀਐ (ਡੋਮ ਭਾਸ਼ਾ। ਦਬੱਟੀਐ ਬੋਲੋ)–ਦਾਨ ਬਾਂਟੀਐ (ਵੰਡੀ ਜਾਂਦੇ ਹਨ)। ਨੂਰੁ–ਪ੍ਰਕਾਸ਼। ਅਰਸਹੁ–ਅਕਾਸ਼ ਤੋਂ। ਕੁਰਸਹੁ–ਸੂਰਜ ਚੰਦ ਦੀ ਟਿੱਕੀ ਤੋਂ (ਅਰਸਹੁ ਕੁਰਸਹੁ–ਰੁਹਾਨੀ ਮੰਡਲਾਂ ਤੋਂ)। ਝਟੀਐ (ਝੱਟੀਐ ਬੋਲੋ)–ਝੜ (ਵਰਸ) ਰਿਹਾ ਹੈ। ਤੁਧੁ ਡਿਠੇ–ਤੈਨੂੰ ਦੇਖ ਕੇ (ਤੇਰਾ ਦਰਸ਼ਨ ਕੀਤਿਆਂ)। ਸਚੇ ਪਾਤਸਾਹ–ਹੇ ਸੱਚੇ ਪਾਤਸ਼ਾਹ!। ਮਲੁ–ਮੈਲ। ਗੁਰਿ–ਗੁਰੂ ਨੇ। ਏਦੂ–ਇਸ ਤੋਂ। ਬੋਲਹੁ–ਬਚਨਾਂ ਤੋਂ। ਕਿਉ ਹਟੀਐ–ਕਿਵੇਂ ਹਟਿਆ ਜਾ ਸਕਦਾ ਹੈ? ਪੁਤ੍ਰੀ–ਪੁੱਤ੍ਰਾਂ ਨੇ। ਕਉਲੁ–ਬਚਨ; ਹੁਕਮ। ਨ ਪਾਲਿਓ–ਨਹੀਂ ਮੰਨਿਆ। ਕਰਿ ਪੀਰਹੁ–ਗੁਰੂ ਕਰਕੇ ਮੰਨਣ ਤੋਂ। ਕੰਨ੍–ਮੋਢਾ (ਭਾਵ ਪਿੱਠ)। ਮੁਰਟੀਐ–(ਡੋਮ ਭਾਸ਼ਾ। ਮੁਰੱਟੀਐ ਬੋਲੋ) ਮੋੜ ਲਿਆ। ਦਿਲਿ ਖੋਟੈ –ਦਿਲ ਖੋਟੇ ਹੋਣ ਕਰਕੇ। ਆਕੀ–(ਅ.) ਹੁਕਮ ਨਾ ਮੰਨਣ ਵਾਲਾ; ਬਾਗੀ। ਬੰਨਿ੍–ਬੰਨ੍ਹ ਕੇ। ਭਾਰੁ–ਬੋਝ। ਉਚਾਇਨਿ੍–ਚੁੱਕਦੇ ਹਨ। ਛਟੀਐ (ਛੱਟੀਐ ਪੜ੍ਹੋ)–ਛੱਟ; ਗੂਣ (ਛੱਟ ਦੂਹਰੀ ਬੋਰੀ ਹੁੰਦੀ ਹੈ, ਜਿਸ ਵਿਚ ਭਾਰ ਪਾ ਕੇ ਗਧਿਆਂ ਉਤੇ ਲੱਦੀਦਾ ਹੈ)। ਜਿਨਿ–ਜਿਸ ਨੇ। ਆਖੀ–ਕਹੀ ਹੈ। ਸੋਈ–ਉਹ ਹੀ। ਤਿਨੈ–ਉਸ ਨੂੰ ਹੀ। ਥਟੀਐ–(ਥੱਟੀਐ) ਬੋਲੋ) ਥਾਪਿਆ। ਕਿਨਿ–ਕਿਸ ਨੇ। ਉਵਟੀਐ–(ਡੋਮ ਭਾਸ਼ਾ। ਉਵੱਟੀਐ ਬੋਲੋ) ਲਾਭ ਖੱਟਿਆ; ਜਿੱਤੀ ਹੈ।੨।

ਜਿਨਿ ਕੀਤੀ ਸੋ ਮੰਨਣਾ, ਕੋ ਸਾਲੁ ਜਿਵਾਹੇ ਸਾਲੀ ॥ ਧਰਮ ਰਾਇ ਹੈ ਦੇਵਤਾ, ਲੈ ਗਲਾ ਕਰੇ ਦਲਾਲੀ ॥ ਸਤਿਗੁਰੁ ਆਖੈ ਸਚਾ ਕਰੇ, ਸਾ ਬਾਤ ਹੋਵੈ ਦਰਹਾਲੀ ॥ ਗੁਰ ਅੰਗਦ ਦੀ ਦੋਹੀ ਫਿਰੀ, ਸਚੁ ਕਰਤੈ ਬੰਧਿ ਬਹਾਲੀ ॥ ਨਾਨਕੁ ਕਾਇਆ ਪਲਟੁ ਕਰਿ, ਮਲਿ ਤਖਤੁ ਬੈਠਾ ਸੈ ਡਾਲੀ ॥ ਦਰੁ ਸੇਵੇ ਉਮਤਿ ਖੜੀ, ਮਸਕਲੈ ਹੋਇ ਜੰਗਾਲੀ ॥ ਦਰਿ ਦਰਵੇਸੁ ਖਸੰਮ ਦੈ, ਨਾਇ ਸਚੈ ਬਾਣੀ ਲਾਲੀ ॥ ਬਲਵੰਡ ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥ ਗੁਰਸਿਖਾ

ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ ॥ ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ ॥ ਮਾਤਾ ਖੀਵੀ ਸਹੁ ਸੋਇ, ਜਿਨਿ ਗੋਇ ਉਠਾਲੀ ॥੩॥ ਜਿਸ ਗੁਰੂ ਅੰਗਦ ਦੇਵ ਜੀ ਨੇ (ਗੁਰੂ ਨਾਨਕ ਦੇਵ ਜੀ ਦਾ ਹੁਕਮ ਮੰਨਣ ਦੀ ਘਾਲ ਕਮਾਈ) ਕੀਤੀ, ਉਹ (ਬਾਬਾ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਰੂਪ ਹੋ ਗਏ, ਇਸ ਲਈ) ਉਹ ਮੰਨਣ ਯੋਗ ਹੋ ਗਏ, ਜਿਵਾਹੇ ਅਤੇ ਧਾਨਾਂ ਵਿਚੋਂ ਕੌਣ ਸ੍ਰੇਸ਼ਟ ਹੈ? (ਜਿਵੇਂ ਧਾਨਾਂ ਤੇ ਜਵਾਸਾ ਵਿਚੋਂ ਨਿਰਣਾ ਕਰਨਾ ਸੌਖਾ ਹੈ, ਕਿ ਕਿਹੜਾ ਚੰਗਾ ਹੈ, ਤਿਵੇਂ ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਅਤੇ ਬਾਬਾ ਲਹਿਣਾ ਜੀ ਵਿਚੋਂ ਨਿਰਣਾ ਕਰਨਾ ਆਸਾਨ ਹੈ ਕਿ ਕੌਣ ਗੁਰੂ ਅਨੁਸਾਰੀ ਕੌਣ ਹੈ?)। ਧਰਮਰਾਜ ਦੇਵਤਾ ਹੈ, ਜੋ ਗੱਲਾਂ ਲੈ (ਦੋਹਾਂ ਪਾਸਿਆਂ ਦੇ ਗੁਣ ਔਗਣ ਦੇਖ) ਕੇ ਦਲੀਲ ਨਾਲ ਨਿਆਂ ਕਰਦਾ ਹੈ (ਕਿ ਗੁਰੂ ਅੰਗਦ ਦੇਵ ਜੀ ਮੰਨਣ ਯੋਗ ਹਨ। ਜੋ ਹੁਣ) ਬਚਨ ਸਤਿਗੁਰੂ (ਅੰਗਦ ਦੇਵ ਜੀ) ਆਖਦੇ ਹਨ, ਸੱਚਾ ਪ੍ਰਭੂ ਉਹੀ ਕਰ ਦਿੰਦਾ ਹੈ, ਉਹ ਗੱਲ ਤੁਰੰਤ ਹੋ ਜਾਂਦੀ ਹੈ। ਗੁਰੂ ਅੰਗਦ ਦੇਵ ਜੀ ਦੀ ਵਡਿਆਈ ਦੀ ਧੁੰਮ (ਸਾਰੇ ਸੰਸਾਰ ਵਿਚ) ਫਿਰ ਗਈ, ਸੱਚੇ ਕਰਤਾਰ ਨੇ (ਇਹ ਵਡਿਆਈ) ਬੰਨ੍ਹ ਕੇ ਬਿਠਾ ਦਿਤੀ ਭਾਵ ਪੱਕੀ ਤਰ੍ਹਾਂ ਟਿਕਾ (ਕਾਇਮ ਕਰ) ਦਿਤੀ। ਸੈਂਕੜੇ ਡਾਲੀਆਂ (ਸਿੱਖ ਸੇਵਕਾਂ) ਵਾਲੇ ਗੁਰੂ ਨਾਨਕ ਦੇਵ ਜੀ ਅਪਣਾ ਸਰੀਰ ਵਟਾ ਕੇ (ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ) ਗੁਰ ਗੱਦੀ ਦੇ ਤਖਤ ਨੂੰ ਮੱਲ ਕੇ ਬੈਠੇ ਹਨ। ਸਾਰੀ ਸਿੱਖ ਸੰਗਤ (ਉਨ੍ਹਾਂ ਦੇ) ਦਰ ਉਤੇ ਖੜੀ ਸੇਵਾ ਕਰਦੀ ਹੈ, (ਜਿਵੇਂ) ਜੰਗਾਲੀ ਹੋਈ ਧਾਤ ਮਸਕਲੇ ਨਾਲ ਸਾਫ ਹੋ ਜਾਂਦੀ ਹੈ (ਇਵੇਂ ਉਨ੍ਹਾਂ ਨੇ ਸੇਵਾ ਕਰਕੇ ਅਪਣੇ ਮਨਾਂ ਤੋਂ ਪਾਪਾਂ ਦੀ ਮੈਲ ਲਾਹ ਲਈ ਹੈ)। ਮਾਲਕ ਗੁਰੂ ਨਾਨਕ ਦੇਵ ਜੀ ਦੇ ਦਰ ਦੇ ਦਰਵੇਸ਼ (ਗੁਰੂ ਅੰਗਦ ਦੇਵ ਜੀ ਦੇ ਮੁਖ ਉਤੇ) ਸਚੇ ਨਾਮ ਸਿਮਰਨ ਦੀ ਬਰਕਤ ਨਾਲ ਲਾਲੀ ਬਣੀ ਹੋਈ ਹੈ। ਬਲਵੰਡ ਆਖਦਾ ਹੈ ਕਿ ਮਾਤਾ ਖੀਵੀ ਜੀ ਨੇਕ ਇਸਤ੍ਰੀ ਹੈ, ਜਿਸ ਦੀ ਛਾਂ ਬਹੁਤ ਪੱਤਿਆਂ ਵਾਲੀ ਸੰਘਣੀ ਹੈ (ਸੰਗਤਾਂ ਦੇ ਤਪਦੇ ਮਨਾਂ ਨੂੰ ਮਾਤਾ ਖੀਵੀ ਜੀ ਤੋਂ ਸ਼ਾਂਤੀ ਮਿਲਦੀ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਦੀ ਸੰਗਤ ਵਿਚ) ਨਾਮ ਰੂਪ ਦੌਲਤ ਵੰਡੀ ਜਾਂਦੀ ਹੈ, (ਉਵੇਂ ਹੀ ਮਾਤਾ ਖੀਵੀ ਜੀ) ਲੰਗਰ ਵਿਚ ਅੰਮ੍ਰਿਤ ਰਸ ਰੂਪ ਘਿਉ ਵਾਲੀ ਖੀਰ ਵੰਡਦੇ ਹਨ। ਗੁਰ ਸਿੱਖਾਂ ਦੇ ਮੁਖ ਖਿੜੇ ਹੋਏ ਹਨ, ਪਰ ਮਨਮੁਖਾਂ ਦੇ ਮੁਖ ਪੀਲੇ ਪਏ ਹੋਏ ਹਨ; ਪਰਾਲੀ ਵਾਂਗ ਦੈਵੀ ਗੁਣਾਂ ਤੋਂ ਖਾਲੀ ਪਏ ਹੋਏ ਹਨ। ਜਦੋਂ (ਗੁਰੂ ਅੰਗਦ ਦੇਵ ਜੀ ਨੇ) ਮਰਦਾਂ ਵਾਲੀ ਘਾਲ ਘਾਲੀ, ਤਾਂ ਮਾਲਕ (ਗੁਰੂ ਨਾਨਕ ਦੇਵ ਜੀ) ਨਾਲ ਪ੍ਰਵਾਨ ਪੈ ਗਏ। ਮਾਤਾ ਖੀਵੀ ਜੀ ਦਾ ਉਹ ਪਤੀ (ਗੁਰੂ ਅੰਗਦ ਦੇਵ ਜੀ ਮਹਾਨ ਹੈ), ਜਿਸ ਨੇ ਧਰਤੀ ਦਾ ਭਾਰ (ਅਪਣੇ ਸਿਰ ਉਤੇ) ਉਠਾ ਲਿਆ ਹੋਇਆ ਹੈ (ਧਰਤੀ ਦੇ ਜੀਵਾਂ ਨੂੰ ਭਵਜਲ ਤੋਂ ਪਾਰ ਕਰਨ ਦਾ ਬੀੜਾ ਚੁੱਕਿਆ ਹੋਇਆ ਹੈ)। ੩।

ਪਦਾਰਥ = ਜਿਨਿ–ਜਿਸ (ਗੁਰੂ ਅੰਗਦ ਦੇਵ ਜੀ) ਨੇ। ਕੀਤੀ–(ਹੁਕਮ ਮੰਨਣ ਦੀ ਘਾਲ ਕਮਾਈ) ਕੀਤੀ। ਸੋ–ਉਹ। ਮੰਨਣਾ–ਮੰਨਣ ਯੋਗ; ਆਦਰ ਯੋਗ। ਕੋ–ਕੌਣ। ਸਾਲੁ–ਸ੍ਰੇਸ਼ਟ। ਜਿਵਾਹੇ (ਜਵਾਸਾ)–ਗਰਮੀਆਂ ਵਿਚ ਹੋਣ ਵਾਲਾ ਇਕ ਘਾਹ, ਜੋ ਵਰਖਾ ਪੈਣ ਤੋਂ ਸੜ ਜਾਂਦਾ ਹੈ, ਇਸ ਦੇ ਬੀਜ ਵਸਤਾਂ ਵਿਚ ਰੱਖਣ ਨਾਲ ਕੀੜਾ ਨਹੀਂ ਲਗਦਾ (ਮ.ਕੋ.)। ਸਾਲੀ–ਧਾਨ (ਚਾਵਲ)। ਲੈ ਗਲਾ–ਗੱਲਾਂ ਲੈ ਕੇ (ਦੋਹਾਂ ਪਾਸਿਆਂ ਦੇ ਗੁਣ ਔਗਣ ਦੇਖ ਕੇ)। ਦਲਾਲੀ–ਫੈਸਲਾ; ਨਿਆਂ। ਸਚਾ–ਸੱਚਾ ਪ੍ਰਭੂ। ਕਰੇ–ਕਰ ਦਿੰਦਾ ਹੈ। ਸਾ ਬਾਤ–ਉਹ ਗੱਲ। ਦਰਹਾਲੀ–ਤੁਰੰਤ; ਉਸੇ ਵਕਤ। ਦੋਹੀ–ਦੁਹਾਈ; ਢੰਢੋਰਾ (ਡੌਂਡੀ ਪਿਟ ਕੇ ਦਿਤੀ ਖਬਰ)। ਫਿਰੀ–ਫਿਰ (ਫੈਲ) ਗਈ। ਸਚੁ ਕਰਤੈ–ਸੱਚੇ ਕਰਤਾਰ ਨੇ। ਬੰਧਿ ਬਹਾਲੀ–ਬੰਨ੍ਹ ਕੇ ਬਿਠਾ (ਪੱਕੀ ਤਰ੍ਹਾਂ ਕਾਇਮ ਕਰ) ਦਿਤੀ। ਕਾਇਆ–ਸਰੀਰ। ਪਲਟੁ ਕਰਿ–ਵਟਾ ਕਰਕੇ। ਮਲਿ–ਮੱਲ (ਸਾਂਭ) ਕੇ। ਸੈ ਡਾਲੀ–ਸੈਂਕੜੇ ਟਾਹਣੀਆਂ ਵਾਲਾ (ਸਾਧ ਸੰਗਤ ਦੇ ਫੈਲਾਉ ਵਾਲਾ)। ਦਰੁ ਸੇਵੇ–ਦਰ ਉਤੇ ਸੇਵਾ ਕਰਦੀ ਹੈ। ਉਮਤਿ (ਅ.)–ਲੋਕਾਂ ਦਾ ਸਮਦਾਇ ਭਾਵ ਸਿੱਖ ਸੰਗਤ। ਖੜੀ–ਖਲੋਤੀ। ਮਸਕਲੈ–ਜੰਗਾਲ ਲਾਹੁਣ ਵਾਲੇ ਸੰਦ ਨਾਲ। ਜੰਗਾਲੀ–ਜੰਗਾਲ ਵਾਲੀ (ਮੈਲੀ)। ਦਰਿ–ਦਰ ਉਤੇ। ਖਸੰਮ ਦੈ–ਮਾਲਕ ਦੇ। ਨਾਇ ਸਚੈ–ਸੱਚੇ ਪ੍ਰਭੂ ਦੇ ਨਾਮ ਨਾਲ। ਬਾਣੀ–ਬਣੀ ਹੋਈ ਹੈ। ਬਲਵੰਡ–ਰਬਾਬੀ ਦਾ ਨਾਮ ਹੈ। ਖੀਵੀ–ਗੁਰੂ ਅੰਗਦ ਦੇਵ ਜੀ ਦੀ ਪਤਨੀ। ਨੇਕ ਜਨ–ਨੇਕ ਇਸਤ੍ਰੀ। ਪਤ੍ਰਾਲੀ–ਪੱਤਿਆਂ ਵਾਲੀ। ਲੰਗਰਿ–ਲੰਗਰ ਵਿਚ। ਦਉਲਤਿ–ਦੌਲਤ। ਰਸੁ ਅੰਮ੍ਰਿਤੁ–ਅੰਮ੍ਰਿਤ ਵਰਗੀ ਸੁਆਦਲੀ। ਘਿਆਲੀ–ਘਿਉ ਵਾਲੀ। ਉਜਲੇ–ਖਿੜੇ ਹੋਏ ਹਨ। ਥੀਏ–ਹੋਏ ਪਏ ਹਨ। ਪਰਾਲੀ–ਪਰਾਲੀ ਵਾਰਗੇ ਪੀਲੇ; ਧਾਨਾਂ ਦੀ ਫਲ ਰਹਿਤ ਨਾੜ (ਫੂਸ)। ਪਏ ਕਬੂਲੁ–ਪ੍ਰਵਾਨ ਹੋ ਗਏ। ਖਸੰਮ ਨਾਲਿ–ਮਾਲਕ ਗੁਰੂ ਨਾਨਕ ਦੇਵ ਜੀ ਨਾਲ। ਜਾਂ–ਜਦੋਂ। ਮਰਦੀ–ਮਰਦਾਂ ਵਾਲੀ। ਘਾਲ ਘਾਲੀ–ਘਾਲ ਕਮਾਈ ਕੀਤੀ। ਸਹੁ–ਪਤੀ। ਸੋਇ–ਉਹ। ਜਿਨਿ–ਜਿਸ ਨੇ। ਗੋਇ–ਧਰਤੀ। ਉਠਾਲੀ–ਉਠਾਈ (ਚੁੱਕੀ) ਹੋਈ ਹੈ। ੩।

ਹੋਰਿੰਓ ਗੰਗ ਵਹਾਈਐ, ਦੁਨਿਆਈ ਆਖੈ ਕਿ ਕਿਓਨੁ ॥ ਨਾਨਕ ਈਸਰਿ ਜਗ ਨਾਥਿ, ਉਚ ਹਦੀ ਵੈਣੁ ਵਿਰਿਕਿਓਨੁ ॥ ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ,ਸਬਦਿ ਰਿੜਕਿਓਨੁ ॥ ਚਉਦਹ ਰਤਨ ਨਿਕਾਲਿਅਨੁ ,ਕਰਿ ਆਵਾਗਉਣੁ ਚਿਲਿਕਿਓਨੁ ॥ ਕੁਦਰਤਿ ਅਹਿ ਵੇਖਾਲੀਅਨੁ ,ਜਿਨਿ ਐਵਡ ਪਿਡ ਠਿਣਕਿਓਨੁ ॥ ਲਹਣੇ ਧਰਿਓਨੁ ਛਤ੍ਰੁ ਸਿਰਿ, ਅਸਮਾਨਿ ਕਿਆੜਾ ਛਿਕਿਓਨੁ ॥ ਜੋਤਿ

ਸਮਾਣੀ ਜੋਤਿ ਮਾਹਿ, ਆਪੁ ਆਪੈ ਸੇਤੀ ਮਿਕਿਓਨੁ ॥ ਸਿਖਾ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿ ਕਿਓਨੁ ॥ ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ ਦੁਨੀਆਂ ਦੇ ਲੋਕ ਆਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕੀ ਕੀਤਾ ਹੈ? ਹੋਰ ਪਾਸਿਓਂ (ਉਲਟੀ) ਗੰਗਾ ਵਹਾ ਦਿਤੀ ਹੈ (ਪੁਤ੍ਰਾਂ ਨੂੰ ਛੱਡ ਕੇ ਸੇਵਕ ਨੂੰ ਗੁਰਿਆਈ ਦਿਤੀ ਹੈ)। ਜਗਤ ਦੇ ਮਾਲਕ ਪ੍ਰਮੇਸਰ ਸਰੂਪ ਗੁਰੂ ਨਾਨਕ ਦੇਵ ਜੀ ਨੇ ਉਚੀ ਹੱਦ ਵਾਲਾ (ਬਹੁਤ ਉਤਮ) ਬਚਨ ਵਰਨਣ ਕੀਤਾ ਹੈ। ਉਸ (ਗੁਰੂ ਨਾਨਕ) ਨੇ ਸੁਰਤ ਰੂਪ ਪਰਬਤ ਦਾ ਮਧਾਣਾ ਕਰਕੇ ਅਤੇ ਬਾਸਕ ਰੂਪ ਮਨ ਦਾ ਨੇਤ੍ਰਾ (ਮਨ ਦੀ ਇਕਾਗਰਤਾ) ਗੁਰ ਸ਼ਬਦ ਰੂਪ ਸਮੁੰਦਰ ਵਿਚ ਪਾ ਕੇ ਰਿੜਕਿਆ (ਸ਼ਬਦ ਨੂੰ ਵਿਚਾਰਿਆ। ਜਿਸ ਵਿਚੋਂ) ਉਸ (ਗੁਰੂ ਨਾਨਕ) ਨੇ ਦੈਵੀ ਗੁਣ ਰੂਪ ਚੌਦਾਂ ਰਤਨ ਨਿਕਾਲੇ, (ਚਾਰ ਉਦਾਸੀਆਂ ਕਰਕੇ ਇਨ੍ਹਾਂ ਗੁਣਾਂ ਰਾਹੀਂ) ਉਸ ਨੇ ਸੰਸਾਰ ਨੂੰ ਚਿਲਕਣਾ ਕਰ (ਸੋਹਣਾ ਬਣਾ) ਦਿਤਾ। ਉਸ (ਗੁਰੂ ਨਾਨਕ) ਨੇ ਐਸੀ ਤਾਕਤ ਦਿਖਾਈ ਕਿ ਜਿਸ ਦੁਆਰਾ ਐਡੇ ਵੱਡੇ ਸਰੀਰ (ਬਾਬਾ ਲਹਿਣਾ ਜੀ) ਨੂੰ ਠਣਕਾ ਕੇ ਪਰਖਿਆ; (ਬਾਬਾ ਲਹਿਣਾ ਜੀ ਦੇ ਮਨ ਨੂੰ) ਜਿਤ ਕੇ ਐਡੇ ਵੱਡੇ ਸਰੀਰ (ਬਾਬਾ ਲਹਿਣਾ ਜੀ) ਨੂੰ ਟਣਕਾ ਕੇ ਦੇਖਿਆ। (ਫਿਰ) ਬਾਬਾ ਲਹਿਣਾ ਜੀ ਦੇ ਸਿਰ ਤੇ (ਗੁਰਿਆਈ ਦਾ) ਛਤਰ ਧਰਿਆ, (ਉਨ੍ਹਾਂ ਦੀ) ਧੌਣ ਅਸਮਾਨ ਤਕ ਖਿੱਚ ਕੇ ਲੈ ਗਏ (ਸੋਭਾ ਅਸਮਾਣ ਤਕ ਅਪੜਾਈ; ਪਹੁੰਚ ਸੱਚਖੰਡ ਤਕ ਕਰ ਦਿਤੀ। ਗੁਰੂ ਨਾਨਕ ਦੇਵ ਜੀ ਦੀ) ਜੋਤ (ਬਾਬਾ ਲਹਿਣਾ ਜੀ ਦੀ) ਜੋਤ ਵਿਚ ਮਿਲ ਗਈ, (ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ) ਆਪ ਅਪਣੇ ਨਾਲ ਇਕ ਮਿਕ ਕਰ ਲਿਆ। ਹੇ ਸਾਰੀ ਸੰਗਤ! ਦੇਖੋ, ਜੋ ਉਸ (ਗੁਰੂ ਨਾਨਕ ਦੇਵ ਜੀ ਨੇ) ਕੀਤਾ, ਸਿੱਖਾਂ ਤੇ ਪੁਤ੍ਰਾਂ ਨੂੰ ਚੰਗੀ ਤਰ੍ਹਾਂ ਪਰਖ ਕੇ ਜਦੋਂ ਉਸ ਨੇ ਸੋਧਿਆ (ਪਰਖਿਆ) ਤਾਂ ਬਾਬਾ ਲਹਿਣਾ ਜੀ ਨੂੰ (ਗੁਰ ਗੱਦੀ ਉਤੇ) ਟਿਕਾ ਦਿਤਾ।੪।

ਪਦਾਰਥ = ਹੋਇਓਂ–ਹੋਰ ਪਾਸਿਓਂ। ਗੰਗ–ਗੰਗਾ। ਵਹਾਈਐ–ਵਹਾ (ਚਲਾ) ਦਿਤੀ। ਦੁਨੀਆਈ–ਦੁਨੀਆਂ ਦੇ ਲੋਕ। ਕਿ ਕਿਓਨੁ–ਕੀ ਕੀਤਾ ਹੈ ਉਸ ਨੇ? ਈਸਰਿ–ਮਾਲਕ (ਗੁਰੂ ਨਾਨਕ) ਨੇ। ਜਗ ਨਾਥਿ–ਜਗਤ ਦੇ ਮਾਲਕ ਪ੍ਰਮੇਸਰ ਨੇ। ਉਚ ਹਦੀ–ਉਚੀ ਹੱਦ ਵਾਲਾ। ਵੈਣੁ–ਬਚਨ; ਵਾਕ। ਵਿਰਿਕਿਓਨੁ–ਉਸ ਨੇ ਵਰਨਣ ਕੀਤਾ। ਪਰਬਤੁ–ਸੁਮੇਰ ਪਰਬਤ (ਦੇਵਤਿਆਂ ਨੇ ਖੀਰ ਸਮੁੰਦਰ ਨੂੰ ਰਿੜਕਣ ਸਮੇਂ ਸੁਮੇਰ ਪ੍ਰਬਤ ਨੂੰ ਮਧਾਣਾ ਬਣਾਇਆ ਸੀ, ਤਿਵੇਂ ਗੁਰੂ ਨਾਨਕ ਨੇ ਉਚੀ ਸੁਰਤ ਨੂੰ ਮਧਾਣੀ ਬਣਾਇਆ ਹੈ)। ਬਾਸਕੁ–ਸੱਪਾਂ ਦਾ ਰਾਜਾ (ਮਨ ਰੂਪ ਸੱਪ ਨੂੰ ਨੇਤ੍ਰਾ ਬਣਾ ਕੇ)। ਸਬਦਿ–ਸਮੁੰਦਰ ਵਿਚ (ਤਰੰਗਾਂ ਨਾਲ ਜਿਸ ਵਿਚ ਸ਼ਬਦ ਪੈਦਾ ਹੁੰਦਾ ਹੈ)। ਚਉਦਹ ਰਤਨ –ਚੌਦਾਂ ਰਤਨ (ਦੈਵੀ ਗੁਣ)।੧. ਲੱਛਮੀ (ਭਗਤੀ). ੨ ਮਣੀ (ਆਤਮ ਵਿਚਾਰ) ੩ ਰੰਭਾ (ਸ਼ਰਧਾ) ੪ ਸ਼ਰਾਬ (ਪ੍ਰੇਮ). ੫ ਅੰਮ੍ਰਿਤ (ਨਾਮ ਸਿਮਰਨ). ੬ ਸੰਖ (ਰਾਗ ਦਾ ਅਲਾਪ). ੭. ਗਜਰਾਜ (ਦ੍ਰਿੜ ਨਿਸ਼ਚਾ)। ੮. ਚੰਦ੍ਰਮਾ (ਦਾਨ) ੯. ਬਿਖ (ਨਿੰਦਿਆ). ੧੦ ਕਾਮਧੇਨ ਗਾਂ (ਸ਼ਾਂਤੀ). ੧੧. ਕਲਪ ਬ੍ਰਿਛ (ਸਤਿਸੰਗ)। ੧੨. ਧਨੁੱਖ (ਸੱਚ ਬੋਲਣਾ). ੧੩. ਧਨੰਤਰ (ਸਤਿਗੁਰੂ).੧੪ ਘੋੜਾ (ਗਿਆਨ) । ਨਿਕਾਲਿਅਨੁ–ਉਸ ਨੇ ਨਿਕਾਲੇ। ਆਵਾਗਉਣੁ–ਸੰਸਾਰ। ਚਿਲਕਿਓਨੁ–ਲਿਸ਼ਕਾ (ਸੋਹਣਾ ਬਣਾ) ਦਿਤਾ। ਕੁਦਰਤਿ–ਤਾਕਤ। ਅਹਿ–ਇਹੋ ਜਿਹੀ। ਵੇਖਾਲੀਅਨੁ–ਉਸ ਨੇ ਦਿਖਾਈ। ਜਿਣਿ–ਜਿਸ ਦੁਆਰਾ; ਜਿੱਤ ਕੇ। ਐਵਡ–ਐਡੇ ਵੱਡੇ। ਪਿਡ–ਸਰੀਰ; ਹਸਤੀ। ਧਰਿਓਨੁ –ਧਰਿਆ। ਠਿਣਕਿਓਨੁ–ਠਣਕਾਇਆ ਉਸ ਨੇ (ਜਿਵੇਂ ਭਾਂਡਾ ਟਣਕਾ ਕੇ ਪਰਖੀਦਾ ਹੈ)। ਸਿਰਿ–ਸਿਰ ਉਤੇ। ਅਸਮਾਨਿ–ਅਸਮਾਨ ਤਕ। ਕਿਆੜਾ–ਧੌਣ (ਗਰਦਨ)। ਛਿਕਿਓਨੁ–ਖਿੱਚਿਆ ਉਸ ਨੇ। ਸਮਾਣੀ–ਮਿਲ ਗਈ; ਲੀਨ ਹੋ ਗਈ। ਮਾਹਿ–ਵਿਚ। ਸੇਤੀ–ਨਾਲ। ਮਿਕਿਓਨੁ–ਇਕ ਮਿਕ ਕਰ ਲਿਆ। ਘੋਖਿ ਕੈ–ਪਰਖ ਕੇ। ਉਮਤਿ–ਸੰਗਤ। ਜਿ–ਜੋ। ਕਿਓਨੁ–ਉਸ ਨੇ ਕੀਤਾ। ਸੁਧੋਸੁ–ਸੋਧਿਆ ਉਸ ਨੂੰ (ਸੋਧ ਕੀਤੀ)। ਜਾਂ–ਜਦ। ਟਿਕਿਓਨੁ–ਟਿਕਾ (ਥਾਪ) ਦਿਤਾ; (ਗੁਰਿਆਈ ਦਾ) ਟਿੱਕਾ (ਤਿਲਕ) ਲਾਇਆ।੪।

ਫੇਰਿ ਵਸਾਇਆ ਫੇਰੁ ਆਣਿ, ਸਤਿਗੁਰਿ ਖਾਡੂਰੁ ॥ ਜਪੁ ਤਪੁ ਸੰਜਮੁ ਨਾਲਿ ਤੁਧੁ ,ਹੋਰੁ ਮੁਚੁ ਗਰੂਰੁ ॥ ਲਬੁ ਵਿਣਾਹੇ ਮਾਣਸਾ, ਜਿਉ ਪਾਣੀ ਬੂਰੁ ॥ ਵਰ੍ਹਿਐ ਦਰਗਹ ਗੁਰੂ ਕੀ, ਕੁਦਰਤੀ ਨੂਰੁ ॥ ਜਿਤੁ ਸੁ ਹਾਥ ਨ ਲਭਈ, ਤੂੰ ਓਹੁ ਠਰੂਰੁ ॥ ਨਉ ਨਿਧਿ ਨਾਮੁ ਨਿਧਾਨੁ ਹੈ, ਤੁਧੁ ਵਿਚਿ ਭਰਪੂਰੁ ॥ ਨਿੰਦਾ ਤੇਰੀ ਜੋ ਕਰੇ, ਸੋ ਵੰਞੈ ਚੂਰੁ ॥ ਨੇੜੈ ਦਿਸੈ ਮਾਤ ਲੋਕ, ਤੁਧੁ ਸੁਝੈ ਦੂਰੁ ॥ ਫੇਰਿ ਵਸਾਇਆ ਫੇਰੁ ਆਣਿ, ਸਤਿਗੁਰਿ ਖਾਡੂਰੁ ॥੫॥ ਫਿਰ (ਜਦੋਂ ਬਾਬਾ ਲਹਿਣਾ ਜੀ ਨੂੰ ਗੁਰਿਆਈ ਮਿਲੀ, ਤਾਂ) ਬਾਬਾ ਫੇਰੂ ਜੀ ਦੇ ਪੁਤ੍ਰ ਸਤਿਗੁਰੂ (ਅੰਗਦ ਦੇਵ ਜੀ) ਨੇ ਖਡੂਰ ਆ ਕੇ ਨਿਵਾਸ ਕੀਤਾ (ਕਰਤਾਰ ਪੁਰ ਤੋਂ ਆ ਕੇ ਖਡੂਰ ਸਾਹਿਬ ਰਹਿਣ ਲਗ ਪਏ ਸਨ। ਹੇ ਗੁਰੂ ਅੰਗਦ ਦੇਵ ਜੀ!) ਜਪ ਤਪ ਸੰਜਮ ਆਦਿ ਸਾਧਨ ਤੁਹਾਡੇ ਨਾਲ ਹਨ, (ਪਰ) ਹੋਰ ਸਾਰਾ ਸੰਸਾਰ ਬਹੁਤ ਹੰਕਾਰ ਕਰਦਾ ਹੈ। ਜਿਵੇਂ ਬੂਰ ਪਾਣੀ ਨੂੰ ਨਾਸ਼ ਕਰਦਾ ਹੈ, ਤਿਵੇਂ ਲੋਭ ਮਨੁੱਖਾਂ ਨੂੰ ਨਾਸ਼ ਕਰਦਾ ਹੈ (ਲੋਭ ਦੇ ਕਾਰਣ ਹੀ ਬਲਵੰਡ ਤੇ ਸੱਤਾ ਜੀ ਨੂੰ ਕੋੜ੍ਹ ਹੋਇਆ ਸੀ)। ਗੁਰੂ ਦੀ ਦਰਗਾਹ (ਸਤਸੰਗਤ) ਵਿਚ ਇਲਾਹੀ ਨੂਰ ਵਰਸਦਾ ਹੈ। (ਹੇ ਗੁਰੂ ਅੰਗਦ ਦੇਵ ਜੀ!) ਤੁਸੀਂ ਉਹ ਸ਼ਾਂਤੀ ਦਾ ਸਮੁੰਦਰ ਹੋ, ਜਿਸ ਦੀ (ਡੂੰਘਾਈ ਦੀ) ਥਾਹ ਨਹੀਂ ਲੱਭਦੀ; ਤੁਸੀਂ ਉਹ ਪ੍ਰਮੇਸਰ ਦਾ ਸਰੂਪ ਠਹਿਰੇ ਹੋ। ਪ੍ਰਮੇਸਰ ਦਾ ਨਾਮ ਨੌਂ ਨਿਧੀਆਂ ਦਾ

ਖਜਾਨਾ ਹੈ, (ਉਹ) ਤੁਹਾਡੇ ਹਿਰਦੇ ਵਿਚ ਭਰਿਆ ਪਿਆ ਹੈ। ਜੋ ਮਨੁੱਖ ਤੇਰੀ ਨਿੰਦਾ ਕਰਦਾ ਹੈ, ਉਹ ਚਕਨਾ ਚੂਰ ਹੋ (ਨਾਸ਼) ਜਾਂਦਾ ਹੈ। ਮਾਤ ਲੋਕ ਦੇ ਜੀਵਾਂ ਨੂੰ ਨੇੜੇ ਦੇ ਪਦਾਰਥ ਦਿਸਦੇ ਹਨ, (ਪਰ) ਤੁਹਾਨੂੰ ਦੂਰ ਤਕ ਸੁਝਦਾ ਹੈ (ਸੰਸਾਰੀ ਲੋਕਾਂ ਦੀ ਤੁੱਛ ਦ੍ਰਿਸਟੀ ਹੈ, ਪਰ ਆਪ ਜੀ ਦੂਰ ਅੰਦੇਸ਼ੀ ਹੋ)। ਫਿਰ (ਜਦੋਂ ਬਾਬਾ ਲਹਿਣਾ ਜੀ ਨੂੰ ਗੁਰਿਆਈ ਮਿਲੀ, ਤਾਂ) ਬਾਬਾ ਫੇਰੂ ਜੀ ਦੇ ਪੁਤ੍ਰ ਸਤਿਗੁਰੂ (ਅੰਗਦ ਦੇਵ ਜੀ ਨੇ) ਖਡੂਰ ਆ ਕੇ ਨਿਵਾਸ ਕੀਤਾ (ਖਡੂਰ ਸਾਹਿਬ ਨੂੰ ਆ ਕੇ ਭਾਗ ਲਾਏ)।੫।

ਦਿਤਾ ਛਡ ਕਰਤਾਰ ਪੁਰ ਬੈਠ ਖਡੂਰੇ ਜੋਤਿ ਜਗਾਈ (ਭਾ.ਗੁ.ਵਾਰ ੧–੪੬)।

ਪਦਾਰਥ = ਫੇਰਿ–ਫਿਰ; ਮੁੜ ਕੇ। ਫੇਰੁ ਆਣਿ–ਬਾਬਾ ਫੇਰੂ ਜੀ ਦੇ ਪੁਤ੍ਰ। ਸਤਿਗੁਰਿ–ਸਤਿਗੁਰੂ (ਅੰਗਦ ਦੇਵ ਜੀ) ਨੇ। ਜਪੁ–ਨਾਮ ਦਾ ਜਾਪ। ਤਪੁ–ਸੇਵਾ। ਸੰਜਮੁ–ਇੰਦ੍ਰੀਆਂ ਨੂੰ ਵਸ ਵਿਚ ਕਰਨ ਦਾ ਸਾਧਨ। ਹੋਰੁ–ਹੋਰ ਸਾਰਾ ਸੰਸਾਰ। ਮੁਚੁ–ਬਹੁਤ। ਗਰੂਰੁ–ਹੰਕਾਰ। ਲਬੁ–ਲੋਭ। ਵਿਣਾਹੇ–ਨਾਸ਼ ਕਰਦਾ ਹੈ। ਮਾਣਸਾ–ਮਨੁੱਖਾਂ ਨੂੰ। ਬੂਰੁ–ਪਾਣੀ ਉਤੇ ਪੈਦਾ ਹੋਇਆ ਹਰੇ ਰੰਗ ਦਾ ਬੂਰ (ਜਾਲਾ)। ਵਰ੍ਹਿਐ–ਵਰਸਦਾ ਹੈ। ਕੁਦਰਤੀ ਨੂਰੁ–ਪ੍ਰਮੇਸਰ ਦਾ ਪ੍ਰਕਾਸ਼। ਜਿਤੁ–ਜਿਸ ਦੀ। ਹਾਥ–ਡੂੰਘਾਈ ਦਾ ਥੱਲਾ। ਨ ਲਭਈ–ਨਹੀਂ ਲੱਭਦਾ। ਠਰੂਰੁ–ਠੰਢਾ (ਸ਼ਾਂਤੀ ਦਾ) ਸਮੁੰਦਰ। ਨਉਨਿਧਿ–ਨੌਂ ਨਿਧੀਆਂ। ਨਿਧਾਨੁ–ਖਾਜਾਨਾ। ਤੁਧੁ ਵਿਚਿ–ਤੇਰੇ ਹਿਰਦੇ ਵਿਚ। ਭਰਪੂਰੁ–ਭਰਿਆ ਪਿਆ ਹੈ। ਸੋ–ਉਹ (ਮਨੁੱਖ)। ਵੰਞੈ ਚੂਰੁ–ਤਬਾਹ ਹੋ ਜਾਂਦਾ ਹੈ। ਨੇੜੈ–ਨੇੜੇ ਦੇ ਪਦਾਰਥ। ਮਾਤ ਲੋਕ–ਸੰਸਾਰ ਦੇ ਜੀਵਾਂ ਨੂੰ।੫।

ਅੰਗ ੯੬੮ = ਸੋ ਟਿਕਾ ਸੋ ਬੈਹਣਾ, ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ, ਪੋਤਾ ਪਰਵਾਣੁ ॥ ਜਿਨਿ ਬਾਸਕੁ ਨੇਤ੍ਰੈ ਘਤਿਆ, ਕਰਿ ਨੇਹੀ ਤਾਣੁ ॥ ਜਿਨਿ ਸਮੁੰਦੁ ਵਿਰੋਲਿਆ, ਕਰਿ ਮੇਰੁ ਮਧਾਣੁ ॥ ਚਉਦਹ ਰਤਨ ਨਿਕਾਲਿਅਨੁ ,ਕੀਤੋਨੁ ਚਾਨਾਣੁ ॥ ਘੋੜਾ ਕੀਤੋ ਸਹਜ ਦਾ, ਜਤੁ ਕੀਓ ਪਲਾਣੁ ॥ ਧਣਖੁ ਚੜਾਇਓ ਸਤ ਦਾ, ਜਸ ਹੰਦਾ ਬਾਣੁ ॥ ਕਲਿ ਵਿਚਿ ਧੂ ਅੰਧਾਰੁ ਸਾ, ਚੜਿਆ ਰੈਭਾਣੁ ॥ ਸਤਹੁ ਖੇਤੁ ਜਮਾਇਓ, ਸਤਹੁ ਛਾਵਾਣੁ ॥ ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ ॥ (ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦਾ) ਉਹੀ ਤਿਲਕ, ਉਹ ਤਖਤ ਅਤੇ ਉਹ ਹੀ ਸਾਧ ਸੰਗਤ ਦਾ ਦਰਬਾਰ ਪ੍ਰਾਪਤ ਹੈ (ਜੋ ਗੁਰੂ ਅੰਗਦ ਦੇਵ ਜੀ ਨੂੰ ਪ੍ਰਾਪਤ ਸੀ)। ਪਿਓ (ਗੁਰੂ ਅੰਗਦ ਦੇਵ ਜੀ), ਦਾਦੇ (ਗੁਰੂ ਨਾਨਕ ਦੇਵ ਜੀ ਦੋਹਾਂ) ਵਰਗਾ ਪੋਤਾ (ਗੁਰੂ ਅਮਰਦਾਸ ਜੀ ਸੰਗਤਾਂ ਵਿਚ) ਪ੍ਰਵਾਨ ਹਨ। ਜਿਸ (ਗੁਰੂ ਅਮਰਦਾਸ ਜੀ) ਨੇ ਆਤਮ ਬਲ ਨੂੰ ਨੇਹੀ ਬਣਾ ਕੇ (ਮਨ ਰੂਪ) ਬਾਸਕ ਨਾਗ ਨੂੰ ਨੇਤ੍ਰੇ ਵਿਚ ਪਾਇਆ। ਜਿਸ (ਗੁਰੂ ਅਮਰਦਾਸ ਜੀ) ਨੇ (ਉਚੀ ਸੁਰਤ ਰੂਪ) ਸੁਮੇਰ ਪਰਬਤ ਨੂੰ ਮਧਾਣਾ ਬਣਾ ਕੇ ਗੁਰ ਸ਼ਬਦ ਰੂਪ ਸਮੁੰਦਰ ਨੂੰ ਰਿੜਕਿਆ। (ਸਮੁੰਦਰ ਵਿਚੋਂ) ਦੈਵੀ ਗੁਣ ਰੂਪ ਚੌਦਾਂ ਰਤਨ ਕੱਢੇ, (ਜਗਤ ਵਿਚ ਗਿਆਨ ਦਾ) ਚਾਨਣ ਕੀਤਾ। (ਗੁਰੂ ਜੀ ਨੇ) ਸਹਿਜ ਅਵਸਥਾ ਦਾ ਘੋੜਾ ਬਣਾਇਆ ਅਤੇ ਜਤ ਸਤ ਨੂੰ ਕਾਠੀ ਬਣਾਇਆ। ਸਤ ਸੰਤੋਖ ਦਾ ਧਣਖ ਚੜ੍ਹਾਇਆ ਅਤੇ ਪ੍ਰਭੂ ਦਾ ਜਸ ਕਰਨਾ ਤੀਰ ਖਿੱਚਿਆ। ਕਲਜੁਗ ਵਿਚ ਬਹੁਤ ਗਾੜ੍ਹਾ ਹਨ੍ਹੇਰਾ ਸੀ, (ਉਸ ਹਨ੍ਹੇਰੇ ਨੂੰ ਦੂਰ ਕਰਨ ਵਾਸਤੇ ਗੁਰੂ ਅਮਰਦਾਸ ਜੀ) ਕਿਰਣਾਂ ਵਾਲਾ ਸੂਰਜ ਚੜ੍ਹੇ ਹਨ। ਜਿਸ (ਗੁਰੂ ਅਮਰਦਾਸ ਜੀ) ਨੇ ਸਤ ਸੰਤੋਖ ਦੇ ਬਲ ਨਾਲ (ਉਜੜਿਆ) ਖੇਤ ਜਮਾਇਆ ਹੈ ਅਤੇ ਸਤ ਨਾਲ ਹੀ ਛਾਂ ਕੀਤੀ; ਸਤੋ ਗੁਣਾਂ ਦਾ ਖੇਤ ਜਮਾਇਆ ਹੈ ਅਤੇ ਸੱਤ ਰੂਪ ਪ੍ਰਭੂ ਦੇ ਜਸ ਕਰਨ ਦਾ ਚੰਦੋਆ ਤਾਣਿਆ ਹੈ। (ਹੇ ਗੁਰੂ ਅਮਰਦਾਸ ਜੀ !) ਤੇਰੇ ਲੰਗਰ ਵਿਚ ਘਿਓ, ਮੈਦਾ ਤੇ ਖੰਡ (ਆਦਿ ਉਤਮ ਪਦਾਰਥ) ਵਰਤਦੇ ਹਨ; ਘਿਓ ਮੈਦਾ ਤੇ ਖੰਡ ਦਾ ਬਣਿਆ ਕੜਾਹ ਪ੍ਰਸ਼ਾਦ ਵਰਤਦਾ ਹੈ।

ਪਦਾਰਥ = ਸੋ–ਉਹ। ਟਿਕਾ (ਟਿੱਕਾ ਪੜ੍ਹੋ)–ਤਿਲਕ। ਬੈਹਣਾ–ਤਖਤ। ਦੀਬਾਣੁ–(ਸਾਧ ਸੰਗਤ ਦਾ) ਦਰਬਾਰ। ਪਿਯੂ–ਪਿਓ (ਗੁਰੂ ਅੰਗਦ ਦੇਵ ਜੀ)। ਜੇਵਿਹਾ–ਵਰਗਾ। ਦਾਦੇ–(ਗੁਰੂ ਨਾਨਕ ਦੇਵ ਜੀ)। ਪੋਤਾ–ਪੋਤ੍ਰਾ (ਗੁਰੂ ਅਮਰਦਾਸ ਜੀ)। ਪਰਵਾਣੁ–ਪ੍ਰਵਾਨ; ਮੰਨਣ ਯੋਗ। ਜਿਨਿ–ਜਿਸ ਨੇ। ਬਾਸਕੁ–ਮਨ ਰੂਪ ਬਾਸਕ ਨਾਗ ਨੂੰ। ਨੇਤ੍ਰੈ–ਨੇਤ੍ਰੇ ਵਿਚ। ਘਤਿਆ–ਪਾਇਆ। ਨੇਹੀ–ਨੇਹਣੀ (ਘੜੌਂਜੀ ਉਪਰ ਲੱਗੀ ਉਹ ਸਿੱਧੀ ਲੱਕੜੀ, ਜਿਸ ਨਾਲ ਮਧਾਣੀ ਦੀ ਲੱਠ ਰੱਸੀ ਨਾਲ ਬੰਨ੍ਹੀ ਹੁੰਦੀ ਹੈ)। ਤਾਣੁ–ਆਤਮਕ ਬਲ। ਵਿਰੋਲਿਆ–ਰਿੜਕਿਆ। ਕੀਤੋਨੁ–ਉਸ ਨੇ ਕੀਤਾ। ਮੇਰੁ–ਸੁਮੇਰ ਪਰਬਤ (ਉਚੀ ਸੁਰਤ) ਨੂੰ। ਸਹਜ–ਸਹਿਜ ਅਵਸਥਾ। ਜਤੁ–ਇੰਦ੍ਰੀਆਂ ਨੂੰ ਵਸ ਵਿਚ ਰੱਖਣਾ। ਪਲਾਣੁ–ਕਾਠੀ। ਧਣਖੁ–ਕਮਾਨ। ਸਤ–ਸਤਵਾਦੀ ਜੀਵਨ। ਜਸ ਹੰਦਾ–ਸਿਫਤ ਸਲਾਹ ਦਾ। ਬਾਣੁ–ਤੀਰ। ਕਲਿ ਵਿਚਿ–ਕਲਜੁਗ ਵਿਚ। ਧੂ ਅੰਧਾਰ–ਘੁੱਪ ਹਨ੍ਹੇਰਾ। ਸਾ–ਸੀ। ਰੈਭਾਣੁ–ਕਿਰਣਾਂ ਵਾਲਾ ਸੂਰਜ। ਸਤਹੁ–ਸਤ ਸੰਤੋਖ ਦੇ ਬਲ ਨਾਲ; ਸਤੋ ਗੁਣਾਂ ਤੋਂ; ਸ੍ਰੇਸ਼ਟ ਗੁਣਾਂ ਤੋਂ। ਸਤਹੁ–ਸੱਤ ਰੂਪ ਪ੍ਰਭੂ ਦਾ। ਛਾਵਾਣੁ–ਛਾਂ; ਚੰਦੋਆ। ਨਿਤ–ਹਰ ਰੋਜ। ਰਸੋਈ–ਲੰਗਰ ਵਿਚ। ਖਾਣੁ–ਖੰਡ; ਖਾਣ ਲਈ।

ਚਾਰੇ ਕੁੰਡਾਂ ਸੁਝੀਓਸੁ ,ਮਨ ਮਹਿ ਸਬਦੁ ਪਰਵਾਣੁ ॥ ਆਵਾਗਉਣੁ ਨਿਵਾਰਿਓ, ਕਰਿ ਨਦਰਿ ਨੀਸਾਣੁ ॥ ਅਉਤਰਿਆ ਅਉਤਾਰੁ ਲੈ, ਸੋ ਪੁਰਖੁ ਸੁਜਾਣੁ ॥ ਝਖੜਿ ਵਾਉ ਨ ਡੋਲਈ, ਪਰਬਤੁ ਮੇਰਾਣੁ ॥ ਜਾਣੈ ਬਿਰਥਾ ਜੀਅ ਕੀ, ਜਾਣੀ ਹੂ ਜਾਣੁ ॥ ਕਿਆ ਸਾਲਾਹੀ ਸਚੇ ਪਾਤਿਸਾਹ, ਜਾਂ ਤੂ ਸੁਘੜੁ ਸੁਜਾਣੁ ॥ ਦਾਨੁ ਜਿ ਸਤਿਗੁਰ ਭਾਵਸੀ, ਸੋ ਸਤੇ ਦਾਣੁ ॥ ਨਾਨਕ ਹੰਦਾ ਛਤ੍ਰੁ ਸਿਰਿ, ਉਮਤਿ ਹੈਰਾਣੁ

।ਸੋ ਟਿਕਾ ਸੋ ਬੈਹਣਾ, ਸੋਈ ਦੀਬਾਣੁ ॥ ਪਿਯੂ ਦਾਦੇ ਜੇਵਿਹਾ, ਪੋਤ੍ਰਾ ਪਰਵਾਣੁ ॥੬॥ (ਹੇ ਗੁਰੂ ਅਮਰਦਾਸ ਜੀ! ਜਿਸ ਮਨੁੱਖ ਨੇ ਅਪਣੇ) ਮਨ ਵਿਚ ਤੇਰਾ ਸ਼ਬਦ ਪ੍ਰਵਾਨ ਕਰ (ਟਿਕਾ) ਲਿਆ, ਉਸ ਨੂੰ ਚਾਰੇ ਕੁੰਡਾਂ ਵਿਚ (ਵਸਦਾ ਪ੍ਰਮਾਤਮਾ) ਦਿਸ ਆਇਆ ਹੈ। (ਗੁਰੂ ਅਮਰਦਾਸ ਜੀ ਨੇ ਜਿਸ ਮਨੁੱਖ ਨੂੰ) ਮੇਹਰ ਦੀ ਨਜਰ ਕਰਕੇ ਸ਼ਬਦ ਦਾ ਪ੍ਰਵਾਨਾ ਬਖਸ਼ ਦਿਤਾ ਹੈ, (ਗੁਰੂ ਜੀ ਨੇ ਉਸ ਦਾ) ਜੰਮਣ ਮਰਨ ਦਾ ਗੇੜ ਦੂਰ ਕਰ ਦਿਤਾ ਹੈ। ਉਹ ਜਾਣੀ ਜਾਣ ਅਕਾਲ ਪੁਰਖ (ਸੰਸਾਰ ਵਿਚ ਗੁਰੂ ਅਮਰਦਾਸ ਜੀ ਦੇ ਰੂਪ ਵਿਚ) ਅਵਤਾਰ ਲੈ ਕੇ ਉਤਰ ਆਇਆ ਹੈ। (ਗੁਰੂ ਅਮਰਦਾਸ ਜੀ) ਲੋਭ ਰੂਪ ਝੱਖੜ ਵਿਚ ਅਤੇ ਵਾਸ਼ਨਾ ਰੂਪ ਹਨ੍ਹੇਰੀ ਚਲਣ ਨਾਲ ਡੋਲਦੇ ਨਹੀਂ, ਸੁਮੇਰ ਪਰਬਤ (ਵਾਂਗ ਉਹ ਅਚੱਲ) ਹਨ। (ਗੁਰੂ ਅਮਰਦਾਸ ਜੀ) ਜਾਣੀ ਜਾਣ ਹਨ, ਉਹ ਜੀਵਾਂ ਦੇ ਦਿਲਾਂ ਦਾ ਦਰਦ ਜਾਣਦੇ ਹਨ। ਹੇ ਸੱਚੇ ਪਾਤਸ਼ਾਹ! ਮੈਂ ਤੇਰੀ ਕਿਹੜੀ ਸਿਫਤ ਸਲਾਹ ਕਰਾਂ? ਜਦ ਤੂੰ ਆਪ ਹੀ ਸਿਆਣਾ ਤੇ (ਸਭ ਕੁਛ) ਜਾਨਣ ਵਾਲਾ ਹੈਂ। ਜਿਹੜਾ ਦਾਨ ਸਤਿਗੁਰੂ ਨੂੰ ਚੰਗਾ ਲਗਦਾ ਹੈ, ਉਹ ਦਾਨ ਸੱਤੇ ਡੂਮ ਨੂੰ ਬਖਸ਼ ਦਿਓ (ਸੱਤੇ ਨੇ ਅਪਣੀ ਲੜਕੀ ਦੇ ਵਿਆਹ ਲਈ ਦਾਨ ਮੰਗਿਆ ਸੀ, ਦਿਲ ਵਿਚ ਲੋਭ ਸੀ। ਮੂੰਹ ਮੰਗਵਾ ਦਾਨ ਨਾ ਮਿਲਣ ਕਰਕੇ ਗੁਰੂ ਜੀ ਦੇ ਅੱਗੇ ਕੁਬਚਨ ਬੋਲੇ, ਜਿਸ ਦੀ ਸਜਾ ਇਸ ਨੇ ਭੁਗਤੀ। ਹੁਣ ਪਛਤਾਵੇ ਵਿਚ ਕਹਿੰਦਾ ਹੈ ਕਿ ਹੇ ਗੁਰੂ ਜੀ! ਜੋ ਦਾਨ ਦੇਣਾ ਤੁਹਾਨੂੰ ਪਸੰਦ ਹੈ, ਉਹੀ ਦੇ ਦਿਓ, ਸ਼ਾਇਦ ਹੁਣ ਨਾਮ ਦਾਨ ਮੰਗਦਾ ਹੈ)। ਗੁਰੂ ਨਾਨਕ ਦੇਵ ਜੀ ਦੇ ਸਿਰ ਦਾ ਛਤਰ ਸੀ, (ਗੁਰੂ ਅਮਰਦਾਸ ਜੀ ਦੇ) ਸਿਰ ਉਤੇ ਸੋਭ ਰਿਹਾ ਹੈ, (ਜਿਸ ਨੂੰ ਦੇਖ ਕੇ) ਸੰਗਤ ਹੈਰਾਨ ਹੋ ਰਹੀ ਹੈ। (ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦਾ) ਉਹੀ ਤਿਲਕ, ਉਹੀ ਤਖਤ ਅਤੇ (ਸਾਧ ਸੰਗਤ ਦਾ) ਉਹੀ ਦਰਬਾਰ ਪ੍ਰਾਪਤ ਹੈ। ਪਿਤਾ (ਗੁਰੂ ਅੰਗਦ ਦੇਵ ਜੀ), ਦਾਦੇ (ਗੁਰੂ ਨਾਨਕ ਦੇਵ ਜੀ) ਵਰਗਾ ਪੋਤ੍ਰਾ (ਗੁਰੂ ਅਮਰਦਾਸ ਸੰਗਤ ਵਿਚ) ਪ੍ਰਵਾਨ ਹੈ।੬। ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ। (ਅੰਗ ੧੩੯੫)

ਪਦਾਰਥ = ਚਾਰੇ ਕੁਡਾਂ–ਚਾਰੇ ਪਾਸੇ। ਸੁਝੀਓਸੁ–ਸੂਝ ਆ ਗਈ ਹੈ; ਦਿਸ ਪਿਆ ਹੈ। ਮਨ ਮਹਿ–ਮਨ ਵਿਚ। ਪਰਵਾਣੁ–ਪ੍ਰਵਾਨ। ਆਵਾ ਗਉਣੁ–ਜੰਮਣ ਮਰਨ ਦਾ ਗੇੜ। ਨਿਵਾਰਿਓ–ਦੂਰ ਕਰ ਦਿਤਾ। ਕਰਿ ਨਦਰਿ–ਮੇਹਰ ਦੀ ਨਜਰ ਕਰਕੇ। ਨੀਸਾਣੁ–ਪ੍ਰਵਾਨਾ (ਰਾਹ ਦਾਰੀ)। ਅਉਤਰਿਆ–ਉਤਰਿਆ (ਜਨਮਿਆ) ਹੈ। ਅਉਤਾਰੁ ਲੈ–ਅਵਤਾਰ (ਜਨਮ) ਲੈ ਕੇ। ਸੋ–ਉਹ। ਪੁਰਖੁ ਸੁਜਾਣੁ–ਸਿਆਣਾ ਅਕਾਲ ਪੁਰਖ। ਅਉਤਾਰੁ ਲੈ–ਅਵਤਾਰ ਲੈ ਕੇ। ਝਖੜਿ–ਝਖੜ ਵਿਚ। ਵਾਉ–ਹਨ੍ਹੇਰੀ ਚੱਲਣ ਨਾਲ। ਪਰਬਤੁ ਮੇਰਾਣੁ–ਸੁਮੇਰ ਪਰਬਤ। ਬਿਰਥਾ–ਦਰਦ। ਜੀਅ ਕੀ–ਦਿਲ ਦੀ। ਜਾਣੀ ਹੂ ਜਾਣੁ–ਜਾਣੀ ਜਾਣੀ (ਅੰਤਰਜਾਮੀ)। ਸਾਲਾਹੀ–ਮੈਂ ਸਿਫਤ ਸਲਾਹ ਕਰਾਂ। ਜਾਂ–ਜਦ। ਸੁਘੜ ਸੁਜਾਣੁ–ਸਿਆਣਾ ਤੇ ਜਾਨਣ ਵਾਲਾ ਹੈ। ਜਿ–ਜਿਹੜਾ। ਭਾਵਸੀ–ਚੰਗਾ ਲਗਦਾ ਹੈ। ਸਤੇ–ਸੱਤੇ ਡੂਮ ਨੂੰ। ਦਾਨੁ–ਦਾਨ (ਬਖਸ਼ਿਸ਼) । ਹੰਦਾ–ਦਾ। ਸਿਰਿ–ਸਿਰ ਉਤੇ। ਉਮਤਿ–ਸੰਗਤ। ਹੈਰਾਣੁ–ਹੈਰਾਨ। ਟਿਕਾ–(ਟਿੱਕਾ ਪੜ੍ਹੋ) ਤਿਲਕ। ਬੈਹਣਾ–ਤਖਤ। ਸੋਈ–ਉਹ ਹੀ। ਦੀਬਾਣੁ–ਦਰਬਾਰ (ਸੰਗਤ ਦਾ)। ਪਿਯੂ–ਪਿਤਾ। ਜੇਵਿਹਾ–ਜੇਹਾ (ਵਰਗਾ)। ਪਰਵਾਣੁ–ਪ੍ਰਵਾਨ ਹੈ।੬।

ਧੰਨੁ ਧੰਨੁ ਰਾਮਦਾਸ ਗੁਰੁ ,ਜਿਨਿ ਸਿਰਿਆ ਤਿਨੈ ਸਵਾਰਿਆ ॥ ਪੂਰੀ ਹੋਈ ਕਰਾਮਾਤਿ, ਆਪਿ ਸਿਰਜਣਹਾਰੈ ਧਾਰਿਆ ॥ ਸਿਖੀ ਅਤੈ ਸੰਗਤੀ, ਪਾਰਬ੍ਰਹਮੁ ਕਰਿ ਨਮਸਕਾਰਿਆ ॥ ਅਟਲੁ ਅਥਾਹੁ ਅਤੋਲ ਤੂ ,ਤੇਰਾ ਅੰਤੁ ਨ ਪਾਰਾਵਾਰਿਆ ॥ ਜਿਨ੍ਹੀ ਤੂੰ ਸੇਵਿਆ ਭਾਉ ਕਰਿ, ਸੇ ਤੁਧੁ ਪਾਰਿ ਉਤਾਰਿਆ ॥ ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ,ਮਾਰਿ ਕਢੇ ਤੁਧੁ ਸਪਰਵਾਰਿਆ ॥ ਧੰਨੁ ਸੁ ਤੇਰਾ ਥਾਨੁ ਹੈ, ਸਚੁ ਤੇਰਾ ਪੈਸਕਾਰਿਆ ॥ ਨਾਨਕੁ ਤੂ ਲਹਣਾ ਤੂ ਹੈ, ਗੁਰੁ ਅਮਰ ਤੂ ਵੀਚਾਰਿਆ ॥ ਗੁਰੁ ਡਿਠਾ ਤਾ ਮਨੁ ਸਾਧਾਰਿਆ ॥੭॥ ਗੁਰੂ ਰਾਮਦਾਸ ਜੀ ਧੰਨ ਧੰਨ ਹਨ, ਜਿਸ ਪ੍ਰਮਾਤਮਾ ਨੇ (ਗੁਰੂ ਰਾਮਦਾਸ ਜੀ ਨੂੰ) ਸਿਰਜਿਆ ਹੈ, ਉਸ ਨੇ ਹੀ (ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦੇ ਕੇ) ਸੋਭਨੀਕ ਬਣਾਇਆ ਹੈ। (ਗੁਰੂ ਰਾਮਦਾਸ ਜੀ ਅੰਦਰ ਪਹਿਲੇ ਗੁਰੂ ਸਾਹਿਬਾਨਾਂ ਵਾਲੀ) ਪੂਰਨ ਕਰਾਮਾਤ ਪ੍ਰਾਪਤ ਹੋਈ ਹੈ, ਸਿਰਜਨਹਾਰ ਪ੍ਰਭੂ ਨੇ ਆਪ (ਗੁਰੂ ਰਾਮਦਾਸ ਜੀ ਦਾ ਰੂਪ) ਧਾਰਿਆ ਹੈ। ਸਿੱਖਾਂ ਅਤੇ ਸੰਗਤਾਂ ਨੇ (ਗੁਰੂ ਰਾਮਦਾਸ ਜੀ ਨੂੰ) ਪਾਰਬ੍ਰਹਮ ਦਾ ਰੂਪ ਜਾਣ ਕਰਕੇ ਨਮਸ਼ਕਾਰ ਕੀਤੀ ਹੈ। (ਹੇ ਗੁਰੂ ਰਾਮਦਾਸ ਜੀ!) ਤੂੰ ਅਟੱਲ ਹੈਂ, ਬਹੁਤ ਡੂੰਘਾ ਅਤੇ ਨਾ ਤੋਲੇ ਜਾਣ ਵਾਲਾ ਹੈਂ, ਤੇਰੇ ਉਰਲੇ ਤੇ ਪਾਰਲੇ ਕਿਨਾਰੇ ਦਾ ਅੰਤ ਨਹੀਂ ਪਾਇਆ ਜਾ ਸਕਦਾ। ਜਿਨ੍ਹਾਂ ਸੇਵਕਾਂ ਨੇ ਤੈਨੂੰ ਪ੍ਰੇਮ ਕਰਕੇ ਸੇਵਿਆ ਹੈ, ਉਹ ਤੈਂ (ਭਵਜਲ ਤੋਂ) ਪਾਰ ਉਤਾਰ ਦਿਤੇ ਹਨ। (ਉਨ੍ਹਾਂ ਦੇ ਮਨਾਂ ਵਿਚੋਂ) ਤੂੰ ਪਦਾਰਥਾਂ ਦਾ ਲਾਲਚ, ਮਾਇਆ ਦਾ ਲੋਭ, ਕਾਮ, ਕ੍ਰੋਧ ਅਤੇ ਸਰੀਰ ਦਾ ਮੋਹ ਪ੍ਰਵਾਰ ਸਮੇਤ ਮਾਰ ਕੇ ਕੱਢ ਦਿਤੇ ਹਨ। (ਹੇ ਗੁਰੂ ਰਾਮਦਾਸ ਜੀ!) ਤੇਰਾ ਉਹ ਸਤਸੰਗਤ ਰੂਪ ਅਸਥਾਨ ਧੰਨਤਾ ਦੇ ਯੋਗ ਹੈ, ਜਿਥੇ ਤੂੰ ਵਸਦਾ ਹੈਂ ਅਤੇ ਤੇਰਾ ਪਸਾਰਾ ਸੱਚਾ ਹੈ। (ਹੇ ਗੁਰੂ ਰਾਮਦਾਸ ਜੀ!) ਗੁਰੂ ਨਾਨਕ ਵੀ ਤੂੰ ਹੈਂ, ਬਾਬਾ ਲਹਣਾ ਵੀ ਤੂੰ ਹੀ ਹੈਂ ਅਤੇ ਮੈਂ ਤੈਨੂੰ ਹੀ ਗੁਰੂ ਅਮਰਦਾਸ ਵਿਚਾਰਿਆ (ਸਮਝਿਆ) ਹੈ। ਗੁਰੂ ਰਾਮਦਾਸ ਜੀ ਨੂੰ ਜਦ ਕਿਸੇ ਮਨੁੱਖ ਨੇ) ਦੇਖਿਆ ਹੈ, (ਉਸ ਦਾ) ਮਨ ਤਦ ਆਸਰੇ ਸਹਿਤ ਹੋ ਗਿਆ ਹੈ।੭।

ਪਦਾਰਥ = ਜਿਨਿ–ਜਿਸ ਪ੍ਰਭੂ ਨੇ। ਸਿਰਿਆ–ਪੈਦਾ ਕੀਤਾ। ਤਿਨੈ–ਉਸੇ ਨੇ ਹੀ। ਸਵਾਰਿਆ–ਸੋਭਨੀਕ ਬਣਾਇਆ; ਵਡਿਆਈ ਦਿਤੀ। ਸਿਰਜਣਹਾਰੈ–ਸਿਰਜਨਹਾਰ ਪ੍ਰਭੂ ਨੇ। ਸਿਖੀ–ਸਿੱਖਾਂ ਨੇ। ਸੰਗਤੀ–ਸੰਗਤਾਂ ਨੇ। ਅਟਲੁ–(ਅਟੱਲ ਪੜ੍ਹੋ) ਸਦਾ ਕਾਇਮ ਰਹਿਣ ਵਾਲਾ। ਅਥਾਹੁ–ਬਹੁਤ ਡੂੰਘਾ (ਬਹੁਤ ਗੰਭੀਰ)। ਅਤੋਲੁ–ਨਾ ਤੋਲਿਆ ਜਾਣ ਵਾਲਾ। ਪਾਰਾਵਾਰਿਆ–ਉਰਲਾ ਤੇ ਪਾਰਲਾ ਕੰਢਾ। ਜਿਨ੍ਹੀ–ਜਿਨ੍ਹਾਂ ਨੇ। ਸੇਵਿਆ–ਸੇਵਾ ਕੀਤੀ। ਭਾਉ ਕਰਿ–ਪ੍ਰੇਮ ਕਰਕੇ। ਸੇ–ਉਹ। ਤੁਧੁ–ਤੁਸੀਂ। ਸਪਰਵਾਰਿਆ–(ਬਾਕੀ ਵਿਕਾਰਾਂ ਰੂਪ) ਪਰਵਾਰ ਸਮੇਤ। ਪੈਸਕਾਰਿਆ–ਇਨਾਮ; ਬਖਸ਼ਿਸ਼ (ਮ.ਕੋ.); ਸਿੱਖ ਸੰਗਤ ਦਾ ਪਸਾਰਾ (ਸਭ ਨੇ ਇਸੇ ਤਰ੍ਹਾਂ ਦਾ ਹੀ ਅਰਥ ਕੀਤਾ ਹੈ)। ਵੀਚਾਰਿਆ–ਸਮਝਿਆ। ਤੂ–ਤੈਨੂੰ। ਡਿਠਾ–ਦੇਖਿਆ (ਦਰਸ਼ਨ ਕੀਤਾ)। ਤਾਂ–ਤਦ। ਸਾਧਾਰਿਆ–ਆਸਰੇ ਸਹਿਤ ਹੋ ਗਿਆ।੭।

ਚਾਰੇ ਜਾਗੇ ਚਹੁ ਜੁਗੀ, ਪੰਚਾਇਣੁ ਆਪੇ ਹੋਆ ॥ ਆਪੀਨੈ ਆਪੁ ਸਾਜਿਓਨੁ ,ਆਪੇ ਹੀ ਥੰਮ੍ਹਿ ਖਲੋਆ ॥ ਆਪੇ ਪਟੀ ਕਲਮ ਆਪਿ, ਆਪਿ ਲਿਖਣਹਾਰਾ ਹੋਆ ॥ ਸਭ ਉਮਤਿ ਆਵਣ ਜਾਵਣੀ, ਆਪੇ ਹੀ ਨਵਾ ਨਰੋਆ ॥ ਤਖਤਿ ਬੈਠਾ ਅਰਜਨ ਗੁਰੂ ,ਸਤਿਗੁਰ ਕਾ ਖਿਵੈ ਚੰਦੋਆ ॥ ਉਗਵਣਹੁ ਤੈ ਆਥਵਣਹੁ ,ਚਹੁ ਚਕੀ ਕੀਅਨੁ ਲੋਆ ॥ ਜਿਨ੍ਹੀ ਗੁਰੂ ਨ ਸੇਵਿਓ, ਮਨਮੁਖਾ ਪਇਆ ਮੋਆ ॥ ਦੂਣੀ ਚਉਣੀ ਕਰਾਮਾਤਿ, ਸਚੇ ਕਾ ਸਚਾ ਢੋਆ ॥ ਚਾਰੇ ਜਾਗੇ ਚਹੁ ਜੁਗੀ, ਪੰਚਾਇਣੁ ਆਪੇ ਹੋਆ ॥੮॥੧॥ ਪਹਿਲੇ ਚਾਰ ਗੁਰੂ ਸਾਹਿਬਾਨ ਅਪਣੇ ਅਪਣੇ ਚਾਰੇ ਸਮਿਆਂ (ਜਾਂ ਚਾਰ ਜੁਗਾਂ ਵਾਲੇ ਸੰਸਾਰ) ਵਿਚ ਪ੍ਰਗਟ ਹੋਏ ਅਤੇ ਪੰਜਵਾਂ ਆਪ (ਪ੍ਰਮੇਸਰ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ) ਪ੍ਰਗਟ ਹੋਇਆ ਹੈ {ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ। ਭਾ.ਗੁ.ਵਾਰ ੧–੨੨}। ਉਸ (ਪ੍ਰਭੂ) ਨੇ ਆਪਣੇ ਆਪ ਨੂੰ ਆਪ ਹੀ ਸਾਜਿਆ ਹੈ ਅਤੇ ਆਪ ਹੀ ਸ੍ਰਿਸਟੀ ਨੂੰ ਥੰਮ ਕੇ ਖਲੋਤਾ ਹੈ (ਸ੍ਰਿਸਟੀ ਨੂੰ ਸਹਾਰਾ ਦੇ ਰਿਹਾ ਹੈ। ਪ੍ਰਭੂ ਆਪ ਹੀ (ਜੀਵਾਂ ਦੇ ਮੱਥੇ ਰੂਪ) ਫੱਟੀ ਹੈ, ਆਪ ਹੀ ਹੁਕਮ ਰੂਪ ਕਲਮ ਹੈ ਅਤੇ ਆਪ ਹੀ (ਜੀਵਾਂ ਦੇ ਮੱਥੇ ਦੇ ਲੇਖ) ਲਿਖਣਾ ਵਾਲਾ ਹੋਇਆ ਹੈ। ਸਾਰੀ ਦੁਨੀਆਂ ਆਉਣ ਜਾਣ (ਜੰਮਣ ਮਰਨ) ਵਾਲੀ ਹੈ, ਕੇਵਲ ਪ੍ਰਮੇਸਰ ਆਪ ਹੀ ਨਵਾਂ ਨਰੋਆ (ਸਦਾ ਸਲਾਮਤ ਰਹਿਣ ਵਾਲਾ) ਹੈ। (ਗੁਰਿਆਈ ਦੇ) ਤਖਤ ਉਪਰ ਗੁਰੂ ਅਰਜਨ ਦੇਵ ਜੀ ਬੈਠਾ ਹੈ, (ਤਖਤ ਉਪਰ ਬੈਠੇ) ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ। ਸੂਰਜ ਚੜ੍ਹਨ ਵਾਲੀ ਥਾਂ ਤੋਂ ਅਤੇ ਸੂਰਜ ਛਿਪਣ ਵਾਲੀ ਥਾਂ ਤਕ ਚੌਹਾਂ ਚੱਕਾਂ (ਸਾਰੇ ਸੰਸਾਰ) ਵਿਚ ਉਸ (ਗੁਰੂ ਅਰਜਨ ਦੇਵ ਜੀ) ਨੇ ਪ੍ਰਕਾਸ਼ ਕਰ ਦਿਤਾ ਹੈ। ਜਿਨ੍ਹਾਂ (ਮਨੁੱਖਾਂ) ਨੇ ਗੁਰੂ ਦੀ ਸੇਵਾ ਨਹੀਂ ਕੀਤੀ, (ਉਨ੍ਹਾਂ) ਮਨਮੁਖਾਂ ਨੂੰ ਮਰਣਾ ਪਿਆ (ਮੌਤ ਪੈ ਗਈ) ਹੈ। (ਗੁਰੂ ਅਰਜਨ ਦੇਵ ਜੀ ਦੀ) ਕਰਾਮਾਤ ਦੂਣੀ ਚਉਣੀ (ਜਿਆਦਾ ਤੋਂ ਜਿਆਦਾ) ਹੋ ਰਹੀ ਹੈ, ਸੱਚੇ ਵਾਹਿਗੁਰੂ ਦੀ (ਗੁਰੂ ਅਰਜਨ ਦੇਵ ਜੀ ਨੂੰ ਇਹ) ਸੱਚੀ ਭੇਟਾ ਹੈ। ਚਾਰ ਗੁਰੂ ਅਪਣੇ ਅਪਣੇ ਸਮਿਆਂ ਵਿਚ ਪ੍ਰਗਟ ਹੋਏ ਅਤੇ ਪੰਜਵਾਂ (ਪ੍ਰਮੇਸਰ ਗੁਰੂ ਅਰਜਨ ਦੇਵ ਦੇ ਰੂਪ ਵਿਚ) ਆਪ ਹੀ ਪ੍ਰਗਟ ਹੋਇਆ ਹੈ।੮।੧।

ਕਰਤਾਰ ਪੁਰ ਵਾਲੀ ਬੀੜ ਦੇ ਤਤਕਰੇ ਵਿਚ ਲਿਖਿਆ ਹੈ 'ਪੰਜਾਂ ਹੀ ਮਹਲਿਆਂ ਦੀ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ ਹੈ'।

ਪਦਾਰਥ = ਚਾਰੇ–ਪਹਿਲੇ ਚਾਰ ਗੁਰੂ। ਜਾਗੇ–ਪ੍ਰਗਟ ਹੋਏ। ਚਹੁ ਜੁਗੀ–ਆਪਣੇ ਅਪਣੇ ਚਾਰ ਸਮਿਆਂ (ਜਾਮਿਆਂ; ਚਾਰ ਜੁਗਾਂ ਵਾਲੇ ਸੰਸਾਰ) ਵਿਚ। ਪੰਚਾਇਣੁ–ਪੰਜਵਾਂ ਗੁਰੂ ਅਰਜਨ ਦੇਵ। ਆਪੀਨੈ–ਆਪ ਨੇ ਹੀ। ਆਪੁ–ਅਪਣੇ ਆਪ ਨੂੰ। ਸਾਜਿਓਨੁ–ਉਸ ਨੇ ਪੈਦਾ ਕੀਤਾ। ਥੰਮ੍ਹਿ–ਥੰਮ (ਸਹਾਰਾ ਦੇ) ਕੇ। ਉਮਤਿ–ਦੁਨੀਆਂ। ਆਵਣ ਜਾਵਣੀ–ਆਉਣ ਜਾਣ (ਜਨਮ ਮਰਨ ਦੇ ਗੇੜ ਵਿਚ ਪੈਣ) ਵਾਲੀ। ਨਵਾ ਨਰੋਆ–ਨਵਾਂ ਅਤੇ ਅਰੋਗ (ਸਦਾ ਸਲਾਮਤ ਰਹਿਣ ਵਾਲਾ)। ਤਖਤਿ–ਤਖਤ ਉਪਰ। ਖਿਵੈ–ਚਮਕਦਾ ਹੈ। ਉਗਵਣਹੁ–ਸੂਰਜ ਦੇ ਚੜ੍ਹਨ ਤੋਂ। ਤੈ–ਅਤੇ। ਆਥਵਣਹੁ–ਸੂਰਜ ਛਿਪਣ ਤਕ। ਚਹੁ ਚਕੀ–ਚਾਰੇ ਕੁੰਡਾਂ (ਸਾਰੇ ਜਗਤ) ਵਿਚ। ਕੀਅਨੁ–ਉਸ ਨੇ ਕੀਤਾ। ਲੋਆ–ਚਾਨਣ। ਜਿਨ੍ਹੀ–ਜਿਨ੍ਹਾਂ ਨੇ। ਨ ਸੇਵਿਓ–ਸੇਵਾ ਨਹੀਂ ਕੀਤੀ। ਪਇਆ ਮੋਆ–ਮੌਤ ਪੈ ਗਈ। ਕਰਾਮਾਤਿ–ਰੁਹਾਨੀ ਤਾਕਤ। ਚਉਣੀ–ਚੌਗਣੀ। ਢੋਆ–ਸੁਗਾਤ; ਤੋਹਫਾ; ਭੇਟਾ (ਜੋ ਲੋਕ ਵੱਡਿਆਂ ਜਾਂ ਮਹਾਂਪੁਰਖਾਂ ਅੱਗੇ ਧਰਦੇ ਹਨ)।੮।੧।

ਚਾਰੇ ਜਾਗੇ = ਚਾਰੇ ਜੁਗਾਂ ਵਿਚ ਚਾਰ ਅਵਤਾਰ (ਸਤਜੁਗ ਦਾ ਹੰਸ। ਤ੍ਰੇਤੇ ਦਾ ਰਾਮ ਚੰਦਰ। ਦੁਆਪਰ ਦਾ ਕ੍ਰਿਸ਼ਨ ਜੀ ਅਤੇ ਕਲਜੁਗ ਦਾ ਨਿਹਕਲੰਕ) ਪ੍ਰਗਟ ਹਨ, ਪੰਜਵਾਂ (ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅਰਜਨ ਦੇਵ ਤਕ ਗੁਰ ਜੋਤ ਰੂਪ ਵਿਚ) ਆਪ ਪ੍ਰਮੇਸਰ ਪ੍ਰਗਟ ਹੋਇਆ ਹੈ। ਇਥੇ ਜਿਕਰ 'ਭਨਿ ਮਥੁਰ ਕਛੁ ਭੇਦ ਨਹੀ ਗੁਰੁ ਅਰਜੁਨ ਪ੍ਰਤਖ੍ਹ ਹਰਿ' ਦਾ ਹੈ । ਭਾਵ ਚਾਰ ਗੁਰੂਆਂ ਤੋਂ ਬਾਦ ਗੁਰੂ ਅਰਜਨ ਦੇਵ ਜੀ ਵੀ ਉਨ੍ਹਾਂ ਵਾਂਗ ਪ੍ਰਮਾਤਮਾ ਦਾ ਰੂਪ ਹਨ।

ਸਚਾ ਢੋਆ = ਸੱਚੇ ਗੁਰੂ ਦਾ ਗੁਰੂ ਅਰਜਨ ਦੇਵ ਜੀ ਨੂੰ ਗੁਰ ਗੱਦੀ ਦਾ ਸੱਚਾ ਤੋਹਫਾ ਮਿਲਿਆ ਹੈ, ਜਿਸ ਕਰਕੇ ਗੁਰੂ ਅਰਜਨ ਦੇਵ ਜੀ ਦੀ ਤਾਕਤ ਦੂਣੀ ਚੌਣੀ ਹੋ ਰਹੀ ਹੈ। ਭਾਵ ਗੁਰ ਗੱਦੀ ਤੇ ਬਿਰਾਜਮਾਨ ਹੋਣ ਕਰਕੇ ਗੁਰੂ ਜੀ ਦੀ ਕਰਾਮਾਤ ਬਹੁਤ ਹੈ। ਗੁਰੂ ਨਾਨਕ ਦੇਵ ਜੀ ਦੀ ਗੱਦੀ ਬਹੁਤ ਤਾਕਤ ਵਾਲੀ ਹੈ।

ਉਥਾਨਕਾ = ਕਬੀਰ ਜੀ ਪਾਸ ਗੋਰਖ ਮੱਤ ਦਾ ਇਕ ਜੋਗੀ ਆਇਆ ਅਤੇ ਕਹਿਣ ਲੱਗਾ ਕਿ ਸ਼ਰਾਬ ਪੀਤੇ ਬਿਨਾ ਸਮਾਧੀ ਵਿਚ ਬਿਰਤੀ ਨਹੀਂ ਜੁੜਦੀ। ਤੁਸੀਂ ਵੀ ਸ਼ਰਾਬ ਪੀਆ ਕਰੋ, ਤਾਂ ਕਿ ਸਮਾਧੀ ਵਿਚ ਬਿਰਤੀ ਚੰਗੀ ਤਰ੍ਹਾਂ ਜੁੜ ਜਾਇਆ ਕਰੇ। ਕਬੀਰ ਜੀ ਨੇ ਉਤਰ ਦਿਤਾ ਕਿ ਅਸੀਂ ਜੋ ਸ਼ਰਾਬ ਪੀਂਦੇ ਹਾਂ, ਉਸ ਨਾਲ ਸਾਡੀ ਬਿਰਤੀ ਜੁੜ ਜਾਂਦੀ ਹੈ। ਸ਼ਰਾਬ ਤਿਆਰ ਕਰਨ ਲਈ ਕਿੱਕਰ ਦਾ ਛਿਲਕਾ ਤੇ ਗੁੜ ਆਦਿ ਚੀਜਾਂ ਪਾਣੀ ਵਿਚ ਪਾ ਕੇ ਇਕ ਮੱਟੀ ਵਿਚ ਕਾਫੀ ਚਿਰ ਗਰਮ ਜਗ੍ਹਾ ਤੇ ਰੱਖ ਦਿਤਾ ਜਾਂਦਾ ਹੈ। ਗਰਮੀ ਨਾਲ ਮੱਟੀ ਵਿਚ ਉਨ੍ਹਾਂ ਚੀਜਾਂ ਦਾ ਖਮੀਰ ਬਣ ਜਾਂਦਾ ਹੈ, ਭੱਠੀ ਵਿਚ ਅੱਗ ਬਾਲ ਕੇ ਉਸ ਉਤੇ ਖਮੀਰ ਵਾਲੀ ਮੱਟੀ ਰੱਖ ਦਿਤੀ ਜਾਂਦੀ ਹੈ। ਮੱਟੀ ਦੇ ਮੂੰਹ ਉਤੇ ਇਕ ਪਾਈਪ ਰੱਖ ਕੇ ਮੱਟੀ ਦੇ ਮੂੰਹ ਨੂੰ ਆਟੇ ਨਾਲ ਚੰਗੀ ਤਰ੍ਹਾਂ ਬੰਦ ਕਰ ਦਿਤਾ ਜਾਂਦਾ ਹੈ। ਅੱਗ ਦੇ ਸੇਕ ਨਾਲ ਮੱਟੀ ਵਿਚ ਪਿਆ ਖਮੀਰ ਉਬਲ ਕੇ ਭਾਫ ਬਣ ਕੇ ਪਾਈਪ ਵਿਚ ਆਉਣ ਸ਼ੁਰੂ ਹੁੰਦਾ ਹੈ। ਪਾਈਪ ਉਤੇ ਠੰਢੇ ਪਾਣੀ ਦਾ ਪੋਚਾ ਫੇਰੀਦਾ ਹੈ, ਠੰਢਾ ਪੋਚਾ ਫੇਰਨ ਕਰਕੇ ਨਾਲ ਵਿਚਲੀ ਭਾਫ ਸ਼ਰਾਬ ਬਣ ਕੇ ਨਾਲ ਦੇ ਦੂਜੇ ਪਾਸੇ ਰੱਖੇ ਭਾਂਡੇ ਵਿਚ ਪਈ ਜਾਂਦੀ ਹੈ। ਕਬੀਰ ਜੀ ਅਪਣੀ ਅੰਤ੍ਰੀਵ ਸ਼ਰਾਬ ਦਾ ਵਰਨਣ ਹੇਠ ਲਿਖੇ ਸ਼ਬਦ ਵਿਚ ਕਰਦੇ ਹਨ =

ਰਾਮਕਲੀ ਬਾਣੀ ਭਗਤਾ ਕੀ ॥ ਕਬੀਰ ਜੀਉ ੴ ਸਤਿਗੁਰ ਪ੍ਰਸਾਦਿ ॥ ਕਾਇਆ ਕਲਾਲਨਿ ਲਾਹਨਿ ਮੇਲਉ ,ਗੁਰ ਕਾ ਸਬਦੁ ਗੁੜੁ ਕੀਨੁ ਰੇ ॥ ਹੇ ਜੋਗੀ! (ਮੈਂ ਅਪਣੇ) ਸਰੀਰ ਨੂੰ ਸ਼ਰਾਬ ਕੱਢਣ ਵਾਲੀ ਮੱਟੀ ਬਣਾਇਆ ਹੈ, (ਇਸ ਵਿਚ ਕਿੱਕਰ ਦਾ ਸੱਕ ਤੇ ਗੁੜ ਆਦਿ ਦੀ) ਸਮੱਗਰੀ ਇਕੱਠੀ ਕਰਦਾ ਹਾਂ ਅਤੇ ਗੁਰੂ ਦਾ ਸ਼ਬਦ (ਇਸ ਮੱਟੀ ਵਿਚ) ਗੁੜ ਪਾਉਣਾ ਕੀਤਾ ਹੈ।

ਅੰਗ ੯੬੯ = ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ, ਕਾਟਿ ਕਾਟਿ ਕਸੁ ਦੀਨੁ ਰੇ ॥੧॥ ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ, ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ॥ ਏਕ ਬੂੰਦ ਭਰਿ ਤਨੁ ਮਨੁ ਦੇਵਉ ,ਜੋ ਮਦੁ ਦੇਇ ਕਲਾਲੀ ਰੇ ॥੧॥ਰਹਾਉ॥ ਭਵਨ ਚਤੁਰ ਦਸ ਭਾਠੀ ਕੀਨ੍ਹੀ, ਬ੍ਰਹਮ ਅਗਨਿ ਤਨਿ ਜਾਰੀ ਰੇ ॥ ਮੁਦ੍ਰਾ ਮਦਕ ਸਹਜ ਧੁਨਿ ਲਾਗੀ, ਸੁਖਮਨ ਪੋਚਨਹਾਰੀ ਰੇ ॥੨॥ ਤੀਰਥ ਬਰਤ ਨੇਮ ਸੁਚਿ ਸੰਜਮ, ਰਵਿ ਸਸਿ ਗਹਨੈ ਦੇਉ ਰੇ ॥ ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ,ਏਹੁ ਮਹਾ ਰਸੁ ਪੇਉ ਰੇ ॥੩॥ ਨਿਝਰ ਧਾਰ ਚੁਐ ਅਤਿ ਨਿਰਮਲ, ਇਹ ਰਸ ਮਨੂਆ ਰਾਤੋ ਰੇ ॥ ਕਹਿ ਕਬੀਰ ਸਗਲੇ ਮਦ ਛੂਛੇ, ਇਹੈ ਮਹਾ ਰਸੁ ਸਾਚੋ ਰੇ ॥੪॥੧॥ ਤ੍ਰਿਸ਼ਨਾ, ਕਾਮ, ਕ੍ਰੋਧ, ਹੰਕਾਰ, ਈਰਖਾ ਆਦਿ ਵਿਕਾਰ ਕੱਟ ਕੱਟ ਕੇ ਮੈਂ (ਉਸ ਮੱਟੀ ਵਿਚ ਕਿੱਕਰ ਦਾ) ਸੱਕ ਪਾ ਦਿਤਾ ਹੈ।੧। ਹੇ ਜੋਗੀ! ਕੋਈ ਅਜੇਹਾ ਸੰਤ ਹੈ, ਜਿਸ ਦੇ ਹਿਰਦੇ ਅੰਦਰ ਆਤਮਕ ਸੁਖ ਹੋਵੇ, ਜਿਸ ਨੂੰ ਮੈਂ ਬਦਲੇ ਵਿਚ ਜਪ ਤਪ ਦਾ ਫਲ ਅਰਪਣ ਕਰ ਦਿਆਂ। ਜਿਹੜਾ ਕੋਈ ਸੰਤ ਮੈਨੂੰ ਅਜੇਹੇ ਮੱਟ ਦੀ ਸ਼ਰਾਬ ਦੇਵੇ, (ਅਜੇਹੀ ਸ਼ਰਾਬ ਦੀ) ਇਕ ਬੂੰਦ ਦੇ ਵਾਸਤੇ ਮੈਂ (ਉਸ ਸੰਤ ਨੂੰ ਅਪਣਾ) ਤਨ ਮਨ ਦੇ ਦੇਵਾਂਗਾ।੧। ਰਹਾਉ। ਮੈਂ ਚੌਦਾਂ ਭਵਨ ਵਾਲੇ ਸੰਸਾਰ ਨੂੰ (ਸ਼ਰਾਬ ਕੱਢਣ ਲਈ) ਭੱਠੀ ਬਣਾਇਆ ਹੈ ਅਤੇ ਸਰੀਰ ਵਿਚ ਵਾਹਿਗੁਰੂ ਦੀ ਜੋਤ ਦਾ ਪ੍ਰਕਾਸ਼ ਕਰਨਾ (ਉਸ ਭੱਠੀ ਵਿਚ) ਅੱਗ ਬਾਲੀ ਹੈ। ਸਹਿਜ ਅਵਸਥਾ ਵਿਚ ਮੇਰੀ ਧੁਨ ਜੋ ਲਗ ਗਈ ਹੈ, ਇਹ ਸ਼ਰਾਬ ਦੀ ਮਟਕੀ ਨੂੰ ਉਤੋਂ ਬੰਦ ਕੀਤਾ ਹੈ, ਤਾਂ ਕਿ ਹਵਾੜ ਨਾ ਉਡ ਸਕੇ; ਨਾਲੀ ਦੇ ਦੋਵੇਂ ਸਿਰੇ ਮੁੰਦ ਲਏ ਹਨ (ਜਿਵੇਂ ਮਟਕੇ ਨੂੰ ਉਪਰੋਂ ਬੰਦ ਕਰਕੇ ਨਾਲੀ ਲਾ ਕੇ ਸ਼ਰਾਬ ਵਾਲੇ ਭਾਂਡੇ ਨਾਲ ਜੋੜੀਦੀ ਹੈ ਤੇ ਨਾਲੀ ਦੇ ਦੋਵੇਂ ਸਿਰੇ ਬੰਦ ਕਰੀਦੇ ਹਨ, ਤਾਂ ਕਿ ਹਵਾੜ ਨਾ ਨਿਕਲੇ। ਜਦ ਸਹਿਜ ਵਿਚ ਧੁਨ ਲਗਦੀ ਹੈ ਤਾਂ ਸੁਖਮਨਾ ਨਾੜੀ ਵਿਚ ਪ੍ਰਾਣਾਂ ਦਾ ਟਿਕਾਉ ਹੁੰਦਾ ਹੈ) ਸੁਖਮਨਾ ਨੂੰ ਮੈਂ ਪੋਚਾ ਦੇਣ ਵਾਲੀ ਲੀਰ ਬਣਾਇਆ ਹੈ (ਇਹ ਲੀਰ ਗਿੱਲੀ ਰੱਖ ਕੇ ਸ਼ਰਾਬ ਵਾਲੀ ਨਾਲੀ ਤੇ ਲਪੇਟੀ ਜਾਂਦੀ ਹੈ, ਤਾਂ ਕਿ ਭਾਫ ਠੰਢੀ ਹੋ ਕੇ ਸ਼ਰਾਬ ਬਣ ਕੇ ਭਾਂਡੇ ਵਿਚ ਪੈਂਦੀ ਰਹੇ)।੨। ਤੀਰਥਾਂ ਤੇ ਕੀਤੇ ਇਸ਼ਨਾਨ ਦਾ ਪੁੰਨ ਫਲ, ਵਰਤ, ਨਿੱਤ ਦੀ ਕਿਰਿਆ ਦਾ ਨੇਮ, ਪਵਿਤ੍ਰਤਾ, ਇੰਦ੍ਰੀਆਂ ਨੂੰ ਵਸ ਵਿਚ ਕਰਨਾ, ਇੜਾ ਤੇ ਪਿੰਗਲਾ ਆਦਿ ਸਾਰੇ ਸਾਧਨ (ਉਸ ਸ਼ਰਾਬ ਨੂੰ ਪ੍ਰਾਪਤ ਕਰਨ ਲਈ) ਮੈਂ ਗਿਰਵੀ ਰਖ ਦੇਵਾਂਗਾ। ਮੈਂ ਅਪਣੀ ਸੁਰਤ ਨੂੰ ਪਿਆਲਾ ਬਣਾਇਆ ਹੈ, (ਇਸ ਪਿਆਲੇ ਨਾਲ ਮੈਂ) ਅੰਮ੍ਰਿਤ ਨਾਮ ਰਸ ਰੂਪ ਸ਼ਰਾਬ ਪੀਂਦਾ ਹਾਂ, ਇਹ ਨਾਮ ਅੰਮ੍ਰਿਤ ਸਾਰੇ ਰਸਾਂ ਤੋਂ ਮਹਾਨ ਰਸ ਹੈ।੩।(ਮੇਰੇ ਹਿਰਦੇ ਅੰਦਰ ਇਸ ਨਾਮ ਰੂਪ ਸ਼ਰਾਬ ਦੀ) ਅਤਿਅੰਤ ਨਿਰਮਲ ਧਾਰ ਇਕ ਰਸ (ਲਗਾਤਾਰ) ਚੋ ਰਹੀ ਹੈ ਅਤੇ ਮੇਰਾ ਮਨ ਇਸ ਰਸ ਵਿਚ ਰੰਗਿਆ ਗਿਆ ਹੈ। ਕਬੀਰ ਜੀ ਆਖਦੇ ਹਨ ਕਿ ਹੇ ਜੋਗੀ! ਸਾਰੇ ਨਸ਼ੇ ਘਟੀਆ ਹਨ, ਇਹ ਨਾਮ ਰਸ ਮਹਾਨ ਤੇ ਸੱਚਾ ਰਸ ਹੈ।੪।੧।

ਪਦਾਰਥ = ਕਾਇਆ–ਸਰੀਰ। ਕਲਾਲਨਿ–ਉਹ ਮੱਟਕੀ, ਜਿਸ ਵਿਚ ਗੁੜ ਸੱਕ ਆਦਿ ਪਾ ਕੇ ਲਾਹਣ ਤਿਆਰ ਕੀਤੀ ਜਾਂਦੀ ਹੈ। ਲਾਹਨਿ–ਸੱਕ ਤੇ ਗੁੜ ਆਦਿ ਦਾ ਬਣਿਆ ਸਾੜਾ; ਖਮੀਰ। ਮੇਲਉ–ਇਕੱਠੀ ਕਰਦਾ ਹਾਂ। ਕੀਨੁ–ਕੀਤਾ। ਰੇ–ਹੇ ਜੋਗੀ!। ਮਦ–ਹੰਕਾਰ। ਮਤਸਰ–ਈਰਖਾ। ਕਸੁ–ਕਿੱਕਰ ਦੇ ਦਰੱਖਤ ਦਾ ਛਿਲਕਾ। ਦੀਨੁ–ਦਿਤਾ ਹੈ।੧। ਸਹਜ ਸੁਖ–ਆਤਮਕ ਸੁਖ। ਅੰਤਰਿ–ਹਿਰਦੇ ਅੰਦਰ। ਜਾ ਕਉ–ਜਿਸ ਨੂੰ। ਦੇਉ–ਦੇਵਾਂਗਾ। ਦਲਾਲੀ–ਜੋ ਮਨੁੱਖ ਦੋ ਧਿਰਾਂ ਵਿਚ ਸੌਦਾ ਕਰਾਵੇ, ਸੌਦਾ ਕਰਾਉਣ ਦੀ ਮਜਦੂਰੀ ਨੂੰ

ਦਲਾਲੀ ਕਹੀਦਾ ਹੈ।ਭਰਿ-ਦੇ ਵਾਸਤੇ।ਦੇਵਉ-ਦੇਵਾਂਗਾ।ਮਦੁ-ਸ਼ਰਾਬ।ਦੇਇ-ਦੇਵੇ।ਕਲਾਲੀ-ਮੱਟੀ ਵਿਚੋਂ।੧।ਰਹਾਉ।ਭਵਨ ਚਤੁਰ ਦਸ-ਚੌਦਾਂ ਭਵਨ।ਤਨਿ-ਸਰੀਰ ਵਿਚ।ਜਾਰੀ-ਬਾਲੀ (ਜਲਾਈ) ਹੈ।ਮੁਦ੍ਰਾ-ਢੱਕਣ।ਮਦਕ-ਨਾਲੀ (ਪਾਈਪ)।ਸਹਜ-ਸਹਿਜ ਅਵਸਥਾ ਵਿਚ।ਧੁਨਿ-ਬਿਰਤੀ।ਸੁਖਮਨ-ਸੁਖਮਨਾ ਨਾੜੀ।ਪੋਚਨਹਾਰੀ-ਨਾਲੀ ਉਤੇ ਪੋਚਾ ਦੇਣ ਵਾਲੀ ਲੀਰ (ਤਾਂ ਕਿ ਭਾਫ ਠੰਢੀ ਹੋ ਕੇ ਸ਼ਰਾਬ ਬਣ ਕੇ ਭਾਂਡੇ ਵਿਚ ਪੈਂਦੀ ਜਾਵੇ)।੨।ਸੁਚਿ-ਪਵਿਤ੍ਰਤਾ।ਸੰਜਮ-ਇੰਦ੍ਰੀਆਂ ਨੂੰ ਵਸ ਵਿਚ ਕਰਨਾ।ਰਵਿ-ਸੂਰਜ (ਪਿੰਗਲਾ ਸੁਰ, ਨੱਕ ਦੀ ਸੱਜੀ ਨਾੜੀ)।ਸਸਿ-ਚੰਦ੍ਰਮਾ (ਇੜਾ, ਨੱਕ ਦੀ ਖੱਬੀ ਨਾੜੀ)।ਗਹਨੈ-ਗਿਰਵੀ।ਪਿਆਲ-ਪਿਆਲਾ।ਸੁਧਾ-ਅੰਮ੍ਰਿਤ ।ਮਹਾ ਰਸੁ-ਮਹਾਂਨ ਰਸ।ਪੇਉ-ਮੈਂ ਪੀਂਦਾ ਹਾਂ।੩।ਨੀਝਰ-ਪਹਾੜ ਤੋਂ ਲਗਾਤਾਰ ਇਕ ਰਸ ਪਾਣੀ ਦਾ ਵਹਾਉ।ਅਤਿ-ਅਤਿਅੰਤ। ਨਿਰਮਲ-ਸਾਫ।ਮਨੂਆ-ਮਨ।ਰਾਤੋ-ਰੰਗਿਆ ਗਿਆ ਹੈ।ਸਗਲੇ-ਸਾਰੇ।ਮਦ-ਨਸ਼ੇ।ਛੂਛੇ-ਤੁੱਛ; ਘਟੀਆ।੪।੧।

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ, ਭਉ ਭਾਠੀ ਮਨ ਧਾਰਾ ॥ ਸੁਖਮਨ ਨਾਰੀ ਸਹਜ ਸਮਾਨੀ, ਪੀਵੈ ਪੀਵਨਹਾਰਾ ॥੧॥ ਅਉਧੂ ਮੇਰਾ ਮਨੁ ਮਤਵਾਰਾ ॥ ਉਨਮਦ ਚਢਾ ਮਦਨ ਰਸੁ ਚਾਖਿਆ, ਤ੍ਰਿਭਵਨ ਭਇਆ ਉਜਿਆਰਾ ॥੧॥ਰਹਾਉ॥ ਦੁਇ ਪੁਰ ਜੋਰਿ ਰਸਾਈ ਭਾਠੀ, ਪੀਉ ਮਹਾ ਰਸੁ ਭਾਰੀ ॥ ਕਾਮੁ ਕ੍ਰੋਧੁ ਦੁਇ ਕੀਏ ਜਲੇਤਾ, ਛੂਟਿ ਗਈ ਸੰਸਾਰੀ ॥੨॥ ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤਿ, ਸਤਿਗੁਰ ਤੇ ਸੁਧਿ ਪਾਈ ॥ ਦਾਸੁ ਕਬੀਰੁ ਤਾਸੁ ਮਦ ਮਾਤਾ, ਉਚਕਿ ਨ ਕਬਹੂ ਜਾਈ ॥੩॥੨॥ (ਹੇ ਜੋਗੀ! ਨਾਮ ਰਸ ਦੀ ਸ਼ਰਾਬ ਕੱਢਣ ਲਈ) ਮੈਂ ਆਤਮਕ ਗਿਆਨ ਨੂੰ ਗੁੜ, ਰੱਬ ਦੇ ਚਰਨਾਂ ਵਿਚ ਜੁੜੇ ਧਿਆਨ ਨੂੰ ਮਹੂਏ ਦੇ ਫੁੱਲ ਅਤੇ ਮਨ ਵਿਚ ਟਿਕਾਏ ਰੱਬ ਦੇ ਡਰ ਨੂੰ ਭੱਠੀ ਬਣਾਇਆ ਹੈ।ਸੁਖਮਨਾ ਨਾੜੀ ਵਿਚ ਸੁਰਤ ਸਹਜੇ (ਸੌਖੇ ਹੀ ਅਪਣੇ ਆਪ) ਲੀਨ ਹੋ ਗਈ ਹੈ, ਇਹ ਨਾਲੀ ਹੈ; ਸੁਖਮਨਾ ਭਾਵ ਇਕਾਗਰਤਾ ਨਾਲੀ ਹੈ, ਜੋ ਸਹਿਜ ਵਿਚ ਸਮਾ ਗਈ ਹੈ (ਸ਼ਬਦਾਰਥ।ਹੁਣ ਮੇਰਾ ਮਨ ਇਹ ਸ਼ਰਾਬ) ਪੀਣ ਵਾਲਾ ਹੋ ਕੇ ਪੀਂਦਾ ਹੈ।੧।ਹੇ ਜੋਗੀ! (ਇਸ ਤਰ੍ਹਾਂ ਦੀ ਸ਼ਰਾਬ ਪੀਣ ਨਾਲ) ਮੇਰਾ ਮਨ ਮਸਤ ਹੋ ਗਿਆ ਹੈ।ਉਸ (ਨਾਮ ਰੂਪ ਸ਼ਰਾਬ ਦਾ ਮੈਨੂੰ) ਨਸ਼ਾ ਚੜ੍ਹਿਆ ਹੈ; ਮੈਨੂੰ ਤੁਰੀਆ ਪਦ ਦੀ ਮਸਤੀ ਚੜ੍ਹੀ ਹੈ, ਜਦ ਮੈਂ ਇਸ ਮਸਤ ਕਰਨ ਵਾਲੇ ਨਾਮ ਰਸ ਨੂੰ ਚੱਖਿਆ, (ਜੋਗੀਆਂ ਵਾਲੀ ਸ਼ਰਾਬ ਪੀ ਕੇ ਬਜਾਏ ਬੇਹੋਸ਼ੀ ਦੇ) ਤਿੰਨਾਂ ਭਵਨਾਂ ਦਾ ਚਾਨਣ ਹੋ ਗਿਆ ਹੈ (ਹਰ ਥਾਂ ਹਰੀ ਦੀ ਜੋਤ ਦਿਸਣ ਲਗ ਪਈ)।੧।ਰਹਾਉ।ਧਰਤੀ ਤੇ ਅਕਾਸ਼ ਰੂਪ ਦੋ ਪੁੜਾਂ ਨੂੰ ਜੋੜ ਕੇ ਮੈਂ ਭੱਠੀ ਬਣਾਈ ਹੈ (ਸੰਸਾਰ ਦੀ ਅਸਲੀਅਤ ਨੂੰ ਬੁੱਝਣਾ ਭੱਠੀ ਹੈ) ਅਤੇ ਭਾਰੀ ਮਹਾਨ ਨਾਮ ਰਸ ਪੀਂਦਾ ਹਾਂ।ਕਾਮ ਤੇ ਕ੍ਰੋਧ ਦੋਵੇਂ ਮੈਂ (ਭੱਠੀ ਵਿਚ ਜਲਾਉਣ ਵਾਸਤੇ) ਬਾਲਣ ਬਣਾਏ ਹਨ (ਕਾਮ ਕ੍ਰੋਧ ਸਾੜ ਦਿਤੇ ਹਨ, ਇਸ ਤਰ੍ਹਾਂ) ਸੰਸਾਰ ਵਿਚ ਫਸਣ ਵਾਲੀ ਬਿਰਤੀ ਛੁਟ ਗਈ ਹੈ।੨।(ਹੇ ਜੋਗੀ! ਜਦੋਂ ਮੈਂ) ਸਤਿਗੁਰੂ ਤੋਂ ਆਤਮ ਗਿਆਨ ਦੀ ਸੋਝੀ ਪ੍ਰਾਪਤ ਕੀਤੀ, ਤਾਂ ਗੁਰੂ ਦੇ ਪਾਸ ਜਾਣ ਨਾਲ ਗਿਆਨ ਦਾ ਪ੍ਰਕਾਸ਼ (ਮੇਰੇ ਹਿਰਦੇ ਅੰਦਰ) ਪ੍ਰਗਟ ਹੋ ਗਿਆ।ਪ੍ਰਭੂ ਦਾ ਦਾਸ ਕਬੀਰ ਉਸ ਨਸ਼ੇ ਵਿਚ ਮਸਤ ਹੈ, ਜੋ ਕਦੇ ਉਤਰਦਾ ਨਹੀਂ ਹੈ।੩।੨।

ਪਦਾਰਥ = ਗਿਆਨੁ-ਆਤਮਕ ਗਿਆਨ (ਉਚੀ ਸਮਝ)।ਮਹੂਆ-ਇਕ ਦਰੱਖਤ, ਜਿਸ ਦੇ ਫੁੱਲ ਸ਼ਰਾਬ ਬਣਾਉਣ ਲਈ ਵਰਤੇ ਜਾਂਦੇ ਹਨ।ਭਉ-ਡਰ।ਭਾਠੀ-ਅੱਗ ਵਾਲੀ ਭੱਠੀ।ਮਨ ਧਾਰਾ-ਮਨ ਵਿਚ ਟਿਕਾਇਆ ਹੋਇਆ।ਸੁਖਮਨ ਨਾਰੀ-ਸੁਖਮਨਾ ਨਾੜੀ ਵਿਚ।ਸਹਜ-ਸੌਖੇ ਹੀ; ਸਹਿਜ ਅਵਸਥਾ।ਸਮਾਨੀ-ਲੀਨ ਹੋ ਗਈ।ਪੀਵਨਹਾਰਾ-ਪੀਣ ਵਾਲਾ ਹੋ ਕੇ।੧।ਅਉਧੂ-ਹੇ ਜੋਗੀ!। ਮਤਵਾਰਾ-ਮਤਵਾਲਾ; ਮਸਤ।ਉਨਮਦ-(ਤੁਰੀਆ ਪਦ ਦੀ) ਮਸਤੀ; ਉਸ ਨਸ਼ੇ ਦਾ।ਤ੍ਰਿਭਵਨ-ਤਿੰਨਾਂ ਭਵਨਾਂ ਵਿਚ।ਭਇਆ-ਹੋਇਆ।ਉਜਿਆਰਾ-ਚਾਨਣ।੧।ਰਹਾਉ।ਦੁਇ ਪੁਰ-ਦੋ ਪੁੜ।ਜੋਰਿ-ਜੋੜ ਕੇ।ਰਸਾਈ-ਬਣਾਈ; ਮਘਾਈ।ਪੀਉ-ਪੀਂਦਾ ਹਾਂ। ਕੀਏ-ਕੀਤੇ (ਬਣਾਏ)।ਜਲੇਤਾ-ਬਾਲਣ।ਛੂਟਿ-ਛੁਟ ਗਈ।ਸੰਸਾਰੀ-ਸੰਸਾਰ ਵਿਚ ਫਸਣ ਵਾਲੀ ਬਿਰਤੀ।੨।ਗੁਰ ਗੰਮਿਤ-ਗੁਰੂ ਦੇ ਪਾਸ ਜਾਣ ਨਾਲ।ਤੇ-ਤੋਂ।ਸੁਧਿ-ਸੋਝੀ; ਵਿਵੇਕ ਸ਼ਕਤੀ।ਪਾਈ-ਪ੍ਰਾਪਤ ਕੀਤੀ।ਦਾਸੁ-ਪ੍ਰਭੂ ਦਾ ਸੇਵਕ।ਤਾਸੁ-ਉਸ।ਮਦ-ਨਸ਼ੇ ਵਿਚ।ਮਾਤਾ-ਮਸਤ ਹੈ।ਉਚਕਿ ਨ ਜਾਈ-(ਉਚੱਕ ਨਾ ਪੜ੍ਹੋ) ਉਤਰਦਾ ਨਹੀਂ।ਕਬਹੂ-ਕਦੇ ਵੀ।੩।੨।

ਤੂੰ ਮੇਰੋ ਮੇਰੁ ਪਰਬਤੁ ਸੁਆਮੀ, ਓਟ ਗਹੀ ਮੈ ਤੇਰੀ ॥ ਨਾ ਤੁਮ ਡੋਲਹੁ ਨਾ ਹਮ ਗਿਰਤੇ, ਰਖਿ ਲੀਨੀ ਹਰਿ ਮੇਰੀ ॥੧॥ ਅਬ ਤਬ ਜਬ ਕਬ ਤੁਹੀ ਤੁਹੀ ॥ ਹਮ ਤੁਅ ਪਰਸਾਦਿ ਸੁਖੀ ਸਦ ਹੀ ॥੧॥ਰਹਾਉ॥ ਤੋਰੇ ਭਰੋਸੇ ਮਗਹਰ ਬਸਿਓ, ਮੇਰੇ ਤਨ ਕੀ ਤਪਤਿ ਬੁਝਾਈ ॥ ਪਹਿਲੇ ਦਰਸਨੁ ਮਗਹਰ ਪਾਇਓ, ਫੁਨਿ ਕਾਸੀ ਬਸੇ ਆਈ ॥੨॥ ਜੈਸਾ ਮਗਹਰੁ ਤੈਸੀ ਕਾਸੀ, ਹਮ ਏਕੈ ਕਰਿ ਜਾਨੀ ॥ ਹਮ ਨਿਰਧਨ ਜਿਉ ਇਹੁ ਧਨੁ ਪਾਇਆ, ਮਰਤੇ ਫੂਟਿ ਗੁਮਾਨੀ ॥੩॥ ਕਰੈ ਗੁਮਾਨੁ ਚੁਭਹਿ ਤਿਸੁ ਸੂਲਾ, ਕੋ ਕਾਢਨ ਕਉ ਨਾਹੀ ॥ ਅਜੈ ਸੁ ਚੋਭ ਕਉ ਬਿਲਲ ਬਿਲਾਤੇ, ਨਰਕੇ ਘੋਰ ਪਚਾਹੀ ॥੪॥ ਕਵਨੁ ਨਰਕੁ ਕਿਆ ਸੁਰਗੁ ਬਿਚਾਰਾ, ਸੰਤਨ ਦੋਊ ਰਾਦੇ ॥ ਹਮ ਕਾਹੂ ਕੀ ਕਾਣਿ ਨ ਕਢਤੇ, ਅਪਨੇ ਗੁਰ ਪਰਸਾਦੇ ॥੫॥ ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੇ ਹੈ ਸਾਰਿੰਗਪਾਨੀ ॥ ਰਾਮ

ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥੬॥੩॥ ਹੇ ਮਾਲਕ ਪ੍ਰਭੂ! ਮੈਂ ਤੇਰੀ ਓਟ ਪਕੜੀ ਹੈ, ਸੁਮੇਰ ਪਰਬਤ ਵਾਂਙ ਤੂੰ ਮੇਰਾ ਸਭ ਤੋਂ ਵੱਡਾ ਆਸਰਾ ਹੈਂ। (ਜਿਵੇਂ ਸੁਮੇਰ ਪਰਬਤ ਡੋਲਦਾ ਨਹੀ) ਤੂੰ ਵੀ ਡੋਲਦਾ ਨਹੀਂ, (ਤੇਰਾ ਪੱਲਾ ਫੜ ਕੇ) ਅਸੀਂ ਵੀ ਗਿਰਦੇ ਨਹੀਂ, ਹੇ ਹਰੀਂ! ਤੈਂ ਮੇਰੀ ਲਾਜ ਰਖ ਲਈ ਹੈ।੧। ਹੁਣ, ਤਦੋਂ, ਜਦੋਂ ਕਦੇ (ਹਰ ਵੇਲੇ ਮੇਰਾ ਸਹਾਰਾ) ਤੂੰ ਹੀ ਹੈਂ। ਮੈਂ ਤੇਰੀ ਕ੍ਰਿਪਾ ਨਾਲ ਸਦਾ ਹੀ ਸੁਖੀ ਰਹਿੰਦਾ ਹਾਂ।੧। ਰਹਾਉ। ਹੇ ਪ੍ਰਭੂ! ਤੇਰੇ ਭਰੋਸੇ ਨਾਲ ਮੈਂ ਮਗਹਰ (ਸਰਾਪੀ ਹੋਈ ਧਰਤੀ ਤੇ) ਜਾ ਵਸਿਆ ਸੀ ,(ਤੈਂ ਉਥੇ ਕ੍ਰਿਪਾ ਕਰਕੇ) ਮੇਰੇ ਸਰੀਰ ਦੀ (ਵਿਕਾਰਾਂ ਦੀ) ਤਪਸ਼ ਬੁਝਾ ਦਿਤੀ। ਪਹਿਲਾਂ ਮਗਹਰ ਵਿਚ ਤੇਰਾ ਦਰਸ਼ਨ ਪਾਇਆ, ਫਿਰ ਮੈਂ (ਵਾਪਸ) ਕਾਂਸੀ ਆ ਵਸਿਆ ਹਾਂ (ਇਥੋਂ ਇਹ ਜਾਹਰ ਹੁੰਦਾ ਹੈ ਕਿ ਕਬੀਰ ਜੀ ਕਾਂਸੀ ਵਿਚ ਰਹਿੰਦਿਆ ਪਹਿਲਾਂ ਵੀ ਮਗਹਰ ਵਿਖੇ ਰਹੇ ਹਨ, ਕਾਂਸੀ ਆ ਕੇ ਫਿਰ ਦੁਬਾਰਾ ਅਖੀਰਲੇ ਸਮੇਂ ਮਗਹਰ ਵਿਚ ਰਹਿੰਦਿਆਂ ਸਰੀਰ ਛੱਡਿਆ)।੨। (ਅਨਵੇਂ ਅੱਖਰ। ਹੇ ਪ੍ਰਭੂ!) ਮੈਂ ਨਿਰਧਨ ਨੇ ਜਿਵੇਂ ਹੀ ਇਹ ਨਾਮ ਧਨ ਪ੍ਰਾਪਤ ਕੀਤਾ, (ਉਸ ਦੀ ਬਰਕਤ ਨਾਲ ਮੇਰੀ ਲਈ) ਜਿਹੋ ਜਿਹਾ ਮਗਹਰ ਸ਼ਹਿਰ ਹੈ, ਉਹੋ ਜਿਹਾ ਹੀ ਕਾਂਸੀ ਸ਼ਹਿਰ ਹੈ, ਮੈਂ (ਦੋਹਾਂ ਸ਼ਹਿਰਾਂ ਨੂੰ) ਇਕੋ ਜਿਹਾ ਕਰਕੇ ਜਾਣਿਆ ਹੈ। (ਪਰ ਜਿਨ੍ਹਾਂ ਨੂੰ ਕਾਂਸੀ ਤੇ ਮਗਹਰ ਦਾ ਭਰਮ ਹੈ, ਉਹ) ਹੰਕਾਰੀ ਲੋਕ ਫੁਟ ਫੁਟ (ਤੜਫ ਤੜਫ) ਕੇ ਮਰਦੇ ਹਨ।੩। (ਜੋ ਮਨੁੱਖ) ਹੰਕਾਰ ਕਰਦਾ ਹੈ ,ਉਸ ਨੂੰ (ਜਨਮ ਮਰਨ ਦੇ ਦੁਖ ਰੂਪ) ਸੂਲ੍ਹਾਂ ਚੁਭਦੀਆਂ ਹਨ, (ਇਹ ਸੂਲ੍ਹਾਂ) ਕੱਢਣ ਨੂੰ ਕੋਈ ਸਮਰੱਥ ਨਹੀਂ। ਅਜੇ ਤਕ ਉਹ (ਹੰਕਾਰੀ ਮਨੁੱਖ ਇਨ੍ਹਾਂ ਸੂਲ੍ਹਾਂ ਦੇ) ਚੋਭਾਂ ਨਾਲ ਮਨ ਅਤੇ ਤਨ ਕਰਕੇ ਬਿਲਕਦੇ ਫਿਰਦੇ ਹਨ, (ਅੰਤ ਨੂੰ ਉਹ) ਘੋਰ ਨਰਕ ਵਿਚ ਸੜਦੇ ਹਨ।੪। ਨਰਕ ਕੀ ਹੈ ਤੇ ਵਿਚਾਰਾ ਸ੍ਵਰਗ ਕੀ ਹੈ? ਸੰਤਾਂ ਨੇ ਦੋਵੇਂ ਰੱਦ ਕਰ ਦਿਤੇ ਹਨ (ਮਗਹਰ ਵਿਚ ਮਰਨ ਵਾਲਾ ਨਰਕ ਵਿਚ ਤੇ ਕਾਂਸੀ ਵਿਚ ਮਰਨ ਵਾਲਾ ਸ੍ਵਰਗ ਵਿਚ ਜਾਂਦਾ ਹੈ, ਇਨ੍ਹਾਂ ਦੋਹਾਂ ਦਾ ਖਿਆਲ ਹੀ ਛਡ ਦਿਤਾ ਹੈ)। ਅਸੀਂ ਅਪਣੇ ਗੁਰੂ ਦੀ ਕ੍ਰਿਪਾ ਨਾਲ ਕਿਸੇ (ਨਰਕ ਜਾਂ ਸ੍ਵਰਗ) ਦੀ ਮੁਥਾਜੀ ਨਹੀਂ ਰੱਖਦੇ।੫। (ਗੁਰੂ ਦੀ ਕ੍ਰਿਪਾ ਨਾਲ) ਹੁਣ ਤਾਂ ਮੈਂ ਉਚੇ ਸਿੰਘਾਸਨ ਤੇ ਜਾ ਚੜ੍ਹਿਆ ਹਾਂ, (ਜਿੱਥੇ ਮੈਨੂੰ) ਪ੍ਰਮਾਤਮਾ ਮਿਲ ਪਿਆ ਹੈ। ਰਾਮ ਤੇ ਕਬੀਰ ਹੁਣ ਇਕ ਹੋ ਗਏ ਹਨ, ਕੋਈ ਵੀ ਪਛਾਣ ਨਹੀਂ ਸਕਦਾ (ਕਿ ਰਾਮ ਕਿਹੜਾ ਹੈ ਤੇ ਕਬੀਰ ਕਿਹੜਾ ਹੈ? ਜਾਂ ਕੋਈ ਭੇਦਵਾਦੀ ਰਾਮ ਤੇ ਕਬੀਰ ਦੀ ਏਕਤਾ ਨੂੰ ਪਛਾਣ ਨਹੀਂ ਸਕਦਾ)।੬।੩।

ਪਦਾਰਥ = ਮੇਰੁ ਪਰਬਤੁ–ਸੁਮੇਰ ਪਰਬਤ (ਸਭ ਤੋਂ ਵੱਡਾ ਆਸਰਾ)। ਗਹੀ–ਪਕੜੀ ਹੈ। ਨਾ ਗਿਰਤੇ–ਡਿਗਦੇ ਨਹੀਂ। ਰਖਿ ਲੀਨੀ–(ਲਾਜ) ਰਖ ਲਈ।੧। ਅਬ–ਹੁਣ। ਤਬ–ਤਦੋਂ। ਜਬ ਕਦ–ਜਦੋਂ ਕਦੇ। ਤੁਅ ਪਰਸਾਦਿ–ਤੇਰੀ ਕ੍ਰਿਪਾ ਨਾਲ। ਸਦ ਹੀ–ਸਦਾ ਹੀ।੧। ਰਹਾਉ। ਤਨ ਕੀ–ਸਰੀਰ ਦੀ। ਤਪਤ–ਤਪਸ਼; ਅੱਗ। ਫੁਨਿ–ਫਿਰ। ਕਾਂਸੀ–ਬਨਾਰਸ ਸ਼ਹਿਰ (ਹਿੰਦੂਆਂ ਦਾ ਤੀਰਥ ਅਤੇ ਵਿਦਿਆ ਦਾ ਕੇਂਦਰ)। ਆਈ–ਆ ਕੇ।੨। ਏਕੈ ਕਰਿ–ਇਕੋ ਜਿਹੀ ਕਰਕੇ। ਜਾਨੀ–ਜਾਣਿਆ ਹੈ। ਨਿਰਧਨ–ਧਨ ਹੀਣ; ਕੰਗਾਲ। ਮਰਤੇ ਫੂਟਿ–ਫੁਟ ਫੁਟ (ਦੁਖੀ ਹੋ ਕੇ) ਮਰਦੇ ਹਨ। ਗੁਮਾਨੀ–ਹੰਕਾਰੀ ਲੋਕ।੩। ਚੁਭਹਿ–ਚੁਭਦੇ ਹਨ। ਸੂਲਾ–ਕੰਡੇ। ਕੋ–ਕੋਈ। ਕਾਢਨ ਕਉ–ਕੱਢਣ ਵਾਸਤੇ। ਅਜੈ–ਹੁਣ ਤਕ। ਸੁ–ਉਹ। ਬਿਲਲ ਬਿਲਾਤੇ–ਵਿਲਕਦੇ ਫਿਰਦੇ (ਰੋਂਦੇ) ਹਨ। ਪਚਾਹੀ–ਸੜਦੇ ਹਨ।੪। ਕਵਨ–ਕੀ; ਕਿਹੜਾ। ਸੰਤਨ–ਸੰਤਾਂ ਨੇ। ਦੋਊ–ਦੋਵੇਂ। ਰਾਦੇ–ਰੱਦ ਕਰ ਦਿਤੇ। ਕਾਹੂ ਕੀ–ਕਿਸੇ ਦੀ। ਕਾਣਿ–ਮੁਥਾਜੀ।੫। ਅਬ ਤਉ–ਹੁਣ ਤਾਂ। ਸਿੰਘਾਸਨਿ–ਆਤਮਕ ਟਿਕਾਣੇ ਤੇ (ਜਿੱਥੇ ਪ੍ਰਮੇਸਰ ਵਸਦਾ ਹੈ)। ਸਾਰਿੰਗਪਾਨੀ–ਪ੍ਰਿਥਵੀ ਹੈ ਜਿਸ ਦੇ ਹੱਥ ਵਿਚ; ਜਿਸ ਦੇ ਹੱਥ ਵਿਚ ਸਾਰੇ ਵਿਸ਼ਵ ਦੇ ਜੀਵਾਂ ਦੀ ਰੋਜ਼ੀ ਹੈ (ਮ.ਕੋ.)। ਰਾਮ–ਸਰਬ ਵਿਆਪਕ ਵਾਹਿਗੁਰੂ। ਭਏ ਹੈ–ਹੋਏ ਹਨ।੬।੩।

ਮਗਹਰ = ਗੋਰਖ ਪੁਰ ਦੇ ਲਾਗੇ ਇਕ ਸ਼ਹਿਰ ਹੈ, ਜਿਸ ਬਾਰੇ ਲੋਕਾਂ ਵਿਚ ਖਿਆਲ ਹੈ ਕਿ ਇਹ ਧਰਤੀ ਸਰਾਪੀ ਹੋਈ ਹੈ। ਇਸ ਜਗ੍ਹਾ ਮਰਨ ਵਾਲਾ ਮਨੁੱਖ ਗਧੇ ਦੀ ਜੂਨ ਵਿਚ ਪੈਂਦਾ ਹੈ ਅਤੇ ਕਾਂਸੀ ਵਿਚ ਮਰਨ ਵਾਲਾ ਮਨੁੱਖ ਸ੍ਵਰਗ ਵਿਚ ਜਾਂਦਾ ਹੈ।

ਸਾਰੰਸ਼ = ਹਰੀ ਜਿਹਾ ਬਲੀ ਜਿਸ ਦਾ ਆਸਰਾ ਹੋਵੇ, ਉਸ ਨੂੰ ਕੋਈ ਡਰ ਨਹੀਂ, ਉਹ ਮਾੜੀ ਥਾਂ ਜਾਂ ਚੰਗੀ ਥਾਂ ਜਿੱਥੇ ਵੀ ਹੋਵੇ, ਮੁਕਤ ਹੈ। ਉਸ ਨੂੰ ਨਰਕ ਦਾ ਡਰ ਨਹੀਂ ਤੇ ਸ੍ਵਰਗ ਦੀ ਇਛਾ ਨਹੀਂ, ਕਿਉਂਕਿ ਉਸ ਨੇ ਨਰਕਾਂ ਵਿਚ ਲਿਜਾਣ ਵਾਲੀ ਹਉਮੈ ਛਡ ਦਿਤੀ ਹੈ ਅਤੇ ਹਰੀ ਜਿਹੇ ਸ਼ਹਿਨਸ਼ਾਹ ਦਾ ਮੇਲੀ ਹੋ ਜਾਣ ਕਰਕੇ ਉਸ ਨੂੰ ਸ੍ਵਰਗ ਦੀ ਲੋੜ ਨਹੀਂ ਰਹੀ (ਸ਼ਬਦਾਰਥ)।

ਸੰਤਾ ਮਾਨਉ ਦੂਤਾ ਡਾਨਉ ,ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ,ਕੇਸ ਚਵਰ ਕਰਿ ਫੇਰੀ ॥੧॥ ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ਰਹਾਉ॥ (ਹੇ ਪ੍ਰਭੂ!) ਮੈਂ ਸੰਤਾਂ ਨੂੰ ਮੰਨਦਾ (ਆਦਰ ਦੇਂਦਾ) ਹਾਂ ਤੇ ਕਾਮਾਦਿਕ ਵੈਰੀਆਂ ਨੂੰ ਡੰਨ ਦੇਂਦਾ ਹਾਂ, ਇਹ ਮੇਰੀ ਕੋਤਵਾਲੀ (ਕੋਤਵਾਲ ਹੋਣ ਦਾ ਫਰਜ) ਹੈ। (ਹੇ ਪ੍ਰਭੂ! ਕ੍ਰਿਪਾ ਕਰ) ਮੈਂ ਦਿਨ ਰਾਤ ਤੇਰੇ ਪੈਰ ਮਲਦਾ ਰਹਾਂ ਅਤੇ ਕੇਸਾਂ ਦਾ ਚੌਰ ਬਣਾ ਕੇ ਫੇਰਦਾ ਰਹਾਂ।੧। (ਹੇ ਪ੍ਰਭੂ!) ਅਸੀਂ (ਸਾਰੇ ਜੀਵ) ਤੇਰੇ ਦਰ ਤੇ ਕੁੱਤੇ ਹਾਂ। ਅਤੇ ਤੇਰੇ ਅੱਗੇ ਮੂੰਹ ਫੈਲਾ (ਖੋਲ੍ਹ) ਕੇ ਭੌਂਕਦੇ ਹਾਂ।੧। ਰਹਾਉ।

ਅੰਗ ੬੭੦ = ਪੂਰਬ ਜਨਮ ਹਮ ਤੁਮ੍ਹਰੇ ਸੇਵਕ, ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜ ਕੀ, ਮਾਥੈ ਮੇਰੇ ਦਗਾਈ ॥੨॥ ਦਾਗੇ ਹੋਹਿ ਸੁ ਰਨ ਮਹਿ ਜੂਝਹਿ, ਬਿਨੁ ਦਾਗੇ ਭਗਿ ਜਾਈ ॥ ਸਾਧੂ ਹੋਇ ਸੁ ਭਗਤਿ ਪਛਾਨੈ, ਹਰਿ ਲਏ ਖਜਾਨੈ ਪਾਈ ॥੩॥ ਕੋਠਰੇ ਮਹਿ ਕੋਠਰੀ, ਪਰਮ ਕੋਠੀ ਬੀਚਾਰਿ ॥ ਗੁਰਿ ਦੀਨੀ ਬਸਤੁ ਕਬੀਰ ਕਉ ,ਲੇਵਹੁ ਬਸਤੁ ਸਮ੍ਹਾਰਿ ॥੪॥ ਕਬੀਰਿ ਦੀਈ ਸੰਸਾਰ ਕਉ ,ਲੀਨੀ ਜਿਸੁ ਮਸਤਕਿ ਭਾਗੁ ॥ ਅੰਮ੍ਰਿਤ ਰਸੁ ਜਿਨਿ ਪਾਇਆ, ਥਿਰੁ ਤਾ ਕਾ ਸੋਹਾਗੁ ॥੫॥੪॥(ਹੇ ਪ੍ਰਭੂ !) ਮੈਂ ਪਿਛਲੇ ਜਨਮ ਵਿਚ ਵੀ ਤੇਰਾ ਸੇਵਕ ਰਿਹਾ ਹਾਂ, (ਇਸ ਲਈ) ਹੁਣ ਤਾਂ (ਇਸ ਜਨਮ ਵਿਚ ਤੇਰੇ ਦਰ ਤੋਂ) ਹਟਿਆ ਨਹੀਂ ਜਾਂਦਾ। ਤੇਰੇ ਦਰ ਤੇ ਜੋ ਅਖੰਡ ਨਾਮ ਚਿੰਤਨ ਹੁੰਦਾ ਹੈ, (ਉਹ) ਮੇਰੇ ਮੱਥੇ ਉਤੇ ਤੇਰੇ ਗੁਲਾਮ ਹੋਣ ਦਾ ਦਾਗ ਉਕਰਿਆ ਹੋਇਆ ਹੈ।੨।(ਜਿਨ੍ਹਾਂ ਮਨੁੱਖਾਂ ਉਤੇ ਅਪਣੇ ਮਾਲਕ ਦੇ ਸਿਪਾਹੀ ਹੋਣ ਦਾ) ਨਿਸ਼ਾਨ ਲੱਗਾ ਹੁੰਦਾ ਹੈ, ਉਹ (ਮਾਲਕ ਦੇ ਪੱਖ ਵਿਚ) ਜੰਗ ਵਿਚ ਲੜਦੇ ਹਨ, (ਪਰ ਜਿਹੜੇ ਇਸ) ਨਿਸ਼ਾਨ ਤੋਂ ਬਿਨਾ ਹੁੰਦੇ ਹਨ, (ਖੁਲ੍ਹੀਆਂ ਧਾੜਾਂ ਹੁੰਦੀਆਂ ਹਨ, ਉਹ ਔਖ ਪੈਣ ਤੇ ਜੰਗ ਵਿਚੋਂ) ਭੱਜ ਜਾਂਦੇ ਹਨ (ਹਰੀ ਦੇ ਸੇਵਕ ਕਾਮਾਦਿਕ ਵਿਕਾਰਾਂ ਨਾਲ ਲੜਦੇ ਹਨ, ਮਨਮੁਖ ਕਾਇਰਾਂ ਨੂੰ ਕਾਮਾਦਿਕ ਜਿੱਤ ਲੈਂਦੇ ਹਨ। ਜੋ) ਸਾਧੂ ਹੁੰਦਾ ਹੈ, ਉਹ ਭਗਤੀ ਨੂੰ ਪਛਾਣਦਾ ਹੈ, ਹਰੀ (ਉਸ ਨੂੰ ਅਪਣੇ) ਖਜਾਨੇ ਵਿਚ ਪਾ (ਪ੍ਰਵਾਨ ਕਰ) ਲੈਂਦਾ ਹੈ।੩।(ਮੇਰੇ) ਸਰੀਰ ਰੂਪ ਕੋਠੇ ਵਿਚ ਹਿਰਦਾ ਰੂਪ ਕੋਠੀ ਹੈ, (ਹੁਣ ਇਹ ਗੁਰੂ ਦੇ ਸ਼ਬਦ ਦੀ) ਵਿਚਾਰਾ ਦੁਆਰਾ ਪਰਮ ਕੋਠੀ ਬਣ ਗਈ ਹੈ। ਗੁਰੂ ਨੇ ਮੈਨੂੰ ਕਬੀਰ ਨੂੰ ਨਾਮ ਰੂਪ ਵਸਤੂ ਦਿਤੀ ਹੈ, (ਨਾਲ ਹੀ ਕਿਹਾ ਹੈ ਕਿ ਇਸ ਨੂੰ) ਸੰਭਾਲ ਕੇ ਰਖ ਲੈ।੪। ਕਬੀਰ ਨੇ (ਇਹ ਨਾਮ ਵਸਤੂ) ਸੰਸਾਰ ਨੂੰ ਦਿਤੀ ਹੈ (ਲੋਕਾਂ ਵਿਚ ਵੰਡੀ ਹੈ, ਪਰ ਇਹ ਵਸਤੂ ਉਸ ਨੇ) ਲਈ ਹੈ, ਜਿਸ ਦੇ ਮੱਥੇ ਉਤੇ ਚੰਗਾ ਭਾਗ ਸੀ। ਜਿਸ (ਜੀਵ ਇਸਤ੍ਰੀ) ਨੇ ਨਾਮ ਅੰਮ੍ਰਿਤ ਦਾ ਰਸ ਪ੍ਰਾਪਤ ਕੀਤਾ ਹੈ, ਉਸ ਦਾ ਸੁਹਾਗ ਸਦਾ ਕਾਇਮ ਹੈ (ਜਨਮ ਮਰਨ ਤੋਂ ਰਹਿਤ ਹੈ)।੫।੪।

ਪਦਾਰਥ = ਮਾਨਉ–ਮੰਨਦਾ (ਆਦਰ ਦੇਂਦਾ) ਹਾਂ। ਦੂਤਾ–ਕਾਮਾਦਿਕ ਵੈਰੀਆਂ ਨੂੰ। ਡਾਨਉ–ਸਜਾ ਦੇਂਦਾ ਹਾਂ। ਕੁਟਵਾਰੀ–ਕੋਤਵਾਲੀ (ਅਦਾਲਤ, ਜਿੱਥੇ ਵੈਰੀਆਂ ਨੂੰ ਸਜਾ ਦਿਤੀ ਜਾਂਦੀ ਹੈ)। ਦਿਵਸ–ਦਿਨ। ਰੈਨਿ–ਰਾਤ। ਪਾਉ–ਪੈਰ। ਪਲੋਸਉ–ਮੈਂ ਮਲਾਂ (ਝੱਸਾਂ)। ਚਵਰ ਕਰਿ–ਚੌਰ ਬਣਾ ਕੇ। ਫੇਰੀ–ਫੇਰਾਂ।੧। ਹਮ–ਅਸੀਂ। ਕੂਕਰ–ਕੁੱਤੇ। ਦਰਬਾਰਿ–ਦਰ ਤੇ। ਭਉਕਹਿ–ਭੌਂਕਦੇ ਹਾਂ। ਬਦਨੁ–ਮੂੰਹ। ਪਸਾਰਿ –ਫੈਲਾ (ਖੋਲ੍ਹ) ਕੇ।੧। ਰਹਾਉ। ਪੂਰਬ ਜਨਮ–ਪਿਛਲੇ ਜਨਮ ਵਿਚ। ਅਬ ਤਉ–ਹੁਣ ਤਾਂ। ਮਿਟਿਆ ਨ ਜਾਈ–ਹਟਿਆ ਨਹੀਂ ਜਾਂਦਾ। ਦੁਆਰੈ–ਦਰ ਉਤੇ। ਸਹਜ ਧੁਨਿ–ਨਾਮ ਸਿਮਰਨ ਦੀ ਅਖੰਡ ਧੁਨੀ। ਮਾਥੈ–ਮੱਥੇ ਉਤੇ। ਦਗਾਈ–ਦਾਗ; ਚਿੰਨ੍ਹ (ਪਿਛਲੇ ਸਮਿਆਂ ਵਿਚ ਮਨੁੱਖ ਨੂੰ ਗੁਲਾਮ ਬਣਾਉਣ ਸਮੇਂ ਮੱਥੇ ਉਤੇ ਤੱਤੇ ਲੋਹੇ ਨਾਲ ਨਿਸ਼ਾਨ ਲਾ ਦਿਤਾ ਜਾਂਦਾ ਸੀ)।੨। ਦਾਗੇ ਹੋਹਿ–ਜਿਨ੍ਹਾਂ ਉਤੇ ਸਿਪਾਹੀ ਹੋਣ ਦਾ ਨਿਸ਼ਾਨ ਹੁੰਦਾ ਹੈ। ਸੁ–ਉਹ। ਰਨ ਮਹਿ–ਜੰਗ ਵਿਚ। ਜੂਝਹਿ–ਲੜਦੇ ਹਨ। ਭਗਿ ਜਾਈ–ਦੌੜ ਜਾਂਦੇ ਹਨ। ਲਏ ਖਜਾਨੈ ਪਾਈ– ਖਜਾਨੇ ਵਿਚ ਪਾ (ਪ੍ਰਵਾਨ ਕਰ) ਲੈਂਦਾ ਹੈ।੩। ਕੋਠਰੇ ਮਹਿ–(ਸਰੀਰ ਰੂਪ) ਕੋਠੇ ਵਿਚ। ਕੋਠਰੀ–ਹਿਰਦਾ ਰੂਪ ਕੋਠੀ। ਪਰਮ–ਸਭ ਤੋਂ ਸੋਹਣੀ। ਬੀਚਾਰਿ–(ਸ਼ਬਦ ਦੀ) ਵਿਚਾਰ ਨਾਲ। ਗੁਰਿ–ਗੁਰੂ ਨੇ। ਦੀਨੀ–ਦਿਤੀ ਹੈ। ਕਉ–ਨੂੰ। ਲੇਵਹੁ ਸਮ੍ਹਾਰਿ–ਸਾਂਭ ਕੇ ਰੱਖ ਲੈ।੪ । ਦੀਈ–ਦਿਤੀ। ਲੀਨੀ–ਲਈ ਹੈ। ਮਸਤਕਿ–ਮੱਥੇ ਉਤੇ। ਜਿਨਿ–ਜਿਸ ਨੇ। ਥਿਰੁ–ਸਦਾ ਕਾਇਮ। ਤਾ ਕਾ–ਉਸ ਦਾ। ਸੋਹਾਗੁ–ਪਤੀ ਦੇ ਜਿੰਦਾ ਰਹਿਣ ਵਾਲੀ ਅਵਸਥਾ।੫।੪।

ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ, ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥ ਜਾ ਕੈ ਪਾਇ ਜਗਤੁ ਸਭੁ ਲਾਗੈ, ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥ ਕਾਹੇ ਮੇਰੇ ਬਾਮ੍ਹਨ, ਹਰਿ ਨ ਕਹਹਿ ॥ ਰਾਮੁ ਨ ਬੋਲਹਿ, ਪਾਡੇ ਦੋਜਕੁ ਭਰਹਿ ॥੧॥ਰਹਾਉ॥ ਆਪਨ ਊਚ ਨੀਚ ਘਰਿ ਭੋਜਨੁ ,ਹਠੇ ਕਰਮ ਕਰਿ ਉਦਰੁ ਭਰਹਿ ॥ ਚਉਦਸ ਅਮਾਵਸ ਰਚਿ ਰਚਿ ਮਾਂਗਹਿ, ਕਰ ਦੀਪਕੁ ਲੈ ਕੂਪਿ ਪਰਹਿ ॥੨॥ ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ, ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥ ਹਮਰੇ ਰਾਮ ਨਾਮ ਕਹਿ ਉਬਰੇ, ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥ ੫॥ ਹੇ ਬ੍ਰਹਾਮਣ ! ਤੂੰ ਉਸ ਪ੍ਰਭੂ ਨੂੰ ਕਿਉਂ ਭੁੱਲ ਜਾਂਦਾ ਹੈ, ਜਿਸ ਪ੍ਰਭੂ ਦੇ ਮੁਖ ਤੋਂ ਬੇਦ ਤੇ ਗਾਇਤ੍ਰੀ ਨਿਕਲੇ ਮੰਨਦਾ ਹੈ। ਜਿਸ ਪ੍ਰਭੂ ਦੇ ਚਰਨੀਂ ਸਾਰਾ ਜਗਤ ਲਗਦਾ ਹੈ, ਹੇ ਪੰਡਤ ! ਤੂੰ ਉਸ ਹਰੀ ਨੂੰ ਕਿਉਂ ਨਹੀਂ ਉਚਾਰਦਾ?।੧। ਹੇ ਮੇਰੇ ਬ੍ਰਾਹਮਣ ! ਤੂੰ ਹਰੀ ਨੂੰ ਕਿਉਂ ਨਹੀਂ ਉਚਾਰਦਾ? ਹੇ ਪੰਡਤ ! ਤੂੰ ਰਾਮ ਨਾਮ ਨਹੀਂ ਬੋਲਦਾ? (ਇਸ ਲਈ ਅੱਗੇ ਜਾ ਕੇ ਤੂੰ) ਨਰਕ ਭਰੇਂਗਾ।੧। ਰਹਾਉ।(ਹੇ ਪੰਡਤ ! ਚੌਹਾਂ ਵਰਨਾਂ ਵਿਚੋਂ ਤੂੰ) ਅਪਣੇ ਆਪ ਨੂੰ ਉਚਾ ਮੰਨਦਾ ਹੈਂ, (ਫਿਰ ਵੀ ਲੋਭ ਵਸ ਹੋ ਕੇ ਤੂੰ ਜਿਨ੍ਹਾਂ ਨੂੰ) ਨੀਚ ਜਾਤ ਵਾਲੇ ਮੰਨਦਾ ਹੈਂ, (ਉਨ੍ਹਾਂ ਦੇ) ਘਰ ਭੋਜਨ ਖਾਂਦਾ ਹੈਂ, (ਤੂੰ ਨਿਰੇ) ਹਠ ਨਾਲ ਕਰਮ ਕਰਕੇ ਅਪਣਾ ਪੇਟ ਭਰਦਾ ਹੈਂ। ਚੌਦੇ ਤੇ ਮੱਸਿਆ ਦੇ ਦਿਨਾਂ ਦਾ ਮਹਾਤਮ ਬਣਾ ਬਣਾ ਕੇ (ਲੋਕਾਂ ਦੇ ਘਰੋਂ) ਮੰਗਦਾ ਹੈਂ, ਹੱਥ ਵਿਚ ਦੀਵਾ ਲੈ ਕੇ ਖੂਹ ਵਿਚ ਪੈਂਦਾ (ਡਿਗਦਾ) ਹੈਂ (ਬ੍ਰਾਹਮਣ ਨੂੰ ਬੇਦ ਸ਼ਾਸ਼ਤ੍ਰਾਂ ਦਾ ਗਿਆਨ ਹੈ, ਪਰ ਬਿਰਤੀ ਲੋਭ ਵਾਲੀ ਹੋਣ ਕਰਕੇ ਅਗਿਆਨੀ ਹੈਂ)।੨। {ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ

ਪਰੈ ੧੩੭੬}।(ਹੇ ਪੰਡਤ! ਤੂੰ ਉਚੀ ਕੁਲ ਦਾ) ਬ੍ਰਾਹਮਣ ਹੈਂ ਤੇ ਮੈਂ ਕਾਂਸੀ ਦਾ (ਨੀਵੀਂ ਜਾਤ ਦਾ) ਜੁਲਾਹਾ ਹਾਂ, (ਇਸ ਲਈ) ਮੇਰੀ ਤੇ ਤੇਰੀ ਬਰਾਬਰੀ ਕਿਸ ਤਰ੍ਹਾਂ ਬਣ ਸਕਦੀ ਹੈ? (ਨਹੀਂ ਬਣ ਸਕਦੀ)।ਅਸੀਂ ਰਾਮ ਦਾ ਨਾਮ ਉਚਾਰ ਕੇ (ਭਵਜਲ ਵਿਚ ਡੁਬਣ ਤੋਂ) ਬਚ ਗਏ ਹਾਂ, (ਪਰ) ਹੇ ਪੰਡਤ! ਬੇਦਾਂ (ਦੇ ਕਰਮ ਕਾਂਡ ਦੇ) ਭਰੋਸੇ ਵਿਚ ਰਹਿ (ਤੁਸੀਂ ਬ੍ਰਾਹਮਣ ਲੋਕ ਭਵਜਲ ਵਿਚ) ਡੁਬ ਮਰੋਗੇ। ੩।੫। ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥ ਅੰਗ ੧੩੭੭

ਪਦਾਰਥ = ਜਿਹ ਮੁਖ–ਜਿਸ ਪ੍ਰਭੂ ਦੇ ਮੂੰਹੋਂ।ਨਿਕਸੈ–ਨਿਕਲੇ ਹਨ।ਸੋ–ਉਸ ਨੂੰ।ਬਿਸਰੁ ਕਰੈ–ਭੁੱਲ ਜਾਂਦਾ ਹੈ।ਜਾ ਕੈ–ਜਿਸ ਦੇ–ਪਾਇ–ਪੈਰਾਂ ਤੇ।ਨ ਕਹੈ–ਉਚਾਰਦਾ ਨਹੀਂ।੧।ਕਾਹੇ–ਕਿਉਂ।ਬਾਮ੍ਨ–ਹੇ ਬ੍ਰਾਹਮਣ!।ਦੋਜਕੁ ਭਰਹਿ–ਨਰਕ ਭਰੇਂਗਾ।੧।ਰਹਾਉ। ਆਪਨ–ਅਪਣੇ ਆਪ ਨੂੰ।ਉਚ–ਉਚੀ ਕੁਲ ਦਾ।ਹਠੇ ਕਰਕੇ ਕਰਿ–ਹਠ ਵਾਲੇ ਕਰਮ ਕਰਕੇ।ਉਦਰੁ ਭਰਹਿ–ਪੇਟ ਭਰਦਾ ਹੈਂ।ਰਚਿ ਰਚਿ–ਬਣਾ ਬਣਾ ਕੇ।ਕਰ ਦੀਪਕੁ–ਹੱਥ ਵਿਚ ਦੀਵਾ।ਕੂਪਿ ਪਰਹਿ–ਖੂਹ ਵਿਚ ਪੈਂਦਾ (ਡਿਗਦਾ) ਹੈਂ।੨।ਕਾਸੀਕ–ਕਾਂਸੀ ਦਾ। ਜੁਲਹਾ–ਜੁਲਾਹਾ।ਮੁਹਿ ਤੋਹਿ–ਮੇਰੀ ਤੇਰੀ।ਕੈਸੇ ਕੈ–ਕਿਸ ਤਰ੍ਹਾਂ।ਉਬਰੇ–ਬਚ ਗਏ ਹਾਂ।ਰਾਮ–ਸਰਬ ਵਿਆਪਕ ਵਾਹਿਗੁਰੂ।੩।੫।

ਤਰਵਰੁ ਏਕੁ ਅਨੰਤ ਡਾਰ ਸਾਖਾ, ਪੁਹਪ ਪਤ੍ਰ ਰਸ ਭਰੀਆ ॥ ਇਹ ਅੰਮ੍ਰਿਤ ਕੀ ਬਾੜੀ ਹੈ ਰੇ, ਤਿਨਿ ਹਰਿ ਪੂਰੈ ਕਰੀਆ ॥੧॥ ਜਾਨੀ ਜਾਨੀ ਰੇ, ਰਾਜਾ ਰਾਮ ਕੀ ਕਹਾਨੀ ॥ ਅੰਤਰਿ ਜੋਤਿ ਰਾਮ ਪਰਗਾਸਾ, ਗੁਰਮੁਖਿ ਬਿਰਲੈ ਜਾਨੀ ॥੧॥ਰਹਾਉ॥ ਭਵਰੁ ਏਕੁ ਪੁਹਪ ਰਸ ਬੀਧਾ, ਬਾਰਹ ਲੇ ਉਰ ਧਰਿਆ ॥ ਸੋਰਹ ਮਧੇ ਪਵਨੁ ਝਕੋਰਿਆ, ਆਕਾਸੇ ਫਰੁ ਫਰਿਆ ॥੨॥ ਸਹਜ ਸੁੰਨਿ ਇਕੁ ਬਿਰਵਾ ਉਪਜਿਆ, ਧਰਤੀ ਜਲਹਰੁ ਸੋਖਿਆ ॥ ਕਹਿ ਕਬੀਰ ਹਉ ਤਾ ਕਾ ਸੇਵਕੁ ,ਜਿਨਿ ਇਹੁ ਬਿਰਵਾ ਦੇਖਿਆ ॥੩॥੬॥ ਹੇ ਭਾਈ! ਸੰਸਾਰ (ਜਾਂ ਪ੍ਰਭੂ) ਇਕ ਦਰੱਖਤ ਹੈ, (ਸੰਸਾਰ ਦੇ ਜੀਵ ਜੰਤ ਉਸ ਦਰੱਖਤ ਦੇ) ਅਣਗਿਣਤ ਟਾਹਣੇ ਤੇ ਡਾਲੀਆਂ ਹਨ, (ਇਸ ਬ੍ਰਿਛ ਦੇ ਕਰਮ ਰੂਪ) ਫੁੱਲ, ਗਿਆਨ ਰੂਪ ਫਲ ਤੇ ਉਪਾਸ਼ਨਾ ਰੂਪ ਪੱਤੇ ਹਨ, ਜੋ (ਪ੍ਰਭੂ ਦੀ ਚੇਤਨ ਸੱਤਾ ਰੂਪ) ਰਸ ਨਾਲ ਭਰੇ ਹੋਏ ਹਨ।ਹੇ ਭਾਈ! ਇਹ (ਸੰਸਾਰ) ਅੰਮ੍ਰਿਤ ਦੀ ਬਾੜੀ ਹੈ, ਜੋ ਉਸ ਪਰੀਪੂਰਨ ਪ੍ਰਮਾਤਮਾ ਨੇ ਰਚੀ ਹੈ।੧।ਹੇ ਭਾਈ! ਪ੍ਰਕਾਸ਼ ਸਰੂਪ ਪਿਆਰੇ ਪ੍ਰਭੂ ਦੀ ਕਹਾਣੀ ਮੈਂ ਜਾਣ ਲਈ ਹੈ।(ਸਾਰੇ ਜੀਵਾਂ ਦੇ) ਹਿਰਦੇ ਅੰਦਰ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਹੈ, (ਪਰ ਇਹ ਗੱਲ ਕਿਸੇ) ਵਿਰਲੇ ਮਨੁੱਖ ਨੇ ਗੁਰੂ ਦੁਆਰਾ ਜਾਣੀ ਹੈ।੧।ਰਹਾਉ।(ਅਲੰਕਾਰਕ ਢੰਗ ਨਾਲ ਜੋਗੀਆਂ ਦੇ ਦਸਮ ਦੁਆਰ ਦੇ ਅਨੰਦ ਨੂੰ ਭੌਰੇ ਦਾ ਦ੍ਰਿਸਟਾਂਤ ਦੇ ਕੇ ਬਿਆਨ ਕੀਤਾ ਹੈ।ਜੀਵ ਰੂਪ) ਇਕ ਭੌਰਾ (ਬ੍ਰਹਮ ਰੂਪ) ਫੁੱਲ ਦੇ (ਨਾਮ ਰੂਪ) ਰਸ ਵਿਚ (ਮਸਤ ਹੋਇਆ ਅਪਣੇ ਆਪ ਨੂੰ) ਬਨ੍ਹਾ ਲੈਂਦਾ ਹੈ, (ਉਹ) ਬਾਰਾਂ ਪੱਤੀਆਂ ਵਾਲੇ (ਹਿਰਦੇ) ਕਮਲ ਵਿਚ ਜਾ ਟਿਕਦਾ ਹੈ {ਦੁਆਦਸ ਦਲ ਅਭ ਅੰਤਰਿ ਮੰਤ ੧੧੬੨}।(ਫਿਰ ਉਸ ਨੇ) ਸੋਲ੍ਹਾਂ ਪੰਖੜੀਆਂ ਵਾਲੇ ਦਸਮ ਦੁਆਰ ਦੇ ਕਮਲ ਵਿਚ ਵਿਚ ਸੁਆਸ ਨੂੰ ਝਕੋਲਿਆ ਭਾਵ ਸੁਆਸ ਸਾਆਸ ਜਪਿਆ, (ਇਸ ਤਰ੍ਹਾਂ ਜੀਵ ਰੂਪ ਭੌਰਾ) ਫੜ ਫੜਾਇਆ ਭਾਵ ਆਤਮਕ ਉਡਾਰੀ ਮਾਰੀ (ਅਤੇ ਉਨਮਨੀ ਅਵਸਥਾ ਦਾ ਅਨੰਦ ਮਾਣਿਆ); ਦਸਮ ਦੁਆਰ ਵਿਚ ਪ੍ਰਾਣਾਂਯਾਮ ਦਾ ਫਲ ਫਲਿਆ (ਹਰੀ ਦਾ ਦਰਸ਼ਨ ਹੋਇਆ)।੨।ਸਹਿਜ ਅਵਸਥਾ ਰੂਪ ਅਫੁਰ ਸਮਾਧੀ ਵਿਚ ਇਕ ਪ੍ਰਭੂ ਰੂਪ ਬ੍ਰਿਛ ਪ੍ਰਗਟ ਹੋਇਆ ਹੈ, ਜਿਸ ਨੇ ਸਰੀਰ ਰੂਪ ਧਰਤੀ ਦਾ ਤ੍ਰਿਸ਼ਨਾ ਰੂਪ ਬੱਦਲ ਸੁਕਾ ਦਿਤਾ।ਕਬੀਰ ਜੀ ਕਹਿੰਦੇ ਹਨ ਕਿ ਮੈਂ ਉਸ ਦਾ ਸੇਵਕ ਹਾਂ, ਜਿਸ ਮਨੁੱਖ ਨੇ ਇਹ ਪ੍ਰਭੂ ਰੂਪ ਬ੍ਰਿਛ ਦੇਖਿਆ ਹੈ।੩।੬।

ਪਦਾਰਥ = ਤਰਵਰੁ–ਬ੍ਰਿਛ।ਅਨੰਤ–ਅਣਗਿਣਤ।ਡਾਰ–ਟਾਹਣੇ।ਸਾਖਾ–ਟਾਹਣੀਆਂ।ਪੁਹਪ–ਫੁੱਲ।ਪਤ੍ਰ–ਪੱਤੇ।ਭਰੀਆ–ਭਰੇ ਹੋਏ ਹਨ।ਬਾੜੀ–ਬਗੀਚੀ।ਰੇ–ਹੇ ਭਾਈ!।ਤਿਨਿ ਹਰਿ–ਉਸ ਹਰੀ ਨੇ।ਕਰੀਆ–ਰਚੀ ਹੈ।੧।ਜਾਨੀ–ਜਾਣੀ ਹੈ; ਪਿਆਰਾ।ਰਾਜਾ ਰਾਮ–ਪ੍ਰਕਾਸ਼ ਸਰੂਪ ਪ੍ਰਭੂ।ਕਹਾਨੀ–ਕਥਾ (ਇਹ ਕਹਾਣੀ ਕਿ ਸਭ ਦੇ ਅੰਦਰ ਪ੍ਰਭੂ ਦਾ ਪ੍ਰਕਾਸ਼ ਹੈ)।ਅੰਤਰਿ–(ਸਭ ਦੇ) ਹਿਰਦੇ ਅੰਦਰ। ਰਾਮ–ਸਰਬ ਵਿਆਪਕ ਪ੍ਰਭੂ।ਗੁਰਮੁਖਿ ਗੁਰੂ ਦੁਆਰਾ।ਬਿਰਲੈ–ਵਿਰਲੇ ਮਨੁੱਖ ਨੇ।੧।ਰਹਾਉ।ਭਵਰੁ–(ਜੀਵ ਰੂਪ) ਭੌਰਾ।ਪੁਹਪ ਰਸ–ਫੁੱਲ ਦੇ ਰਸ ਵਿਚ।ਬੀਧਾ–ਬਨ੍ਹਾਂ ਲੈਂਦਾ ਹੈ; ਮਸਤ ਹੋਇਆ।ਬਾਰਹ–ਬਾਰਾਂ ਪੱਤੀਆਂ ਵਾਲਾ ਕਮਲ ਫੁੱਲ (ਹਿਰਦਾ)।ਉਰ ਧਰਿਆ–ਹਿਰਦੇ ਵਿਚ ਜਾ ਟਿਕਦਾ ਹੈ।ਸੋਰਹ ਮਧੇ–ਸੋਲ੍ਹਾਂ ਪੱਤੀਆਂ ਵਾਲਾ ਕਮਲ (ਜੋਗੀ ਦਸਮ ਦੁਆਰ ਵਿਚ ਮੰਨਦੇ ਹਨ)।ਮਧੇ–ਵਿਚ।ਪਵਨੁ–ਸੁਆਸ।ਝਕੋਲਿਆ–ਹਿਲਾਇਆ; ਰਿੜਕਿਆ ਭਾਵ ਜਪਿਆ।ਅਕਾਸੇ–ਅਕਾਸ਼ (ਦਸਮ ਦੁਆਰ) ਵਿਚ।ਫਰ ਫਰਾਇਆ–ਫੜ ਫੜਾਇਆ (ਖੰਭਾਂ ਨਾਲ ਫੜ ਫੜ ਕੀਤਾ ਭਾਵ ਉਡਾਈ ਲਾਈ); ਫਲ ਫਲਿਆ।੨।ਸਹਜ ਸੁੰਨਿ–ਸਹਿਜ ਅਵਸਥਾ ਰੂਪ ਅਫੁਰ (ਨਿਰਵਿਕਲਪ) ਸਮਾਧੀ ਵਿਚ।ਬਿਰਵਾ–ਬਿਰਛ।ਧਰਤੀ–ਸਰੀਰ ਰੂਪ ਧਰਤੀ ਦਾ।ਜਲਹਰੁ–ਬੱਦਲ (ਤ੍ਰਿਸ਼ਨਾ)। ਸੋਖਿਆ–ਸੁਕਾ ਦਿਤਾ।ਹਉ–ਮੈਂ।ਤਾ ਕਾ–ਉਸ ਦਾ।ਜਿਨਿ–ਜਿਸ (ਮਨੁੱਖ) ਨੇ।੩।੬।

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ, ਪਤ੍ਰ ਕਾ ਕਰਹੁ ਬੀਚਾਰੁ ਰੇ ॥ ਖਿੰਥਾ ਇਹੁ ਤਨੁ ਸੀਅਉ ਅਪਨਾ, ਨਾਮੁ ਕਰਉ ਆਧਾਰੁ ਰੇ ॥

੧॥ ਐਸਾ ਜੋਗੁ ਕਮਾਵਹੁ ਜੋਗੀ ॥ ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ਰਹਾਉ॥ ਬੁਧਿ ਬਿਭੂਤਿ ਚਢਾਵਉ ਅਪੁਨੀ, ਸਿੰਗੀ ਸੁਰਤਿ ਮਿਲਾਈ ॥ ਕਰਿ ਬੈਰਾਗੁ ਫਿਰਉ ਤਨਿ ਨਗਰੀ, ਮਨ ਕੀ ਕਿੰਗੁਰੀ ਬਜਾਈ ॥੨॥ ਪੰਚ ਤਤੁ ਲੈ ਹਿਰਦੈ ਰਾਖਹੁ ,ਰਹੈ ਨਿਰਾਲਮ ਤਾੜੀ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ,ਧਰਮੁ ਦਇਆ ਕਰਿ ਬਾੜੀ ॥੩॥੭॥ (ਹੇ ਜੋਗੀ! ਮਨ ਦੇ ਫੁਰਨਿਆਂ ਨੂੰ) ਚੁੱਪ ਰੱਖਣਾ ਕੰਨਾਂ ਵਿਚ ਮੁੰਦ੍ਰਾਂ ਪਹਿਨੋ, ਦਇਆ ਧਾਰਨ ਕਰਨ ਨੂੰ ਝੋਲੀ ਬਣਾਓ, ਸੱਤ ਅਸੱਤ ਦਾ ਵਿਚਾਰ ਕਰਨ ਨੂੰ ਖੱਪਰ ਕਰੋ।ਹੇ ਜੋਗੀ! ਅਪਣਾ ਸਰੀਰ ਗੁਣਵਾਨ ਬਣਾਓ, ਇਹ ਖਫਣੀ ਸਿਉਂ ਲਵੋ ਤੇ ਪ੍ਰਭੂ ਦੇ ਨਾਮ ਨੂੰ (ਅਪਣੇ ਜੀਵਨਾ ਦਾ) ਆਸਰਾ ਬਣਾਉਣਾ ਕਰੋ; ਨਾਮ ਰੂਪ ਭੋਜਨ ਕਰੋ।੧।ਹੇ ਜੋਗੀ! ਇਹੋ ਜਿਹਾ ਜੋਗ ਕਮਾਵੋ (ਜੋ ਮੈਂ ਦਸ ਰਿਹਾ ਹਾਂ)।ਗੁਰੂ ਦੀ ਸ਼ਰਣ ਵਿਚ ਪੈ ਕੇ ਨਾਮ ਸਿਮਰਨ ਦਾ ਜਪ, ਚਿਤ ਬਿਰਤੀ ਦੀ ਇਕਾਗ੍ਰਤਾ ਰੂਪ ਤਪ ਅਤੇ ਇੰਦ੍ਰੀਆਂ ਨੂੰ ਵਸ ਵਿਚ ਕਰਨ ਵਾਲਾ ਭੋਗੀ (ਮਾਨਣ ਵਾਲਾ) ਬਣੋ।੧।ਰਹਾਉ। ਅਪਣੀ ਬੁੱਧੀ ਨੂੰ ਪ੍ਰਭੂ ਅੱਗੇ ਅਰਪਣ ਕਰੋ, ਇਹ ਸਰੀਰ ਉਤੇ ਸੁਆਹ ਚੜ੍ਹਾਓ (ਮਲੋ, ਪ੍ਰਭੂ ਦੇ ਚਰਨਾਂ ਵਿਚ) ਸੁਰਤ ਮਿਲਾਈ ਹੋਵੇ, ਇਹ ਸਿੰਗੀ ਬਜਾਓ।(ਮੰਗਣ ਵਾਸਤੇ ਜੋਗੀ ਪਿੰਡਾਂ ਵਿਚ ਫਿਰਦੇ ਹਨ, ਕਬੀਰ ਜੀ ਕਹਿੰਦੇ ਹਨ ਕਿ) ਸਰੀਰ ਰੂਪ ਨਗਰ ਵਿਚ ਘੁੰਮੋ ਫਿਰੋ ਭਾਵ ਬਿਰਤੀ ਅੰਤਰਮੁਖੀ ਕਰੋ, ਇਹ ਬੈਰਾਗ ਧਾਰਨ ਕਰੋ (ਅੰਦਰ ਦੀ ਖੋਜ ਕਰਨਾ ਅਸਲੀ ਬੈਰਾਗ ਹੈ) ਅਤੇ ਮਨ ਦੀ ਵੀਣਾ ਵਜਾਈ ਜਾਵੇ (ਮਨ ਰਾਹੀਂ ਹਰੀ ਦਾ ਸਿਮਰਨ ਕਰੋ)।੨।ਪੰਜ ਤੱਤਾਂ ਦੇ ਗੁਣ ਲੈ ਕੇ ਹਿਰਦੇ ਵਿਚ ਰੱਖੋ (ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।ਐਸੀ ਰਹਤ ਰਹਉ ਹਰਿ ਪਾਸਾ ੩੨੭} ਅਤੇ (ਸੰਸਾਰ ਵਿਚ) ਨਿਰਲੇਪ ਰਹਿਣਾ, ਇਹ ਸਮਾਧੀ ਲੱਗੀ ਰਹੇ।ਕਬੀਰ ਜੀ ਕਹਿੰਦੇ ਹਨ ਕਿ ਹੇ ਸੰਤ ਜਨੋ! ਸੁਣੋ, (ਅਪਣੇ ਮਨ ਵਿਚ) ਧਰਮ ਤੇ ਦਇਆ ਆਦਿ ਗੁਣਾਂ ਨੂੰ ਬਗੀਚੀ ਬਣਾਉਣਾ ਕਰੋ।੩।੭।

ਪਦਾਰਥ = ਮੋਨਿ-(ਮਨ ਦੀ) ਚੁੱਪ।ਝੋਲੀ-ਮੰਗਿਆ ਆਟਾ ਪਾਉਣ ਲਈ ਇਕ ਤਰ੍ਹਾਂ ਦਾ ਥੈਲਾ।ਪਤ੍ਰ-ਖੱਪਰ।ਰੇ-ਹੇ ਜੋਗੀ!।ਖਿੰਥਾ -ਖਫਣੀ (ਗੋਦੜੀ)।ਤਨੁ-ਸਰੀਰ।ਸੀਅਉ-ਸਿਉਂ ਲਵੋ।ਆਧਾਰੁ-ਆਸਰਾ; ਭੋਜਨ।੧।ਜੋਗੀ-ਹੇ ਜੋਗੀ!।ਤਪ-ਤਪੱਸਿਆ। ਸੰਜਮੁ-ਇੰਦ੍ਰੀਆਂ ਨੂੰ ਵਸ ਵਿਚ ਕਰਨਾ।ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।ਭੋਗੀ-ਮਾਨਣ ਵਾਲਾ।੧।ਰਹਾਉ।ਬਿਭੂਤਿ-ਸੁਆਹ ।ਸਿੰਗੀ-ਸਿੰਗ ਦੀ ਬਣੀ ਤੁਰ੍ਹੀ, ਜੋ ਜੋਗੀ ਵਜਾਉਂਦੇ ਹਨ।ਕਿੰਗੁਰੀ-ਇਕ ਤਾਰ ਵਾਲੀ ਬੀਣਾ।੨।ਪੰਚ ਤਤੁ-ਪੰਜ ਤੱਤਾਂ ਦੇ ਗੁਣਾਂ ਨੂੰ।(ਅਪੁ-ਪਾਣੀ-ਨਿਰਮਤਾ ਤੇ ਸੀਤਲਤਾ ਦਾ ਗੁਣ।ਤੇਜ-ਅੱਗ-ਖੋਟ ਨੂੰ ਸਾੜਨ ਦਾ ਗੁਣ, ਪ੍ਰਕਾਸ਼ ਕਰਨ ਦਾ ਗੁਣ।ਬਾਇ-ਹਵਾ-ਸਭ ਨੂੰ ਇਕੋ ਜਿਹਾ ਸਮਝਣ ਦਾ ਗੁਣ।ਪ੍ਰਿਥਮੀ-ਸ਼ਹਿਨਸੀਲਤਾ ਤੇ ਧੀਰਜ ਦਾ ਗੁਣ।ਆਕਾਸਾ-ਨਿਰਲੇਪਤਾ ਦਾ ਗੁਣ)।ਹਿਰਦੈ-ਹਿਰਦੇ ਵਿਚ।ਨਿਰਾਲਮ-ਨਿਰਲੇਪ; ਇਕ ਰਸ; ਲਗਾਤਾਰ।ਤਾੜੀ-ਸਮਾਧੀ।ਬਾੜੀ-ਬਗੀਚੀ।੩।੭।

ਖਿੰਥਾ ਇਹੁ ਤਨੁ = ਨੌਂ ਗੋਲਕਾਂ, ਜੋ ਵਾਸ਼ਨਾਵਾਂ ਦਾ ਮੂਲ ਹਨ, ਤੂੰ ਉਹ ਸਿਉਂ (ਬੰਦ ਕਰ) ਲੈ, ਇਹ ਖਿੰਥਾ ਬਣਾ ਲੈ, (ਸਿਉਣ ਲਈ ਧਾਗਾ ਚਾਹੀਦਾ ਹੈ, ਹਰੀ ਦੇ ਨਾਮ ਨੂੰ ਆਸਰਾ ਬਣਾ, ਇਹ ਧਾਗਾ ਹੈ (ਨਾਮ ਸਿਮਰਨ ਵਿਸ਼ੇ ਵਿਕਾਰਾਂ ਨੂੰ ਰੋਕਦਾ ਹੈ)।

ਕਵਨ ਕਾਜ ਸਿਰਜੇ ਜਗ ਭੀਤਰਿ, ਜਨਮਿ ਕਵਨ ਫਲੁ ਪਾਇਆ ॥ ਭਵਨਿਧਿ ਤਰਨ ਤਾਰਨ ਚਿੰਤਾਮਨਿ, ਇਕ ਨਿਮਖ ਨ ਇਹੁ ਮਨੁ ਲਾਇਆ ॥੧॥ ਗੋਬਿੰਦ ਹਮ ਐਸੇ ਅਪਰਾਧੀ ॥ ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ, ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧ ॥ਰਹਾਉ॥ (ਹੇ ਭਾਈ!) ਅਸੀਂ ਕਿਹੜੇ ਕੰਮ ਲਈ ਜਗਤ ਅੰਦਰ ਪੈਦਾ ਕੀਤੇ ਗਏ ਸਾਂ ਤੇ ਜਨਮ ਲੈ ਕੇ ਅਸੀਂ ਕਿਹੜਾ ਫਲ ਪ੍ਰਾਪਤ ਕੀਤਾ ਹੈ? (ਕੋਈ ਚੰਗਾ ਕੰਮ ਨਹੀਂ ਕੀਤਾ)।ਤੈਂ ਇਕ ਨਿਮਖ ਮਾਤ੍ਰ ਵੀ ਇਸ ਮਨ ਨੂੰ ਵਾਹਿਗੁਰੂ ਦੇ ਨਾਮ ਵਿਚ ਨਹੀਂ ਲਾਇਆ, ਜੋ ਭਵਜਲ ਤੋਂ ਤਾਰਨ ਵਾਲਾ ਜਹਾਜ ਤੇ ਮਨ ਇੱਛਤ ਫਲ ਦੇਣ ਵਾਲਾ ਰਤਨ ਹੈ।੧।ਹੇ ਗੋਬਿੰਦ! ਅਸੀਂ ਜੀਵ ਇਹੋ ਜਿਹੇ ਅਪਰਾਧੀ ਹਾਂ।ਜਿਸ ਪ੍ਰਭੂ ਨੇ ਜਿੰਦ ਤੇ ਸਰੀਰ ਦਿਤਾ ਸੀ, ਉਸ ਦੀ ਪ੍ਰੇਮਾ ਭਗਤੀ ਸਿੱਧ ਨਹੀਂ ਕੀਤੀ।੧।ਰਹਾਉ।

ਅੰਗ ੯੭੧ = ਪਰ ਧਨ ਪਰ ਤਨ ਪਰ ਤੀ ਨਿੰਦਾ, ਪਰ ਅਪਬਾਦੁ ਨ ਛੂਟੈ ॥ ਆਵਾ ਗਵਨੁ ਹੋਤੁ ਹੈ ਫੁਨਿ ਫੁਨਿ, ਇਹੁ ਪਰਸੰਗੁ ਨ ਤੂਟੈ ॥੨॥ ਜਿਹ ਘਰਿ ਕਥਾ ਹੋਤ ਹਰਿ ਸੰਤਨ, ਇਕ ਨਿਮਖ ਨ ਕੀਨ੍ਹੋ ਮੈ ਫੇਰਾ ॥ ਲੰਪਟ ਚੋਰ ਦੂਤ ਮਤਵਾਰੇ, ਤਿਨ ਸੰਗਿ ਸਦਾ ਬਸੇਰਾ ॥੩॥ ਕਾਮ ਕ੍ਰੋਧ ਮਾਇਆ ਮਦ ਮਤਸਰ, ਏ ਸੰਪੈ ਮੋ ਮਾਹੀ ॥ ਦਇਆ ਧਰਮੁ ਅਰੁ ਗੁਰ ਕੀ ਸੇਵਾ, ਏ ਸੁਪਨੰਤਰਿ ਨਾਹੀ ॥੪॥ ਦੀਨ ਦਇਆਲ ਕ੍ਰਿਪਾਲ ਦਮੋਦਰ, ਭਗਤਿ ਬਛਲ ਭੈ ਹਾਰੀ ॥ ਕਹਤ ਕਬੀਰ ਭੀਰ ਜਨ ਰਾਖਹੁ ,ਹਰਿ ਸੇਵਾ ਕਰਉ ਤੁਮ੍ਾਰੀ ॥੫॥੮॥ ਪਰਾਇਆ ਧਨ ਹਾਸਲ ਕਰਨ ਦੀ ਲਾਲਸਾ, ਪਰਾਏ ਪੁਤ੍ਰਾਂ ਦੀ ਈਰਖਾ, ਪਰਾਈ ਇਸਤ੍ਰੀ ਗਮਨ, ਪਰਾਈ ਨਿੰਦਾ ਕਰਨੀ ਅਤੇ ਪਰਾਇਆਂ ਨਾਲ ਝਗੜਾ ਆਦਿ ਔਗਣ ਸਾਥੋਂ ਨਹੀਂ ਛੁਟਦੇ।(ਇਨ੍ਹਾਂ ਔਗਣਾਂ ਦੇ ਕਾਰਨ ਸਾਡਾ) ਮੁੜ ਮੁੜ ਜਨਮ ਮਰਨ ਦਾ ਗੇੜ ਹੁੰਦਾ ਰਹਿੰਦਾ ਹੈ, ਇਹ ਸਿਲਸਿਲਾ ਟੁੱਟਦਾ ਨਹੀਂ।੨।ਜਿਥੇ ਹਰੀ ਦੇ ਸੰਤਾਂ ਦੇ ਘਰ (ਸਤ ਸੰਗਤ) ਵਿਚ ਹਰੀ ਦੀ ਕਥਾ ਹੁੰਦੀ ਹੈ, ਉਥੇ ਮੈਂ ਇਕ ਪਲ ਭਰ ਵੀ ਫੇਰਾ ਨਹੀਂ ਕੀਤਾ ਭਾਵ ਗਿਆ ਨਹੀਂ।(ਇਸ ਦੇ ਉਲਟ ਜਿਹੜੇ ਬੰਦੇ) ਵਿਸ਼ੇ ਵਿਕਾਰਾਂ ਨਾਲ ਚਿੰਬੜੇ

ਹੋਏ ਹਨ, ਚੋਰ, ਦੁਸ਼ਟ ਤੇ ਸ਼ਰਾਬੀ ਹਨ, ਉਨ੍ਹਾਂ ਨਾਲ ਮੇਰਾ ਸਦਾ ਬਸੇਰਾ ਰਹਿੰਦਾ ਹੈ।੩।ਕਾਮ ਕ੍ਰੋਧ, ਮਾਇਆ ਦਾ ਹੰਕਾਰ ਤੇ ਦੂਜਿਆਂ ਨਾਲ ਈਰਖਾ ਆਦਿ ਇਹ ਸੰਪਦਾ ਮੇਰੇ ਹਿਰਦੇ ਵਿਚ ਟਿਕੀ ਹੋਈ ਹੈ।ਗਰੀਬਾਂ ਤੇ ਦਇਆ ਕਰਨੀ, ਧਰਮ ਵਿਚ ਪੱਕੇ ਰਹਿਣਾ ਅਤੇ ਗੁਰੂ ਦੀ ਸੇਵਾ ਆਦਿ ਦੈਵੀ ਗੁਣ ਮੇਰੇ ਸੁਪਨੇ ਅੰਦਰ ਵੀ ਨਹੀਂ ਆਉਂਦੇ।੪।ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਕ੍ਰਿਪਾਲੂ! ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਡਰ ਦੂਰ ਕਰਨ ਵਾਲੇ ਪ੍ਰਭੂ! ਕਬੀਰ ਜੀ ਕਹਿੰਦੇ ਹਨ ਕਿ ਮੈਨੂੰ ਦਾਸ ਨੂੰ (ਉਪਰ ਦੱਸੇ ਵਿਕਾਰਾਂ ਦੀ) ਮੁਸੀਬਤ ਤੋਂ ਬਚਾ ਕੇ ਰੱਖ, ਤਾਂ ਕਿ ਹੇ ਹਰੀ! ਮੈਂ ਤੇਰੀ ਸੇਵਾ ਕਰਦਾ ਰਹਾਂ।੫।੮।

ਪਦਾਰਥ = ਕਵਨ–ਕਿਹੜਾ।ਕਾਜ–ਕੰਮ।ਸਿਰਜੇ–ਪੈਦਾ ਕੀਤੇ ਗਏ ਹਾਂ।ਜਗ ਭੀਤਰਿ–ਜਗਤ ਅੰਦਰ।ਜਨਮਿ–ਜਨਮ ਲੈ ਕੇ।ਭਵ ਨਿਧਿ–ਸੰਸਾਰ ਸਮੁੰਦਰ।ਤਰਨ–ਜਹਾਜ।ਚਿੰਤਾਮਣਿ–ਮਨ ਇੱਛਤ ਫਲ ਦੇਣ ਵਾਲੀ ਮਣੀ (ਰਤਨ)।ਨਿਮਖ–ਪਲ ਭਰ।੧।ਗੋਬਿੰਦ–ਹੇ ਪ੍ਰਭੂ!।ਹਮ–ਅਸੀਂ ਜੀਵ।ਅਪਰਾਧੀ–ਕਸੂਰ ਵਾਰ; ਪਾਪੀ।ਜਿਨਿ ਪ੍ਰਭਿ–ਜਿਸ ਪ੍ਰਭੂ ਨੇ।ਜੀਉ–ਜਿੰਦ।ਪਿੰਡੁ–ਸਰੀਰ।ਥਾ–ਸੀ।ਭਾਉ ਭਗਤਿ–ਪ੍ਰੇਮਾ ਭਗਤੀ।ਨ ਸਾਧੀ–ਪੂਰੀ ਨਹੀਂ ਕੀਤੀ।੧।ਰਹਾਉ।ਪਰ ਤਨ–ਪਰਾਏ ਪੁਤ੍ਰਾਂ ਦੀ ਈਰਖਾ; ਪਰਾਏ ਸਰੀਰ ਨੂੰ ਅਪਣੇ ਮਤਲਬ ਲਈ ਵਰਤਣਾ (ਵਗਾਰ ਵਿਚ ਜਾਂ ਘਟ ਮਜ਼ੂਰੀ ਦੇ ਕੇ)।ਪਰ ਤੀ–ਪਰਾਈ ਇਸਤ੍ਰੀ।ਅਪਵਾਦ–ਝਗੜਾ; ਵਿਰੋਧ।ਆਵਾ ਗਵਨ–ਜਨਮ ਮਰਨ ਦਾ ਗੇੜ।ਫੁਨਿ ਫੁਨਿ–ਮੁੜ ਮੁੜ।ਪਰਸੰਗੁ–ਸਿਲਸਿਲਾ; ਲੜੀ।੨।ਘਰਿ–ਘਰ (ਸਤ ਸੰਗਤ) ਵਿਚ।ਕੀਨੋ ਫੇਰਾ–ਗੇੜਾ ਨਹੀ ਮਾਰਿਆ (ਗਿਆ ਨਹੀਂ)।ਲੰਪਤ–ਵਿਸ਼ਿਆਂ ਵਿਚ ਡੁੱਬਿਆ ਹੋਇਆ; ਪਰਾਈ ਇਸਤ੍ਰੀ ਪਰ ਮੋਹਿਤ ਹੋਇਆ।ਦੂਤ–ਦੁਸ਼ਟ।ਮਤਵਾਰੇ–ਸ਼ਰਾਬੀ; ਨਸ਼ਈ।ਤਿਨ ਸੰਗਿ–ਉਨ੍ਹਾਂ ਨਾਲ।ਬਸੇਰਾ–ਡੇਰਾ; ਵਾਸਾ।੩।ਮਦ–ਹੰਕਾਰ।ਮਤਸਰ–ਈਰਖਾ।ਏ–ਏਹ।ਸੰਪੈ–ਧਨ ਦੌਲਤ।ਮੋ ਮਾਹੀ–ਮੇਰੇ ਵਿਚ।ਅਰੁ–ਅਤੇ।ਸੁਪਨੰਤਰਿ–ਸੁਪਨੇ ਅੰਦਰ ਵੀ।੪।ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਦਮੋਦਰ–ਕਰਤਾਰ, ਜਿਸਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ (ਮ.ਕੋ.)।ਭਗਤੀ ਬਛਲ–ਭਗਤੀ ਨੂੰ ਪਿਆਰ ਕਰਨ ਵਾਲਾ।ਭੈ ਹਾਰੀ–ਡਰ ਦੂਰ ਕਰਨ ਵਾਲਾ।ਭੀਰ–ਮੁਸੀਬਤ; ਬਿਪਤਾ।ਜਨ–ਸੇਵਕ।ਕਰਉ–ਮੈਂ ਕਰਾਂਗਾ।੫।੮।

ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥ ਜਾਹਿ ਬੈਕੁੰਠਿ, ਨਹੀ ਸੰਸਾਰਿ ॥ ਨਿਰਭਉ ਕੈ ਘਰਿ ਬਜਾਵਹਿ ਤੂਰ ॥ ਅਨਹਦ ਬਜਹਿ, ਸਦਾ ਭਰਪੂਰ ॥੧॥ ਐਸਾ ਸਿਮਰਨੁ ,ਕਰਿ ਮਨ ਮਾਹਿ ॥ ਬਿਨੁ ਸਿਮਰਨ, ਮੁਕਤਿ ਕਤ ਨਾਹਿ ॥੧॥ਰਹਾਉ॥ ਜਿਹ ਸਿਮਰਨਿ ਨਾਹੀ ਨਨਕਾਰੁ ॥ ਮੁਕਤਿ ਕਰੈ, ਉਤਰੈ ਬਹੁ ਭਾਰੁ ॥ ਨਮਸਕਾਰੁ ਕਰਿ ਹਿਰਦੈ ਮਾਹਿ ॥ ਫਿਰਿ ਫਿਰਿ ਤੇਰਾ ਆਵਨੁ ਨਾਹਿ ॥੨॥ ਜਿਹ ਸਿਮਰਨਿ ਕਰਹਿ ਤੂ ਕੇਲ ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥ ਸੋ ਦੀਪਕੁ ਅਮਰਕੁ ਸੰਸਾਰਿ ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥ ਜਿਹ ਸਿਮਰਨਿ ਤੇਰੀ ਗਤਿ ਹੋਇ ॥ ਸੋ ਸਿਮਰਨੁ ਰਖੁ ਕੰਠਿ ਪਰੋਇ ॥ ਸੋ ਸਿਮਰਨੁ ਕਰਿ, ਨਹੀ ਰਾਖੁ ਉਤਾਰਿ ॥ ਗੁਰ ਪਰਸਾਦੀ, ਉਤਰਹਿ ਪਾਰਿ ॥੪॥ (ਹੇ ਭਾਈ!) ਜਿਸ ਵਾਹਿਗੁਰੂ ਦੇ ਸਿਮਰਨ ਕਰਨ ਨਾਲ ਮੁਕਤੀ ਦਾ ਦਰਵਾਜਾ ਪ੍ਰਾਪਤ ਹੁੰਦਾ ਹੈ। (ਉਸ ਦੇ ਸਿਮਰਨ ਨਾਲ) ਤੂੰ ਬੈਕੁੰਠ ਵਿਚ ਜਾ ਪਹੁੰਚੇਂਗਾ, (ਮੁੜ ਕੇ) ਸੰਸਾਰ ਵਿਚ ਨਹੀਂ ਆਉਣਾ ਪਵੇਗਾ (ਜਨਮ ਮਰਨ ਮੁੱਕ ਜਾਵੇਗਾ)।ਨਿਰਭਉ ਪ੍ਰਭੂ ਦੇ ਘਰ ਵਿਚ ਪਹੁੰਚ ਕੇ ਤੂੰ ਖੁਸ਼ੀਆਂ ਦਾ ਵਾਜਾ ਵਜਾਵੇਂਗਾ (ਅਨੰਦ ਮਾਣੇਂਗਾ।ਤੇਰੇ ਅੰਦਰ ਇਸ ਤਰ੍ਹਾਂ ਦੇ) ਇਕ ਰਸ ਧੁਨੀ ਦੇ ਵਾਜੇ ਸਦਾ ਹੀ ਵਜਦੇ ਰਹਿਣਗੇ ਅਤੇ (ਤੇਰੇ ਅੰਦਰ) ਪਰੀ ਪੂਰਨ ਪ੍ਰਭੂ ਪ੍ਰਗਟ ਹੋ ਜਾਏਗਾ।੧।(ਹੇ ਭਾਈ! ਤੂੰ) ਇਹੋ ਜਿਹਾ ਸਿਮਰਨ ਮਨ ਵਿਚ ਕਰਿਆ ਕਰ।ਬਿਨਾ ਸਿਮਰਨ ਦੇ ਕਿਤੇ ਵੀ (ਜਾਂ ਕਿਸੇ ਹੋਰ ਸਾਧਨ ਕੀਤਿਆਂ) ਮੁਕਤੀ ਨਹੀਂ ਮਿਲ ਸਕਦੀ।੧।ਰਹਾਉ।ਜਿਸ ਵਾਹਿਗੁਰੂ ਦਾ ਸਿਮਰਨ ਕਰਨ ਨਾਲ (ਕਿਸੇ ਗੱਲੋਂ) ਇਨਕਾਰ ਨਹੀਂ ਹੁੰਦਾ।(ਵਾਹਿਗੁਰੂ ਦਾ ਸਿਮਰਨ ਮਨੁੱਖ ਨੂੰ ਜਨਮ ਮਰਨ ਤੋਂ) ਮੁਕਤ ਕਰ ਦੇਂਦਾ ਹੈ ਅਤੇ (ਸਿਮਰਨ ਕੀਤਿਆਂ ਮਨੁੱਖ ਦੇ ਮਨੋਂ) ਪਾਪਾਂ ਦਾ ਭਾਰ ਉਤਰ ਜਾਂਦਾ ਹੈ। (ਹੇ ਭਾਈ! ਤੂੰ ਵਾਹਿਗੁਰੂ ਨੂੰ) ਅਪਣੇ ਹਿਰਦੇ ਵਿਚ ਨਮਸ਼ਕਾਰ ਕਰਿਆ ਕਰ।(ਤਾਂ ਕਿ ਸੰਸਾਰ ਵਿਚ) ਤੇਰਾ ਮੁੜ ਮੁੜ ਆਉਣਾ (ਜੰਮਣ ਮਰਨਾ) ਨਾ ਹੋਵੇ।੨।ਜਿਸ ਦਾ ਸਿਮਰਨ ਕੀਤਿਆਂ ਤੂੰ ਖੁਸ਼ੀਆਂ ਮਾਣਦਾ ਹੈ।(ਵਾਹਿਗੁਰੂ ਨੇ ਤੇਰੇ ਹਿਰਦੇ ਅੰਦਰ) ਗਿਆਨ ਦਾ ਦੀਵਾ ਬੰਨ੍ਹ (ਟਿਕਾ ਕੇ) ਰੱਖਿਆ ਹੈ, ਜੋ ਤੇਲ ਤੋਂ ਬਿਨਾ ਬਲਦਾ ਹੈ।ਉਹ ਦੀਵਾ ਸੰਸਾਰ ਵਿਚ (ਮਨੁੱਖ ਨੂੰ) ਅਮਰ ਕਰ ਦੇਣ ਵਾਲਾ ਹੈ।ਅਤੇ (ਮਨੁੱਖ ਦੇ ਅੰਦਰੋਂ) ਬਿਖ ਰੂਪ ਕਾਮ ਤੇ ਕ੍ਰੋਧ ਮਾਰ ਕਢਦਾ ਹੈ।੩।(ਹੇ ਭਾਈ!) ਜਿਸ ਵਾਹਿਗੁਰੂ ਦਾ ਸਿਮਰਨ ਕੀਤਿਆਂ ਤੇਰੀ ਮੁਕਤੀ ਹੋਵੇਗੀ।ਉਹ ਸਿਮਰਨ ਤੂੰ ਕੰਠ ਵਿਚ ਪਰੋ ਕੇ ਰੱਖ।ਉਹ ਸਿਮਰਨ ਤੂੰ (ਹਰ ਰੋਜ) ਕਰਿਆ ਕਰ, (ਸਿਮਰਨ ਨੂੰ ਤੂੰ) ਦਿਲੋਂ ਉਤਰ ਕੇ ਨਾ ਰੱਖ (ਭੁਲਾਇਆ ਨਾ ਕਰ)।ਗੁਰੂ ਦੀ ਕ੍ਰਿਪਾ ਨਾਲ ਤੂੰ ਭਵਜਲ ਤੋਂ ਪਾਰ ਉਤਰ ਜਾਵੇਂਗਾ।੪।

ਪਦਾਰਥ = ਜਿਹ–ਜਿਸ ਦੇ।ਸਿਮਰਨਿ–ਸਿਮਰਨ ਕਰਨ ਨਾਲ।ਮੁਕਤਿ ਦੁਆਰੁ–ਮੁਕਤੀ ਦਾ ਦਰਵਾਜਾ; ਗਿਆਨ; ਗੁਰੂ ;ਸਿਖ ਧਰਮ।ਜਾਹਿ–ਤੂੰ ਜਾਵੇਂਗਾ।ਬੈਕੁੰਠਿ–ਅਨੰਦ ਦੇਣ ਵਾਲੀ ਅਵਸਥਾ; ਸੁਰਗ।ਸੰਸਾਰਿ–ਸੰਸਾਰ ਵਿਚ।ਘਰਿ–ਘਰ ਵਿਚ।ਅਨਹਦ–ਇਕ

ਰਸ। ਤੂਰ–ਵਾਜੇ। ਭਰਪੂਰ–ਪਰੀ ਪੂਰਨ ਪ੍ਰਭੂ। ੧। ਮਨ ਮਾਹਿ–ਮਨ ਵਿਚ। ਕਤ–ਕਿਤੇ ਵੀ; ਕਿਧਰੇ ਵੀ; ਕਿਸੇ ਤਰ੍ਹਾਂ ਵੀ। ੧। ਰਹਾਉ। ਨਨਕਾਰੁ–ਇਨਕਾਰ; ਨਿਰਾਦਰ; ਰੋਕ ਟੋਕ। ਭਾਰੁ–(ਪਾਪਾਂ ਦਾ) ਬੋਝ। ਫਿਰਿ ਫਿਰਿ–ਮੁੜ ਮੁੜ; ਬਾਰ ਬਾਰ। ਆਵਨੁ–ਆਉਣਾ (ਜਨਮ)। ੨। ਕਰਹਿ ਕੇਲ–ਖੁਸ਼ੀਆਂ ਮਾਣਦਾ ਹੈਂ। ਬਾਂਧਿ ਧਰਿਓ–ਬੰਨ੍ਹ ਰੱਖਿਆ ਹੈ। ਸੋ–ਉਹ। ਅਮਰਕੁ–ਅਮਰ ਕਰ ਦੇਣ ਵਾਲਾ। ਬਿਖੁ–ਜਹਿਰ। ੩। ਗਤਿ–ਮੁਕਤੀ। ਕੰਠਿ–ਕੰਠ ਵਿਚ। ਪਰੋਇ–ਪਰੋ ਕੇ। ਉਤਰਹਿ ਪਾਰਿ–ਪਾਰ ਲੰਘ ਜਾਏਂਗਾ। ੪।

ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥ ਮੰਦਰਿ ਸੋਵਹਿ, ਪਟੰਬਰ ਤਾਨਿ ॥ ਸੇਜ ਸੁਖਾਲੀ ਬਿਗਸੈ ਜੀਉ ॥ ਸੋ ਸਿਮਰਨੁ ਤੂ ਅਨਦਿਨੁ ਪੀਉ ॥੫॥ ਜਿਹ ਸਿਮਰਨਿ ਤੇਰੀ ਜਾਇ ਬਲਾਇ ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥ ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥ ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥ ਸਦਾ ਸਦਾ ਸਿਮਰਿ ਦਿਨੁ ਰਾਤਿ ॥ ਊਠਤ ਬੈਠਤ ਸਾਸਿ ਗਿਰਾਸਿ ॥ ਜਾਗੁ ਸੋਇ ਸਿਮਰਨ ਰਸ ਭੋਗ ॥ ਹਰਿ ਸਿਮਰਨੁ ਪਾਈਐ ਸੰਜੋਗ ॥੭॥ ਜਿਹ ਸਿਮਰਨਿ ਨਾਹੀ ਤੁਝੁ ਭਾਰ ॥ ਸੋ ਸਿਮਰਨੁ ਰਾਮ ਨਾਮ ਅਧਾਰੁ ॥ ਕਹਿ ਕਬੀਰ ਜਾ ਕਾ ਨਹੀ ਅੰਤੁ ॥ ਤਿਸ ਕੇ ਆਗੇ ਤੰਤੁ ਨ ਮੰਤੁ ॥੮॥੯॥ (ਹੇ ਭਾਈ!) ਜਿਸ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਤੈਨੂੰ ਕਿਸੇ ਦੀ ਮੁਥਾਜੀ ਨਹੀਂ ਰਹੇਗੀ। (ਤੂੰ ਅਪਣੇ) ਘਰ ਵਿਚ ਰੇਸ਼ਮੀ ਬਸਤ੍ਰ ਤਾਣ ਕੇ (ਬੇਫਿਕਰ ਹੋ ਕੇ ਸੁੱਖ ਦੀ ਨੀਂਦ) ਸੋਵੇਂਗਾ। (ਹਿਰਦਾ ਰੂਪ) ਸੇਜ ਸੁਖਾਂ ਵਾਲੀ ਹੋ ਜਾਏਗੀ ਅਤੇ (ਤੇਰਾ) ਮਨ ਖਿੜ ਪਵੇਗਾ। (ਵਾਹਿਗੁਰੂ ਦਾ) ਉਹ ਸਿਮਰਨ ਤੂੰ ਹਰ ਰੋਜ ਪੀਂਦਾ (ਸਿਮਰਦਾ) ਰਹੁ। ੫। ਜਿਸ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਤੇਰੀ ਬਿਪਤਾ ਦੂਰ ਹੋ ਜਾਵੇਗੀ। ਜਿਸ ਦਾ ਸਿਮਰਨ ਕਰਨ ਨਾਲ ਤੈਨੂੰ ਮਾਇਆ ਨਹੀਂ ਪੋਹ ਸਕੇਗੀ। ਵਾਹਿਗੁਰੂ ਨਾਮ ਸਿਮਰ ਸਿਮਰ ਕੇ ਮਨ ਵਿਚ ਹਰੀ ਦੇ ਗੁਣ ਗਾਉਣੇ ਚਾਹੀਦੇ ਹਨ। (ਪਰ ਵਾਹਿਗੁਰੂ ਦਾ) ਇਹ ਸਿਮਰਨ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ। ੬। (ਹੇ ਭਾਈ!) ਦਿਨ ਰਾਤ ਸਦਾ ਵਾਹਿਗੁਰੂ ਦਾ ਨਾਮ ਯਾਦ ਕਰਿਆ ਕਰ। ਉਠਦਿਆਂ ਬੈਠਦਿਆਂ ਸਾਹ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ ਸਿਮਰਦਾ ਰਹੁ। ਜਾਗਣ ਸਮੇਂ ਤੇ ਸੌਣ ਦੇ ਸਮੇਂ ਸਿਮਰਨ ਦਾ ਅਨੰਦ ਮਾਣਦਾ ਰਹੁ। (ਪਰ) ਹਰੀ ਦਾ ਸਿਮਰਨ ਸੰਜੋਗਾਂ (ਭਾਗਾਂ; ਗੁਰੂ ਦੇ ਮਿਲਾਪ) ਨਾਲ ਪ੍ਰਾਪਤ ਹੁੰਦਾ ਹੈ। ੭। ਜਿਸ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਤੇਰੇ ਮਨ ਵਿਚ (ਪਾਪਾਂ ਦਾ) ਭਾਰ ਨਹੀਂ ਰਹੇਗਾ। ਉਸ ਰਾਮ ਨਾਮ ਦੇ ਸਿਮਰਨ ਨੂੰ (ਅਪਣੇ ਜੀਵਨ ਦਾ) ਆਸਰਾ ਬਣਾ ਲੈ। ਕਬੀਰ ਜੀ ਆਖਦੇ ਹਨ ਜਿਸ ਵਾਹਿਗੁਰੂ ਦਾ ਕੋਈ ਅੰਤ ਨਹੀਂ। ਉਸ ਵਾਹਿਗੁਰੂ ਦੇ ਅੱਗੇ ਤੰਤ੍ਰ ਮੰਤ੍ਰ ਕੋਈ ਨਹੀਂ ਚਲਦਾ (ਵਾਹਿਗੁਰੂ ਦਾ ਸਿਮਰਨ ਤੰਤ੍ਰ ਮੰਤ੍ਰਾਂ ਤੋਂ ਬਹੁਤ ਉਚਾ ਹੈ; ਤੰਤ੍ਰ ਮੰਤ੍ਰ ਤਾਂ ਬਹੁਤ ਤੁੱਛ ਹਨ)। ੮। ੯।

ਪਦਾਰਥ = ਜਿਹ ਸਿਮਰਨਿ–ਜਿਸ ਦਾ ਸਿਮਰਨ ਕਰਨ ਨਾਲ। ਤੁਹਿ–ਤੈਨੂੰ। ਕਾਨਿ–ਮੁਥਾਜੀ; ਗੁਲਾਮੀ; ਲੋੜ। ਮੰਦਰਿ–ਹਿਰਦੇ ਘਰ ਵਿਚ। ਸੋਵਹਿ–ਸੋਵੇਂਗਾ। ਪਟੰਬਰ ਤਾਨਿ–ਰੇਸ਼ਮੀ ਕੱਪੜੇ ਤਾਣ (ਬੇ ਫਿਕਰ ਹੋ) ਕੇ। ਸੇਜ–ਹਿਰਦਾ ਰੂਪ ਸੇਜ। ਬਿਗਸੈ–ਖਿੜ ਪਵੇਗਾ। ਜੀਉ–ਮਨ। ਸੋ–ਉਹ। ਅਨਦਿਨੁ–ਹਰ ਰੋਜ। ਪੀਉ–ਪੀਂਦਾ ਰਹੁ। ੫। ਬਲਾਇ–ਭੂਤ ਪ੍ਰੇਤ ਦੀ ਪੀੜਾ; ਬਿਪਤਾ। ਤੁਝੁ–ਤੈਨੂੰ। ਪੋਹੈ ਨ–ਅਸਰ ਨਹੀਂ ਕਰ ਸਕਦੀ। ਮਾਇ–ਮਾਇਆ। ਮਨਿ–ਮਨ ਵਿਚ। ਤੇ–ਤੋਂ; ਪਾਸੋਂ। ੬। ਸਾਸਿ–ਸਾਹ ਲੈਂਦਿਆਂ। ਗਿਰਾਸਿ–ਖਾਂਦਿਆਂ ਪੀਂਦਿਆਂ। ਜਾਗੁ–ਜਾਗਣ ਸਮੇਂ। ਸੋਇ–ਸੌਣ ਦੇ ਸਮੇਂ। ਰਸ ਭੋਗ–ਅਨੰਦ ਮਾਣਦਾ ਰਹੁ। ਸੰਜੋਗ–ਭਾਗਾਂ ਨਾਲ; ਮਿਲਾਪ ਨਾਲ। ੭। ਭਾਰ –(ਪਾਪਾਂ ਦਾ) ਬੋਝ। ਅਧਾਰੁ–ਆਸਰਾ। ਜਾ ਕਾ–ਜਿਸ ਦਾ। ਤੰਤੁ–ਜਾਦੂ ਟੂਣਾ। ੮। ੯।

ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ ੴ ਸਤਿਗੁਰ ਪ੍ਰਸਾਦਿ ॥ ਬੰਧਚਿ ਬੰਧਨੁ ਪਾਇਆ ॥ ਮੁਕਤੈ ਗੁਰਿ ਅਨਲੁ ਬੁਝਾਇਆ ॥ ਜਬ ਨਖ ਸਿਖ, ਇਹੁ ਮਨ ਚੀਨ੍ਹਾ ॥ ਤਬ ਅੰਤਰਿ ਮਜਨੁ ਕੀਨ੍ਹਾ ॥੧॥ (ਹੇ ਜੋਗੀ!) ਬੰਧਨ ਵਿਚ ਫਸਾਉਣ ਵਾਲੀ ਮਾਇਆ ਨੇ (ਮੈਨੂੰ) ਬੰਧਨ ਪਾਇਆ ਸੀ, (ਪਰ ਬੰਧਨ ਤੋਂ) ਮੁਕਤ ਗੁਰੂ ਨੇ ਮੇਰੀ ਤ੍ਰਿਸ਼ਨਾ ਦੀ ਅੱਗ ਬੁਝਾ ਦਿਤੀ ਹੈ। ਜਦੋਂ (ਗੁਰੂ ਪਾਸੋਂ ਪੈਰਾਂ ਦੇ) ਨਹੁੰਆਂ ਤੋਂ ਸਿਰ ਤਕ (ਪੂਰੀ ਤਰ੍ਹਾਂ) ਇਸ ਮਨ ਨੂੰ ਸਮਝਿਆ, ਤਦੋਂ ਮੈਂ ਅੰਦਰ ਦੇ ਤੀਰਥ ਤੇ ਇਸ਼ਨਾਨ ਕਰ ਲਿਆ। ੧।

ਅੰਗ ੯੭੨ = ਪਵਨਪਤਿ, ਉਨਮਨਿ ਰਹਨੁ ਖਰਾ ॥ ਨਹੀ ਮਿਰਤੁ ,ਨ ਜਨਮੁ ਜਰਾ ॥੧॥ਰਹਾਉ॥ ਉਲਟੀ ਲੇ ਸਕਤਿ ਸਹਾਰੰ ॥ ਪੈਸੀਲੇ ਗਗਨ ਮਝਾਰੰ ॥ ਬੇਧੀਅਲੇ ਚਕ੍ਰ ਭੁਅੰਗਾ ॥ ਭੇਟੀਅਲੇ ਰਾਇ ਨਿਸੰਗਾ ॥੨॥ ਚੂਕੀਅਲੇ ਮੋਹ ਮਇ ਆਸਾ ॥ ਸਸਿ ਕੀਨੋ ਸੂਰ ਗਿਰਾਸਾ ॥ ਜਬ ਕੁੰਭਕੁ ,ਭਰਿਪੁਰਿ ਲੀਣਾ ॥ ਤਹ ਬਾਜੇ ਅਨਹਦ ਬੀਣਾ ॥੩॥ ਬਕਤੈ, ਬਕਿ ਸਬਦੁ ਸੁਨਾਇਆ ॥ ਸੁਨਤੈ, ਸੁਨਿ ਮੰਨਿ ਬਸਾਇਆ ॥ ਕਰਿ ਕਰਤਾ, ਉਤਰਸਿ ਪਾਰੰ ॥ ਕਹੈ ਕਬੀਰਾ ਸਾਰੰ ॥੪॥੧॥੧੦॥ (ਹੇ ਜੋਗੀ!) ਪਵਨ ਦੇ ਪਤੀ ਜੀਵਾਤਮਾ ਦਾ ਵਾਸਾ ਠੀਕ ਸਹਿਜ ਅਵਸਥਾ ਵਿਚ ਹੋ ਗਿਆ। (ਜਿੱਥੇ) ਨਾ ਮੌਤ ਹੈ, ਨਾ ਜਨਮ ਅਤੇ ਨਾ ਬੁਢੇਪਾ ਹੈ। ੧। ਰਹਾਉ। ਮਾਇਆ ਵੱਲੋਂ ਬਿਰਤੀ ਉਲਟ ਕੇ ਮੇਰੇ ਮਨ ਨੂੰ ਸਹਾਰਾ (ਟਿਕਾਉ) ਮਿਲ ਗਿਆ ਹੈ। ਅਤੇ ਦਸਮ ਦੁਆਰ (ਪ੍ਰਭੂ ਦੇ ਚਰਨਾਂ) ਵਿਚ ਬਿਰਤੀ ਪ੍ਰਵੇਸ਼ ਕਰ ਗਈ ਹੈ। (ਇਸ ਤਰ੍ਹਾਂ ਮੈਂ) ਭੁਅੰਗਮਾ ਨਾੜੀ ਦੇ ਚਕ੍ਰਾਂ ਨੂੰ ਵਿਨ੍ਹ ਲਿਆ ਹੈ। (ਇਉਂ) ਬਿਨਾ ਸੰਕੇ ਹਰੀ ਰਾਜਾ ਮਿਲ ਪਿਆ

ਹੈ।੨।(ਹੇ ਜੋਗੀ! ਪ੍ਰਭੂ ਦੇ ਮਿਲਣ ਨਾਲ) ਮੋਹ ਮਈ ਆਸਾ ਦੂਰ ਹੋ ਗਈ।ਚੰਦ੍ਰਮਾ ਦੀ ਨਾੜੀ (ਸ਼ਾਂਤੀ) ਨੇ ਸੂਰਜ ਦੀ ਨਾੜੀ (ਤਪਸ਼) ਨੂੰ ਖਤਮ ਕਰ ਦਿਤਾ।ਜਦੋਂ ਮਨ ਦੀ ਬਿਰਤੀ ਸਰਬ ਵਿਆਪਕ ਹਰੀ ਵਿਚ ਲੀਨ ਹੋ ਗਈ।ਤਾਂ ਉਥੇ ਇਕ ਰਸ ਵੀਣਾ ਦੇ ਵਾਜੇ ਵੱਜਣ ਲਗ ਪਏ (ਪੂਰਨ ਆਤਮਕ ਰਸ ਮਿਲ ਗਿਆ)।੩।(ਹੇ ਜੋਗੀ! ਜਿਸ ਮਨੁੱਖ ਨੂੰ) ਬਕਤੇ ਗੁਰੂ ਨੇ ਬੋਲ ਕੇ ਸ਼ਬਦ ਸੁਣਾਇਆ ਹੈ।ਸੁਣਨ ਵਾਲੇ (ਉਸ ਮਨੁੱਖ) ਨੇ ਸੁਣ ਕੇ ਮਨ ਵਿਚ ਵਸਾ ਲਿਆ।(ਇਸ ਤਰ੍ਹਾਂ ਮਨੁੱਖ) ਕਰਤਾਰ ਦੇ ਨਾਮ ਦਾ ਜਾਪ ਕਰਕੇ ਭਵਜਲ ਤੋਂ ਪਾਰ ਲੰਘ ਜਾਂਦਾ ਹੈ।ਕਬੀਰ ਜੀ ਆਖਦੇ ਹਨ ਕਿ ਇਹੋ ਅਸਲੀ ਗੱਲ ਹੈ।੪।੧।੧੦।

ਪਦਾਰਥ = ਬੰਧਚਿ–ਬੰਧਨ ਵਿਚ ਫਸਾਉਣ ਵਾਲੀ ਮਾਇਆ ਨੇ।ਮੁਕਤੈ ਗੁਰਿ–ਮੁਕਤ ਗੁਰੂ ਨੇ।ਅਨਲੁ–ਅੱਗ।ਜਬ–ਜਦੋਂ।ਨਖ ਸਿਖ –ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੀ ਚੋਟੀ ਤਕ।ਚੀਨ੍ਹਾ–ਸਮਝਿਆ।ਤਬ–ਤਦੋਂ।ਅੰਤਰਿ–ਅਪਣੇ ਅੰਦਰ ਹੀ।ਮਜਨੁ–ਇਸ਼ਨਾਨ। ਕੀਨ੍ਹਾ–ਕੀਤਾ।੧।ਪਵਨ ਪਤਿ–ਸੁਆਸਾਂ ਦਾ ਪਤੀ ਜੀਵਾਤਮਾ।ਉਨਮਨਿ–ਸਹਿਜ ਅਵਸਥਾ ਵਿਚ; ਗਿਆਨ ਅਵਸਥਾ ਵਿਚ; ਜੋਗ ਮੱਤ ਅਨੁਸਾਰ ਜਿਸ ਦਾ ਮਨ ਸੰਸਾਰ ਤੋਂ ਉਪਰਾਮ ਹੋ ਗਿਆ ਹੈ।ਰਹਨੁ–ਰਿਹਾਇਸ਼ (ਵਾਸਾ)।ਖਰਾ–ਠੀਕ; ਚੰਗੀ ਤਰ੍ਹਾਂ।ਮਿਰਤੁ–ਮੌਤ।ਜਰਾ–ਬੁਢੇਪਾ।੧।ਰਹਾਉ।ਉਲਟੀ ਲੇ–ਉਲਟਾ ਕੇ।ਸਕਤਿ–ਮਾਇਆ।ਸਹਾਰੰ–ਸਹਾਰਾ; ਟਿਕਾਉ।ਪੈਸੀਲੇ–ਪ੍ਰਵੇਸ਼ ਹੋ ਗਿਆ ।ਗਗਨ–ਦਸਮ ਦੁਆਰ।ਮਝਾਰੰ–ਵਿਚ।ਬੇਧੀਅਲੇ–ਵਿੰਨ੍ਹ ਲਿਆ।ਚਕ੍ਰ ਭੁਅੰਗਾ–ਭੁਅੰਗਮਾ ਨਾੜੀ ਦੇ ਚੱਕਰਾਂ ਨੂੰ।ਭੇਟੀਅਲੇ–ਮਿਲ ਪਿਆ।ਰਾਇ–ਰਾਜਾ ਪ੍ਰਭੂ।ਨਿਸੰਗਾ–ਬਿਨਾ ਸ਼ੰਕੇ।੨।ਚੂਕੀਅਲੇ–ਦੂਰ ਹੋ ਗਈ।ਮੋਹ ਮਇ ਆਸਾ–ਮੋਹ ਦੀ ਭਰੀ ਹੋਈ ਆਸਾ।ਸਸਿ –ਚੰਦ੍ਰਮਾ (ਮਾਨਸਕ ਸ਼ਾਂਤੀ) ਨੇ।ਸੂਰ–ਸੂਰਜ (ਵਿਸ਼ਿਆਂ ਦੀ ਤਪਸ਼)।ਗਿਰਾਸਾ–ਨਿਗਲ ਲਿਆ (ਖਤਮ ਕਰ ਦਿਤਾ)।ਜਬ–ਜਦੋਂ। ਕੁੰਭਕ–ਪ੍ਰਾਣਾਂ ਦਾ ਰੋਕਣਾ (ਮਨ ਦੀ ਬਿਰਤੀ)।ਤਹ–ਉਥੇ।ਅਨਹਦ–ਇਕ ਰਸ।ਬੀਣਾ–ਵਾਜਾ।੩।ਬਕਤੈ ਗੁਰਿ–ਬਕਤੇ ਗੁਰੂ ਨੇ। ਬਕਿ–ਬੋਲ ਕੇ।ਸਬਦੁ–ਉਪਦੇਸ਼।ਸੁਨਤੈ–ਸੁਣਨ ਵਾਲੇ ਨੇ।ਸੁਨਿ–ਸੁਣ ਕੇ।ਮੰਨਿ–ਮਨ ਵਿਚ।ਕਰਿ ਕਰਤਾ–ਕਰਤਾਰ ਦਾ ਨਾਮ ਜਪ ਕਰਕੇ।ਉਤਰਸਿ ਪਾਰੰ–ਪਾਰ ਲੰਘ ਜਾਂਦਾ ਹੈ।ਸਾਰੰ–ਅਸਲੀ (ਸ੍ਰੇਸਟ) ਗੱਲ।੪।੧।੧੦।

ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥ ਕਰੁ ਰੇ ਗਿਆਨੀ, ਬ੍ਰਹਮ ਬੀਚਾਰੁ ॥ ਜੋਤੀ ਅੰਤਰਿ ਧਰਿਆ ਪਸਾਰੁ ॥੧॥ਰਹਾਉ॥ ਹੀਰਾ ਦੇਖਿ, ਹੀਰੇ ਕਰਉ ਆਦੇਸੁ ॥ ਕਹੈ ਕਬੀਰੁ ,ਨਿਰੰਜਨ ਅਲੇਖੁ ॥੨॥੨॥੧੧॥ (ਹੇ ਭਾਈ!) ਚੰਦ ਤੇ ਸੂਰਜ ਦੋਵੇਂ ਪ੍ਰਭੂ ਦੇ ਚਾਨਣ ਰੂਪ ਹਨ।(ਹਰੇਕ) ਚਾਨਣ ਅੰਦਰ ਬੇ ਮਿਸਾਲ ਪ੍ਰਭੂ ਵਿਆਪਕ ਹੈ (ਹਰੇਕ ਚਾਨਣ ਦੇਣ ਵਾਲੀ ਹਸਤੀ ਵਿਚ ਵਾਹਿਗੁਰੂ ਦਾ ਚਾਨਣ ਹੈ)।੧।ਹੇ ਗਿਆਨਵਾਨ ਪੁਰਖ! ਤੂੰ ਬ੍ਰਹਮ ਦਾ ਵਿਚਾਰ ਕਰ।(ਜਿਸ ਨੇ ਅਪਣੇ) ਚਾਨਣ ਅੰਦਰੋਂ ਸਾਰਾ ਜਗਤ ਪਸਾਰਾ ਬਣਾ ਧਰਿਆ ਹੈ।੧।ਕਬੀਰ ਜੀ ਕਹਿੰਦੇ ਹਨ ਕਿ ਮੈਂ ਹੀਰੇ (ਆਦਿਕ ਚਮਕਦੇ ਰਤਨ) ਨੂੰ ਦੇਖ ਕੇ ਉਸ ਹੀਰੇ (ਵਾਹਿਗੁਰੂ) ਨੂੰ ਨਮਸ਼ਕਾਰ ਕਰਦਾ ਹਾਂ (ਜਿਸ ਨੇ ਹੀਰੇ ਆਦਿਕ ਰਤਨਾਂ ਨੂੰ ਚਮਕ ਦਿਤੀ ਹੈ।ਉਹ ਇਨ੍ਹਾਂ ਚਾਨਣ ਵਾਲੀਆਂ ਹਸਤੀਆਂ ਵਿਚ ਵਸਦਾ ਹੋਇਆ ਵੀ) ਮਾਇਆ ਦੇ ਅਸਰ ਤੋਂ ਨਿਰਲੇਪ ਅਤੇ ਲੇਖੇ ਤੋਂ ਰਹਿਤ ਹੈ।੨।੨।੧੧।

ਪਦਾਰਥ = ਦੁਇ–ਦੋਵੇਂ।ਜੋਤਿ ਸਰੂਪੁ–(ਪ੍ਰਭੂ ਦੇ) ਚਾਨਣ ਦਾ ਸਰੂਪ।ਜੋਤੀ ਅੰਤਰਿ–ਹਰੇਕ ਚਾਨਣ ਦੇਣ ਵਾਲੀ ਹਸਤੀ ਦੇ ਅੰਦਰ। ਬ੍ਰਹਮੁ–ਵਾਹਿਗੁਰੂ।ਅਨੂਪੁ–ਬੇਮਿਸਾਲ; ਸੁੰਦਰ।੧।ਰੇ ਗਿਆਨੀ–ਹੇ ਗਿਆਨਵਾਨ ਪੁਰਖ!।ਜੋਤੀ ਅੰਤਰਿ–(ਹਰੇਕ) ਚਾਨਣ ਅੰਦਰ। ਧਰਿਆ–ਬਣਾ ਰੱਖਿਆ ਹੈ।ਪਸਾਰੁ–ਜਗਤ ਰਚਨਾ।੧।ਰਹਾਉ।ਹੀਰਾ–ਚਮਕਦਾ ਕੀਮਤੀ ਰਤਨ।ਦੇਖਿ–ਦੇਖ ਕੇ।ਕਰਉ–ਮੈਂ ਕਰਦਾ ਹਾਂ।ਆਦੇਸੁ–ਨਮਸ਼ਕਾਰ।ਨਿਰੰਜਨ–ਮਾਇਆ ਤੋਂ ਨਿਰਲੇਪ।ਅਲੇਖੁ–ਲੇਖੇ ਤੋਂ ਰਹਿਤ।੨।੨।੧੧।

ਦੁਨੀਆ ਹੁਸੀਆਰ ਬੇਦਾਰ, ਜਾਗਤ ਮੁਸੀਅਤ ਹਉ ਰੇ ਭਾਈ ॥ ਨਿਗਮ ਹੁਸੀਆਰ ਪਹਰੂਆ ਦੇਖਤ, ਜਮੁ ਲੇ ਜਾਈ ॥੧॥ਰਹਾਉ॥ ਨੀੰਬੁ ਭਇਓ ਆਂਬੁ ,ਆਂਬ ਭਇਓ ਨੀੰਬਾ, ਕੇਲਾ ਪਾਕਾ ਝਾਰਿ ॥ ਨਾਲੀਏਰ ਫਲੁ ਸੇਬਰਿ ਪਾਕਾ, ਮੂਰਖ ਮੁਗਧ ਗਵਾਰ ॥੧॥ ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ, ਹਸਤੰੀ ਚੁਨਿਓ ਨ ਜਾਈ ॥ ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ, ਚੀਟੀ ਹੋਇ ਚੁਨਿ ਖਾਈ ॥੨॥੩॥੧੨॥ ਹੇ ਦੁਨੀਆਂ ਦੇ ਲੋਕੋ! ਹੁਸ਼ਿਆਰ ਤੇ ਖਬਰਦਾਰ ਹੋ ਜਾਓ, ਹੇ ਭਾਈ! (ਤੁਸੀਂ ਤਾਂ) ਜਾਗਦੇ ਹੀ (ਕਾਮਾਦਿਕ ਚੋਰਾਂ ਦੇ ਹੱਥੋਂ) ਲੁੱਟੇ ਜਾ ਰਹੇ ਹੋ।(ਜੇ ਤੁਸੀਂ ਸਮਝਦੇ ਹੋ ਕਿ ਅਸੀਂ ਵੇਦਾਂ ਦੇ ਗਿਆਨ ਅਨੁਸਾਰ ਚਲਦੇ ਹਾਂ, ਇਨ੍ਹਾਂ ਤੇ ਭਰੋਸਾ ਨਾ ਕਰੋ) ਵੇਦ ਸ਼ਾਸ਼ਤ੍ਰ ਰੂਪ ਹੁਸ਼ਿਆਰ ਪਹਿਰੇਦਾਰਾਂ ਦੇ ਦੇਖਦਿਆਂ ਭੀ (ਤੁਹਾਨੂੰ) ਜਮ ਲੈ ਜਾਏਗਾ (ਦੁਨੀਆਂ ਮੌਤ ਵਾਲੇ ਪਾਸੇ ਜਾ ਰਹੀ ਹੈ)।੧ ।ਰਹਾਉ।(ਹੇ ਭਾਈ! ਤੁਹਾਨੂੰ) ਨਿੰਮ ਦਾ ਦਰੱਖਤ ਅੰਬ ਹੋਇਆ ਤੇ ਅੰਬ ਦਾ ਦਰੱਖਤ ਨਿੰਮ ਹੋਇਆ ਦਿਸਦਾ ਹੈ (ਨਿੰਮ ਵਾਂਗ ਕੌੜੇ ਦੁਖਦਾਈ ਸਕਾਮ ਕਰਮ ਅੰਬ ਵਾਂਗ ਮਿੱਠੇ ਸੁਖਦਾਈ ਪ੍ਰਤੀਤ ਹੁੰਦੇ ਹਨ ਅਤੇ ਨਿਸ਼ਕਾਮ ਕਰਮ ਜੋ ਅੰਬ ਵਾਂਗ ਮਿੱਠੇ ਸੁਖਦਾਈ ਹਨ, ਉਹ ਨਿੰਮ ਵਾਂਗ ਕੌੜੇ ਦੁਖਦਾਈ ਪ੍ਰਤੀਤ ਹੋ ਰਹੇ ਹਨ), ਪੱਕਾ ਮਿੱਠਾ ਕੇਲਾ, ਜੋ ਨਾਮ ਰਸ ਦੇ ਸਮਾਨ ਹੈ, ਉਹ ਝਾੜੀ ਦੇ ਕੰਡਿਆਂ

ਦੇ ਸਮਾਨ ਦੁਖਦਾਈ ਪ੍ਰਤੀਤ ਹੁੰਦਾ ਹੈ। ਨਾਰੀਅਲ ਦਾ ਫਲ (ਸਤਸੰਗ ਜੋ ਨਾਰੀਅਲ ਦੀ ਮਿੱਠੀ ਗਿਰੀ ਸਮਾਨ ਹੈ, ਉਹ) ਮੂਰਖ, ਅਣਜਾਣ ਤੇ ਬੇਸਮਝ ਲੋਕਾਂ ਨੂੰ ਪੱਕੇ ਸਿੰਬਲ ਸਮਾਨ ਨਿਕੰਮਾ ਦਿਸਦਾ ਹੈ।੧।(ਹੇ ਭਾਈ!) ਹਰੀ ਖੰਡ ਵਾਂਗ ਮਿੱਠਾ ਹੈ, ਜੋ ਜਗਤ ਰੂਪ ਰੇਤੇ ਵਿਚ ਮਿਲਿਆ ਹੋਇਆ ਹੈ, (ਉਹ ਖੰਡ ਹੰਕਾਰੀ ਮਨੁੱਖ ਰੂਪ) ਹਾਥੀਆਂ ਪਾਸੋਂ ਜਾਂ (ਸਾਧਨ ਰੂਪ) ਹੱਥਾਂ ਨਾਲ ਚੁਣੀ ਨਹੀਂ ਜਾ ਸਕਦੀ। ਕਬੀਰ ਜੀ ਆਖਦੇ ਹਨ ਕਿ (ਜੇ ਮਨੁੱਖ) ਕੁਲ ਤੇ ਜਾਤ ਪਾਤ ਦਾ ਹੰਕਾਰ ਛਡ ਕੇ ਕੀੜੀ ਹੋ ਜਾਵੇ (ਨਿਮ੍ਰਤਾ ਧਾਰਨ ਕਰ ਲਵੇ, ਤਾਂ ਉਹ ਹਰੀ ਰੂਪ ਖੰਡ) ਚੁਣ ਕੇ ਖਾ ਸਕਦਾ ਹੈ (ਹਰੀ ਨੂੰ ਮਿਲ ਸਕਦਾ ਹੈ)।੨।੩।੧੨।

ਪਦਾਰਥ = ਦੁਨੀਆ–ਹੇ ਦੁਨੀਆਂ ਦੇ ਲੋਕੋ!। ਹੁਸੀਆਰ–ਸਾਵਧਾਨ ਰਹੋ। ਬੇਦਾਰ–ਖਬਰਦਾਰ ਹੋਵੋ; ਜਾਗਦੇ ਰਹੋ। ਮੁਸੀਅਤ ਹਉ–ਲੁੱਟੇ ਜਾ ਰਹੇ ਹੋ। ਰੇ ਭਾਈ–ਹੇ ਭਾਈ!। ਨਿਗਮ–ਵੇਦ ਸ਼ਾਸਤ੍ਰ। ਪਹਰੂਆ–ਪਹਿਰੇਦਾਰ। ਦੇਖਤ–ਦੇਖਦਿਆਂ ਹੀ। ਲੇ ਜਾਈ–ਲੈ ਜਾਵੇਗਾ ।੧। ਰਹਾਉ। ਨੀਂਬ–ਨਿੰਮ ਦਾ ਦਰੱਖਤ। ਭਇਓ–ਹੋਇਆ। ਕੇਲਾ ਪਾਕਾ–ਪੱਕਾ ਕੇਲਾ। ਝਾਰਿ–(ਕੰਡਿਆਂ ਵਾਲੀ) ਝਾੜੀ। ਸੇਬਰਿ–ਸਿੰਬਲ। ਮੁਗਧ–ਬੇਸਮਝ। ਗਵਾਰ–ਅਨਜਾਣ; ਪੇਂਡੂ ਮਨੁੱਖ।੧। ਖਾਂਡ–ਖੰਡ। ਮਹਿ–ਵਿਚ। ਬਿਖਰਿਓ–ਮਿਲਿਆ ਹੈ; ਫੈਲਿਆ ਹੈ। ਹਸਤੀਂ–ਹਾਥੀਆਂ ਪਾਸੋਂ; ਹੱਥਾਂ ਨਾਲ। ਚੁਨਿਓ ਨ ਜਾਈ–ਚੁਗੀ ਨਹੀਂ ਜਾ ਸਕਦੀ। ਤਜਿ–ਛਡ ਕੇ। ਪਾਂਤਿ–ਖਾਨਦਾਨ। ਚੀਟੀ–ਕੀੜੀ। ਚੁਨਿ ਖਾਈ–ਚੁਣ ਕੇ ਖਾਈ ਜਾ ਸਕਦੀ ਹੈ।੨।੨।੧੨।

ਬਾਣੀ ਨਾਮ ਦੇਉ ਜੀਉ ਕੀ ਰਾਮਕਲੀ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਆਨੀਲੇ ਕਾਗਦੁ ਕਾਟੀਲੇ ਗੂਡੀ, ਆਕਾਸ ਮਧੇ ਭਰਮੀਅਲੇ ॥ ਪੰਚ ਜਨਾ ਸਿਉ ਬਾਤ ਬਤਊਆ, ਚੀਤੁ ਸੁ ਡੋਰੀ ਰਾਖੀਅਲੇ ॥੧॥ ਮਨੁ ਰਾਮ ਨਾਮਾ ਬੇਧੀਅਲੇ ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ਰਹਾਉ॥ ਆਨੀਲੇ ਕੁੰਭੁ ਭਰਾਈਲੇ ਊਦਕ, ਰਾਜ ਕੁਆਰਿ ਪੁਰੰਦਰੀਏ ॥ ਹਸਤ ਬਿਨੋਦ ਬੀਚਾਰ ਕਰਤੀ ਹੈ, ਚੀਤੁ ਸੁ ਗਾਗਰਿ ਰਾਖੀਅਲੇ ॥੨॥ ਮੰਦਰੁ ਏਕੁ ਦੁਆਰ ਦਸ ਜਾ ਕੇ, ਗਊ ਚਰਾਵਨ ਛਾਡੀਅਲੇ ॥ ਪਾਂਚ ਕੋਸ ਪਰ ਗਊ ਚਰਾਵਤ, ਚੀਤੁ ਸੁ ਬਛਰਾ ਰਾਖੀਅਲੇ ॥੩॥ ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ ॥ ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥ (ਇਸ ਸ਼ਬਦ ਵਿਚ ਭਗਤ ਨਾਮ ਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਵਿਚਕਾਰ ਸੰਬਾਦ ਹੈ। ਹੇ ਤ੍ਰਿਲੋਚਨ! ਜਿਵੇਂ ਬੱਚਾ) ਕਾਗਦ ਲੈ ਕੇ ਆਉਂਦਾ ਹੈ, (ਉਸ ਨੂੰ) ਕੱਟ ਕੇ ਗੁੱਡੀ ਬਣਾਉਂਦਾ ਹੈ, (ਉਹ ਗੁੱਡੀ) ਅਕਾਸ਼ ਵਿਚ ਉਡਾਉਂਦਾ ਹੈ।(ਉਹ ਬੱਚਾ ਅਪਣੇ) ਸਾਥੀ ਮਿਤ੍ਰਾਂ ਨਾਲ ਗੱਲਾਂ ਬਾਤਾਂ ਵੀ ਕਰਦਾ ਹੈ, (ਪਰ ਅਪਣਾ) ਚਿੱਤ ਉਹ ਪਤੰਗ ਦੀ ਡੋਰ ਵਿਚ ਰਖਦਾ ਹੈ।੧।(ਹੇ ਤ੍ਰਿਲੋਚਨ!) ਜਿਵੇਂ ਸੁਨਿਆਰੇ ਦਾ ਚਿਤ (ਅਪਣੇ ਗਾਹਕਾਂ ਨਾਲ ਗੱਲਾਂ ਕਰਦਿਆਂ) ਸੋਨੇ ਦੀ ਕਲਾ (ਗਹਿਣਾ ਘੜਨ) ਵਿਚ ਜੁੜਿਆ ਰਹਿੰਦਾ ਹੈ।(ਇਸੇ ਤਰ੍ਹਾਂ ਮੇਰਾ) ਮਨ ਪ੍ਰਮਾਤਮਾ ਦੇ ਨਾਮ ਵਿਚ ਵਿੰਨ੍ਹਿਆ ਰਹਿੰਦਾ ਹੈ।੧। ਰਹਾਉ।(ਹੇ ਤ੍ਰਿਲੋਚਨ!) ਜਵਾਨ ਕੁੜੀਆਂ ਪੁਰੀ ਅੰਦਰੋਂ (ਸ਼ਹਿਰ ਵਿਚੋਂ ਆਪੋ ਅਪਣਾ) ਘੜਾ ਚੁੱਕ ਲੈ (ਖੂਹ ਉਤੇ) ਆਉਂਦੀਆਂ ਹਨ ਤੇ (ਖੂਹ ਵਿਚੋਂ) ਪਾਣੀ ਭਰਦੀਆਂ ਹਨ। ਉਹ (ਇਕੱਠੀਆਂ ਹੋ ਕੇ ਘਰ ਨੂੰ ਤੁਰੀਆਂ ਜਾਂਦੀਆਂ) ਹਸਦੀਆਂ, ਤਮਾਸ਼ੇ ਤੇ ਵਿਚਾਰਾਂ ਕਰਦੀਆਂ ਹਨ ,(ਪਰ ਅਪਣਾ) ਚਿੱਤ ਗਾਗਰ ਵਿਚ ਰਖਦੀਆਂ ਹਨ।੨। ਇਕ ਘਰ, ਜਿਸ ਦੇ ਦਸ ਦਰਵਾਜੇ ਹਨ, (ਉਸ ਘਰ ਵਿਚੋਂ ਵਾਗੀ) ਗਊਆਂ ਚਾਰਨ ਲਈ ਛੱਡਦਾ ਹੈ। ਉਹ (ਵਾਗੀ) ਪੰਜ ਕੋਹਾਂ ਉਪਰ ਜਾ ਗਊਆਂ ਚਰਾਉਂਦਾ ਹੈ, (ਪਰ ਗਊਆਂ ਅਪਣਾ) ਚਿਤ ਅਪਣੇ ਵੱਛੇ ਵਿਚ ਰਖਦੀਆਂ ਹਨ।੩। ਨਾਮ ਦੇਵ ਜੀ ਕਹਿੰਦੇ ਹਨ ਕਿ ਹੇ ਤ੍ਰਿਲੋਚਨ! (ਮੇਰਾ ਇਕ ਹੋਰ ਦ੍ਰਿਸਟਾਂਤ) ਸੁਣ, (ਜਿਵੇਂ ਮਾਂ ਅਪਣੇ) ਬੱਚੇ ਨੂੰ ਪੰਘੂੜੇ ਵਿਚ ਪਾਉਂਦੀ ਹੈ।(ਮਾਂ ਅਪਣੇ ਘਰ ਦੇ) ਅੰਦਰ ਬਾਹਰ ਕੰਮ ਵਿਚ ਰੁੱਝੀ ਰਹਿੰਦੀ ਹੈ, (ਪਰ) ਉਹ ਅਪਣਾ ਚਿੱਤ ਬੱਚੇ ਵਿਚ ਰਖਦੀ ਹੈ (ਤਿਵੇਂ ਕੰਮ ਕਰਦਿਆਂ ਮੇਰਾ ਮਨ ਪ੍ਰਭੂ ਦੇ ਸਿਮਰਨ ਵਿਚ ਜੁੜਿਆ ਰਹਿੰਦਾ ਹੈ)।੪।੧।

ਪਦਾਰਥ = ਆਨੀਲੇ–ਲੈ ਆਉਂਦਾ ਹੈ। ਕਾਟੀਲੇ–ਕੱਟ ਕੇ ਬਣਾਈ। ਗੂਡੀ–ਪਤੰਗ। ਮਧੇ–ਵਿਚ। ਭਰਮੀਅਲੇ–ਉਡਾਉਂਦਾ ਹੈ। ਪੰਚ ਜਨਾ ਸਿਉ–ਸਾਥੀ ਮਿਤ੍ਰਾਂ ਨਾਲ। ਬਾਤ ਬਤਊਆ–ਗੱਲਾਂ ਬਾਤਾਂ ਕਰਦਾ ਹੈ। ਸੁ–ਉਹ। ਡੋਰੀ–(ਪਤੰਗ ਦੀ) ਡੋਰੀ ਵਿਚ। ਰਾਖੀਅਲੇ–ਰੱਖਦਾ ਹੈ।੧। ਰਾਮ ਨਾਮਾ–ਪ੍ਰਮੇਸਰ ਦੇ ਨਾਮ ਵਿਚ। ਬੇਧੀਅਲੇ–ਵਿਨ੍ਹਿਆ ਹੋਇਆ ਹੈ। ਕਨਿਕ ਕਲਾ–ਸੋਨਾ ਘੜਨ ਦਾ ਹੁਨਰ ਜਾਨਣ ਵਾਲਾ (ਸੁਨਿਆਰਾ)। ਮਾਂਡੀਅਲੇ–ਜੁੜਿਆ ਰਹਿੰਦਾ ਹੈ।੧। ਰਹਾਉ। ਕੁੰਭੁ–ਘੜਾ। ਭਰਾਈਲੇ–ਭਰਦੀਆਂ ਹਨ। ਊਦਕ–ਪਾਣੀ। ਰਾਜ ਕੁਆਰਿ–ਜਵਾਨ ਕੁੜੀਆਂ। ਪੁਰੰਦਰੀਏ–ਪੁਰੀ (ਸ਼ਹਿਰ) ਅੰਦਰੋਂ। ਹਸਤ–ਹਸਦੀਆਂ ਹਨ। ਬਿਨੋਦ–ਤਮਾਸ਼ਾ। ਕਰਤੀ ਹੈ–ਕਰਦੀਆਂ ਹਨ। ਗਾਗਰਿ–ਗਾਗਰ ਵਿਚ।੨। ਮੰਦਰੁ ਏਕੁ–ਇਕ ਘਰ। ਦੁਆਰ ਦਸ–ਦਸ ਦਰਵਾਜੇ। ਜਾ ਕੇ–ਜਿਸ ਦੇ। ਚਰਾਵਨ–ਚਾਰਨ ਵਾਸਤੇ । ਪਾਂਚ ਕੋਸ ਪਰ–ਪੰਜ ਕੋਹਾਂ ਉਤੇ।੩। ਪਾਲਨ–ਪੰਘੂੜੇ ਵਿਚ; ਝੂਲੇ ਵਿਚ। ਪਉਢੀਅਲੇ–ਪਾਉਂਦੀ ਹੈ; ਸੁਲਾਉਂਦੀ ਹੈ। ਕਾਜ–ਕੰਮ। ਬਿਰੂਧੀ–ਰੁੱਝੀ ਹੋਈ ਹੈ। ਰਾਖੀਅਲੇ–ਰੱਖਦੀ ਹੈ।੪।੧।

ਬੇਦ ਪੁਰਾਨ ਸਾਸਤ੍ਰ ਆਨੰਤਾ, ਗੀਤ ਕਬਿਤ ਨ ਗਾਵਉਗੋ ॥ ਅਖੰਡ ਮੰਡਲ ਨਿਰੰਕਾਰ ਮਹਿ, ਅਨਹਦ ਬੇਨੁ ਬਜਾਵਉਗੋ ॥੧॥ (ਕਰਮ ਕਾਂਡ ਵਿਚ ਲਗਣ ਦੀ ਥਾਂ ਮੈ ਹਰੀ ਦਾ ਸਿਮਰਨ ਕਰਨ ਵਿਚ ਆਤਮਕ ਅਨੰਦ ਮਾਣਦਾ ਹਾਂ। ਹੇ ਤ੍ਰਿਲੋਚਨ!) ਮੈਂ ਚਾਰ ਬੇਦ, ਅਠਾਰਾਂ ਪੁਰਾਣ, ਛੇ ਸ਼ਾਸਤ੍ਰ ਅਤੇ ਹੋਰ ਅਣਗਿਣਤ ਗ੍ਰੰਥਾਂ ਦੇ ਗੀਤ ਕਬਿੱਤ ਨਹੀਂ ਗਾਉਂਦਾ ਹਾਂ। ਬ੍ਰਹਮੰਡ ਵਿਚ ਨਿਰੰਕਾਰ ਇਕ ਰਸ ਜੋ ਵਿਆਪਕ ਹੈ, ਮੈਂ (ਉਸ ਦੀ) ਇਕ ਰਸ ਬੰਸਰੀ ਵਜਾਉਂਦਾ ਹਾਂ (ਸਿਫਤ ਸਲਾਹ ਕਰਦਾ ਹਾਂ)।੧।

ਅੰਗ ੯੭੩ = ਬੈਰਾਗੀ ਰਾਮਹਿ ਗਾਵਉਗੋ ॥ ਸਬਦਿ ਅਤੀਤ ਅਨਾਹਦਿ ਰਾਤਾ, ਆਕੁਲ ਕੈ ਘਰਿ ਜਾਉਗੋ ॥੧॥ਰਹਾਉ॥ ਇੜਾ ਪਿੰਗੁਲਾ ਅਉਰੁ ਸੁਖਮਨਾ, ਪਉਨੈ ਬੰਧਿ ਰਹਾਉਗੋ ॥ ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ,ਬ੍ਰਹਮ ਜੋਤਿ ਮਿਲਿ ਜਾਉਗੋ ॥੨॥ ਤੀਰਥ ਦੇਖਿ ਨ ਜਲ ਮਹਿ ਪੈਸਉ ,ਜੀਅ ਜੰਤ ਨ ਸਤਾਵਉਗੋ ॥ ਅਠਸਠਿ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰਿ ਨ੍ਹਾਉਗੋ ॥੩॥ ਪੰਚ ਸਹਾਈ ਜਨ ਕੀ ਸੋਭਾ, ਭਲੋ ਭਲੋ ਨ ਕਹਾਵਉਗੋ ॥ ਨਾਮਾ ਕਹੈ ਚਿਤੁ ਹਰਿ ਸਿਉ ਰਾਤਾ, ਸੁੰਨ ਸਮਾਧਿ ਸਮਾਉਗੋ ॥੪॥੨॥ ਮੈਂ ਵੈਰਾਗਵਾਨ ਹੋ ਕੇ ਪ੍ਰਮਾਤਮਾ ਦੇ ਗੁਣ ਗਾਉਂਦਾ ਹਾਂ। ਗੁਰੂ ਦੇ ਸ਼ਬਦ ਦੁਅਰਾ (ਸੰਸਾਰ ਤੋਂ) ਉਦਾਸ ਹੋ ਕੇ ਪ੍ਰਭੂ ਦੇ ਨਾਮ ਵਿਚ ਇਕ ਰਸ ਰੰਗਿਆ ਹੋਇਆ ਹਾਂ, (ਇਸ ਤਰ੍ਹਾਂ ਮੈਂ) ਕੁਲ ਰਹਿਤ ਪ੍ਰਭੂ ਦੇ ਘਰ ਵਿਚ ਜਾਵਾਂਗਾ।੧।ਰਹਾਉ। ਇੜਾ ਪਿੰਗਲਾ (ਸੱਜੀ ਤੇ ਖੱਬੀ ਸੁਰ) ਤੇ ਸੁਖਮਨਾ ਵਿਚ ਸੁਆਸਾਂ ਨੂੰ ਬੰਨ੍ਹ ਕੇ ਰਖਣ ਤੋਂ ਮੈਂ ਰਹਿਤ ਹਾਂ (ਮੈਨੂੰ ਜੋਗ ਅਭਿਆਸ ਦੀ ਜਰੂਰਤ ਨਹੀਂ)। ਚੰਦ (ਇੜਾ) ਤੇ ਸੂਰਜ (ਪਿੰਗਲਾ) ਦੋਹਾਂ ਨੂੰ ਮੈਂ ਇਕੋ ਜਿਹਾ ਕਰਕੇ ਰਖਦਾ ਹਾਂ, (ਮੈਂ ਇਨ੍ਹਾਂ ਸਾਧਨਾਂ ਤੋਂ ਉਪਰ ਉਠ ਕੇ) ਵਾਹਿਗੁਰੂ ਦੀ ਜੋਤਿ ਵਿਚ ਮਿਲ ਜਾਵਾਂਗਾ ਭਾਵ ਮੈਂ ਹਰੀ ਦਾ ਭਗਤ ਹੋ ਗਿਆ ਹਾਂ।੨। ਤੀਰਥਾਂ ਨੂੰ ਦੇਖ ਕੇ ਮੈਂ ਜਲ ਵਿਚ ਪ੍ਰਵੇਸ਼ ਨਹੀਂ ਕਰਦਾ (ਤੀਰਥਾਂ ਤੇ ਇਸ਼ਨਾਨ ਨਹੀਂ ਕਰਦਾ, ਤੀਰਥਾਂ ਦੇ ਪਾਣੀ ਵਿਚ ਰਹਿੰਦੇ) ਜੀਵ ਜੰਤੂਆਂ (ਮੱਛੀਆਂ ਆਦਿ ਨੂੰ) ਸਤਾਉਂਦਾ ਨਹੀਂ (ਡਰਾ ਕੇ ਦੁਖ ਨਹੀਂ ਦੇਂਦਾ)। ਗੁਰੂ ਨੇ ਮੈਨੂੰ ਅਠਾਹਠ ਤੀਰਥ (ਹਿਰਦੇ ਅੰਦਰ ਹੀ) ਦਿਖਾ ਦਿਤੇ ਹਨ, (ਇਸ ਲਈ ਮੈਂ) ਹਿਰਦੇ ਅੰਦਰ ਹੀ ਆਤਮਕ ਇਸ਼ਨਾਨ ਕਰਦਾ ਹਾਂ (ਅੰਤਰਮੁਖੀ ਹੋ ਕੇ ਹਰੀ ਦਾ ਵਿਚਾਰ ਕਰਦਾ ਹਾਂ)।੩। ਸਹਾਇਤਾ ਕਰਨ ਵਾਲੇ ਚੌਧਰੀ ਲੋਕਾਂ ਦੀ ਸੋਭਾ ਲੈ ਕੇ ਮੈਂ (ਅਪਣੇ ਆਪ ਨੂੰ) ਭਲਾ ਭਲਾ ਨਹੀਂ ਕਹਾਉਂਦਾ (ਪਿੰਡ ਦਾ ਮੁਖੀ ਹੋ ਕੇ ਲੋਕਾਂ ਦਾ ਸਹਾਈ ਬਣ ਕੇ ਮੈਨੂੰ ਲੋਕਾਂ ਦੀ ਵਡਿਆਈ ਦੀ ਲੋੜ ਨਹੀਂ ਭਾਵ ਲੋਕਾਂ ਦੀ ਖੁਸ਼ਾਮਦ ਦੀ ਲੋੜ ਨਹੀਂ)। ਨਾਮ ਦੇਵ ਜੀ ਆਖਦੇ ਹਨ ਕਿ ਮੇਰਾ ਚਿਤ ਹਰੀ ਦੇ ਨਾਮ ਨਾਲ ਰੰਗਿਆ ਗਿਆ ਹੈ, (ਹੁਣ) ਮੈਂ ਅਫੁਰ ਸਮਾਧੀ ਵਿਚ ਲੀਨ ਰਹਿੰਦਾ ਹਾਂ।੪।੨।

ਪਦਾਰਥ = ਬੇਦ–ਚਾਰ ਵੇਦ। ਪੁਰਾਨ–ਅਠਾਰਾਂ ਪੁਰਾਣ। ਸਾਸਤ੍ਰ–ਛੇ ਸ਼ਾਸਤ੍ਰ। ਅਨੰਤਾ–ਬੇਅੰਤ। ਨ ਗਾਵਉਗੋ–ਮੈਂ ਨਹੀਂ ਗਾਉਂਦਾ (ਗੋ ਪਦ ਪੂਰਤੀ ਲਈ ਹੈ, ਭਵਿਖਤ ਕਾਲ ਵਾਸਤੇ ਨਹੀਂ)। ਅਖੰਡ–ਇਕ ਰਸ; ਨਿਰੰਤਰ। ਮੰਡਲ ਮਹਿ–ਬ੍ਰਹਮੰਡ ਵਿਚ। ਅਨਹਦ–ਇਕ ਰਸ। ਬੇਨੁ–ਬੰਸਰੀ। ਬਜਾਵਉਗੋ–ਵਜਾਉਂਦਾ ਹਾਂ।੧। ਬੈਰਾਗੀ–ਵੈਰਾਗਵਾਨ ਹੋ ਕੇ। ਰਾਮਹਿ–ਪ੍ਰਭੂ ਦੇ। ਗਾਵਉਗੋ–ਗਾਉਂਦਾ ਹਾਂ। ਸਬਦਿ –ਸ਼ਬਦ ਦੁਆਰਾ। ਅਤੀਤ–ਉਦਾਸ (ਵਿਰੱਕਤ)। ਅਨਾਹਦਿ–ਇਕ ਰਸ। ਰਾਤਾ–ਜੁੜਿਆ ਹਾਂ; ਰੰਗਿਆ ਹਾਂ। ਆਕੁਲ–ਕੁਲ ਰਹਿਤ। ਕੈ–ਦੇ। ਘਰਿ–ਘਰ ਵਿਚ।੧।ਰਹਾਉ। ਸੁਖਮਨਾ–ਜੋਗੀਆਂ ਦੀ ਮੰਨੀ ਹੋਈ ਇਕ ਸੂਖਮ ਨਾੜੀ, ਜੋ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤਕ ਜਾਂਦੀ ਹੈ, ਇਸ ਦੇ ਖੱਬੇ ਪਾਸੇ ਇੜਾ ਅਤੇ ਸੱਜੇ ਪਾਸੇ ਪਿੰਗਲਾ ਮੰਨੀ ਹੋਈ ਹੈ। ਜੋਗੀ ਜਦ ਅਭਿਆਸ ਕਰਕੇ ਪ੍ਰਾਣ ਸੁਖਮਨਾ ਵਿਚ ਚਲਾਉਂਦੇ ਹਨ, ਤਾਂ ਅਨਹਦ ਸ਼ਬਦ ਸੁਣੀਂਦਾ ਦਸਦੇ ਹਨ। ਅਉਰੁ–ਅਤੇ। ਪਉਨੈ ਬੰਧਿ–ਸੁਆਸਾਂ ਨੂੰ ਬੰਨ੍ਹ ਕੇ ਰੱਖਣ ਦਾ ਸਾਧਨ। ਰਹਾਉਗੋ–ਰਹਿਤ ਹਾਂ। ਦੁਇ–ਦੋਵੇਂ। ਸਮ ਕਰਿ–ਇਕੋ ਜਿਹੇ। ਬ੍ਰਹਮ ਜੋਤਿ–ਹਰੀ ਦੀ ਜੋਤ ਵਿਚ।੨। ਨ ਪੈਸਉ–ਪ੍ਰਵੇਸ਼ ਨਹੀਂ ਕਰਦਾ। ਨ ਸਤਾਵਉਗੋ–ਦੁਖੀ ਨਹੀਂ ਕਰਦਾ। ਅਠਸਠਿ–ਅਠਾਹਠ। ਘਟ ਹੀ ਭੀਤਰਿ–ਹਿਰਦੇ ਅੰਦਰ ਹੀ। ਨ੍ਹਾਉਗੋ–ਨ੍ਹਾਉਂਦਾ ਹਾਂ।੩। ਪੰਚ ਸਹਾਈ ਜਨ ਕੀ–ਮੱਦਤ ਕਰਨ ਵਾਲੇ ਚੌਧਰੀ ਲੋਕਾਂ ਦੀ; ਚਾਪਲੂਸ ਲੋਕਾਂ ਦੀ। ਸਿਉ–ਨਾਲ। ਰਾਤਾ–ਰੰਗਿਆ ਗਿਆ। ਸੁੰਨ ਸਮਾਧਿ–ਫੁਰਨਿਆਂ ਤੋਂ ਰਹਿਤ ਸਮਾਧੀ (ਮਨ ਦੀ ਇਕਾਗ੍ਰਤਾ)।੪।੨।

ਮਾਇ ਨ ਹੋਤੀ ਬਾਪੁ ਨ ਹੋਤਾ, ਕਰਮੁ ਨ ਹੋਤੀ ਕਾਇਆ ॥ ਹਮ ਨਹੀ ਹੋਤੇ ਤੁਮ ਨਹੀ ਹੋਤੇ, ਕਵਨੁ ਕਹਾਂ ਤੇ ਆਇਆ ॥੧॥ ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰਿ ਪੰਖਿ ਬਸੇਰਾ ॥੧॥ਰਹਾਉ॥ ਚੰਦੁ ਨ ਹੋਤਾ ਸੂਰੁ ਨ ਹੋਤਾ, ਪਾਨੀ ਪਵਨੁ ਮਿਲਾਇਆ ॥ ਸਾਸਤੁ ਨ ਹੋਤਾ ਬੇਦੁ ਨ ਹੋਤਾ, ਕਰਮੁ ਕਹਾਂ ਤੇ ਆਇਆ ॥੨॥ ਖੇਚਰ ਭੂਚਰ ਤੁਲਸੀ ਮਾਲਾ, ਗੁਰ ਪਰਸਾਦੀ ਪਾਇਆ ॥ ਨਾਮਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰ ਹੋਇ ਲਖਾਇਆ ॥੩॥੩॥ (ਹੇ ਭਾਈ! ਜਦੋਂ) ਮਾਂ ਨਹੀਂ ਸੀ ਹੁੰਦੀ, ਪਿਉ ਨਹੀਂ ਸੀ ਹੁੰਦਾ, (ਤਦੋਂ) ਸਰੀਰ ਵੀ ਨਹੀਂ ਸੀ ਹੁੰਦਾ ਅਤੇ (ਸਰੀਰ ਦਾ ਕੋਈ) ਕਰਮ ਵੀ ਨਹੀਂ ਸੀ। ਅਸੀਂ ਵੀ ਨਹੀਂ ਸੀ ਹੁੰਦੇ, ਤੁਸੀ ਵੀ ਨਹੀਂ ਸੀ ਹੁੰਦੇ, (ਉਦੋਂ) ਕਿਹੜਾ ਜੀਵ ਸੀ (ਤੇ ਉਹ) ਕਿਥੋਂ ਆਇਆ ਸੀ? (ਪ੍ਰਭੂ ਤੋਂ ਬਿਨਾ ਹੋਰ ਕੁਛ ਹੈ ਹੀ ਨਹੀਂ ਸੀ)।੧। ਹੇ ਪ੍ਰਭੂ! ਕੋਈ (ਵੀ

ਜੀਵ) ਕਿਸੇ ਦਾ (ਸਹਾਈ) ਨਹੀਂ।ਜਿਵੇਂ ਦਰੱਖਤਾਂ ਉਤੇ ਪੰਛੀਆਂ ਦਾ ਵਾਸਾ (ਥੋੜੇ ਸਮੇਂ ਵਾਸਤੇ) ਹੁੰਦਾ ਹੈ (ਇਸੇ ਤਰ੍ਹਾਂ ਜੀਵ ਦਾ ਵਾਸਾ ਸੰਸਾਰ ਵਿਚ ਥੋੜੇ ਸਮੇਂ ਵਾਸਤੇ ਹੀ ਹੁੰਦਾ ਹੈ)।੧।ਰਹਾਉ।ਜਦੋਂ ਚੰਦ ਨਹੀਂ ਸੀ ਹੁੰਦਾ, ਸੂਰਜ ਵੀ ਨਹੀਂ ਸੀ ਹੁੰਦਾ, ਪਾਣੀ ਤੇ ਹਵਾ ਆਦਿ ਤੱਤਾਂ ਨੂੰ ਵੀ ਨਹੀਂ ਸੀ ਮਿਲਾਇਆ (ਇਹ ਤੱਤ ਪ੍ਰਭੂ ਵਿਚ ਹੀ ਸਮਿਲਤ ਸਨ, ਇਹ ਤੱਤ ਪੈਦਾ ਨਹੀਂ ਸਨ ਹੋਏ)। ਸ਼ਾਸਤ੍ਰ ਨਹੀਂ ਸੀ ਹੁੰਦਾ, ਬੇਦ ਵੀ ਨਹੀਂ ਸੀ ਹੁੰਦਾ, (ਫਿਰ ਇਨ੍ਹਾਂ ਦਾ ਦੱਸਿਆ) ਕਰਮ ਕਿਥੋਂ ਆ ਗਿਆ? (ਕਰਮ ਵੀ ਨਹੀਂ ਸੀ, ਕੇਵਲ ਪ੍ਰਭੂ ਹੀ ਸੀ)।੨।ਪ੍ਰਾਣਾਂ ਨੂੰ ਹੇਠਾਂ ਉਪਰ ਕਰਨ ਦੇ ਯੋਗ ਸਾਧਨ ਕਰਨ ਅਤੇ ਤੁਲਸੀ ਦੀ ਮਾਲਾ ਫੇਰਨ ਨਾਲ ਹਰੀ ਨਹੀਂ ਮਿਲਦਾ (ਹਰੀ ਨੂੰ) ਮੈਂ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ ਹੈ।ਨਾਮ ਦੇਵ ਜੀ ਆਖਦੇ ਹਨ ਕਿ ਵਾਹਿਗੁਰੂ ਪਰਮ ਤੱਤ ਹੈ, (ਜੋ ਮਨੁੱਖ) ਸਤਿਗੁਰੂ ਦਾ ਸੇਵਕ ਹੋ ਜਾਵੇ (ਉਸ ਨੂੰ ਸਤਿਗੁਰੂ ਵਾਹਿਗੁਰੂ ਦਾ ਗਿਆਨ) ਸਮਝਾ ਦੇਂਦਾ ਹੈ।੩।੩।

ਪਦਾਰਥ = ਮਾਇ–ਮਾਂ।ਨ ਹੋਤੀ–ਨਹੀਂ ਸੀ ਹੁੰਦੀ।ਕਾਇਆ–ਮਨੁੱਖਾ ਸਰੀਰ।ਹਮ–ਅਸੀਂ।ਤੁਮ–ਤੁਸੀਂ।ਹੋਤੇ–ਹੁੰਦੇ ਸੀ।ਕਵਨੁ–ਕਿਹੜਾ (ਕੋਈ ਜੀਵ)।ਕਹਾਂ ਤੇ–ਕਿਸ ਥਾਂ ਤੋਂ।੧।ਰਾਮ–ਹੇ ਸਰਬ ਵਿਆਪਕ ਪ੍ਰਭੂ!।ਕਿਸ ਹੀ ਕੇਰਾ–ਕਿਸੇ ਦਾ।ਤਰਵਰਿ–ਦਰੱਖਤ ਉਤੇ।ਪੰਖਿ–ਪੰਛੀ।ਬਸੇਰਾ–ਵਾਸਾ।੧।ਰਹਾਉ।ਸੂਰੁ–ਸੂਰਜ।ਪਵਨੁ–ਹਵਾ।ਕਰਮੁ–(ਜੀਵਾਂ ਦਾ ਕੀਤਾ ਮਾੜਾ ਚੰਗਾ) ਕਰਮ।੨। ਖੇਚਰ–(ਖੇਚਰੀ ਮੁਦ੍ਰਾ) ਜੀਭ ਗਲੇ ਵਿਚ ਤਾਲੂ ਨਾਲ ਲਾ ਕੇ ਪ੍ਰਾਣ ਰੋਕਣੇ।ਭੂਚਰ–(ਭੂਚਰੀ ਮੁਦ੍ਰਾ) ਭੌਹਾਂ ਦੇ ਵਿਚਕਾਰ ਨਜਰ ਟਿਕਾ ਕੇ ਪ੍ਰਾਣਾਯਾਮ ਕਰਨਾ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਨਾਮਾ ਪ੍ਰਣਵੈ–ਨਾਮ ਦੇਵ ਆਖਦਾ ਹੈ।ਪਰਮ ਤਤੁ–ਪਾਰਬ੍ਰਹਮ। ਲਖਾਇਆ–ਸਮਝਾ ਦੇਂਦਾ ਹੈ।੩।੩।

ਸਾਰੰਸ਼ = ਜਦੋਂ ਸ੍ਰਿਸਟੀ ਹੋਂਦ ਵਿਚ ਨਹੀਂ ਸੀ ਆਈ, ਉਦੋਂ ਹਰੀ ਤੋਂ ਬਿਨਾ ਹੋਰ ਕੁਛ ਨਹੀਂ ਸੀ।ਉਸ ਵੇਲੇ ਦੀ ਹਾਲਤ ਦਸ ਕੇ ਕਰਮ ਕਾਂਡ ਤੇ ਸਾਕਾਰ ਪੂਜਾ ਵੱਲੋਂ ਹਟਾ ਕੇ ਪਰਮ ਤੱਤ ਪ੍ਰਮਾਤਮਾ ਦੀ ਨਿਰਾਕਾਰ ਪੂਜਾ ਦ੍ਰਿੜ੍ਹ ਕਰਾ ਰਹੇ ਹਨ।

ਰਾਮਕਲੀ ਘਰੁ ੨ ॥ ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ, ਅਗਨਿ ਦਹੈ ਕਾਇਆ ਕਲਪੁ ਕੀਜੈ ॥ ਅਸੁਮੇਧ ਜਗੁ ਕੀਜੈ, ਸੋਨਾ ਗਰਭ ਦਾਨੁ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ ॥੧॥ ਛੋਡਿ ਛੋਡਿ ਰੇ ਪਾਖੰਡੀ, ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ਰਹਾਉ॥ ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨ੍ਹਾਈਐ, ਗੋਮਤੀ ਸਹਸ ਗਊ ਦਾਨੁ ਕੀਜੈ ॥ ਕੋਟਿ ਜਉ ਤੀਰਥ ਕਰੈ, ਤਨੁ ਜਉ ਹਿਵਾਲੇ ਗਾਰੈ, ਰਾਮ ਨਾਮ ਸਰਿ ਤਊ ਨ ਪੂਜੈ ॥੨॥ ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ, ਐਸੋ ਦਾਨੁ ਨਿਤ ਨਿਤਹਿ ਕੀਜੈ ॥ ਆਤਮ ਜਉ ਨਿਰਮਾਇਲੁ ਕੀਜੈ, ਆਪ ਬਰਾਬਰਿ ਕੰਚਨੁ ਦੀਜੈ, ਰਾਮ ਨਾਮ ਸਰਿ ਤਊ ਨ ਪੂਜੈ ॥੩॥ ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ,ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ,ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥ (ਹੇ ਭਾਈ! ਜੇ ਕੋਈ ਮਨੁੱਖ) ਬਨਾਰਸ ਵਿਚ ਜਾ ਕੇ ਤਪ ਕਰੇ, ਤੀਰਥ ਵਿਚ ਉਲਟ ਕੇ ਮਰ ਜਾਵੇ, (ਅਪਣੇ ਆਪ ਨੂੰ) ਅੱਗ ਵਿਚ ਸਾੜ ਦੇਵੇ, ਜੋਗ ਸਾਧਨਾਂ ਨਾਲ ਜਾਂ ਦਵਾਈਆਂ ਨਾਲ ਸਰੀਰ ਨੂੰ ਲੰਬੀ ਉਮਰ ਵਾਲਾ ਕਰ ਲਵੇ।(ਭਾਵੇਂ ਮਨੁੱਖ) ਅਸਮੇਧ ਜੱਗ ਕਰ ਲਵੇ, ਸੋਨਾ ਪੇਠੇ ਵਿਚ ਛੁਪਾ ਕੇ ਗੁਪਤ ਦਾਨ ਕਰ ਲਵੇ, ਤਾਂ ਵੀ (ਇਹ ਸਾਰੇ ਸਾਧਨ) ਪ੍ਰਮਾਤਮਾ ਦੇ ਨਾਮ ਦੇ ਬਰਾਬਰ ਨਹੀਂ ਪਹੁੰਚ ਸਕਦੇ।੧।ਹੇ ਪਖੰਡੀ ਮਨੁੱਖ! ਮਨ ਕਰਕੇ ਕਪਟ ਨਾ ਕਰ, ਕਰਮ ਕਾਂਡ ਛਡ ਕੇ ਹਰੀ ਦਾ ਨਾਮ ਹਰ ਰੋਜ ਜਪਣਾ ਚਾਹੀਦਾ ਹੈ।੧।ਰਹਾਉ।(ਹੇ ਪਖੰਡੀ ਮਨੁੱਖ!) ਜੇ ਗੰਗਾ ਤੇ ਗੋਦਾਵਰੀ ਦੇ ਕੰਭ ਸਮੇਂ ਜਾਈਏ ਤੇ ਨ੍ਹਾਈਏ, ਜੇ ਕੇਦਾਰ ਨਾਥ ਤੀਰਥ ਤੇ ਜਾ ਕੇ ਨ੍ਹਾਈਏ ਅਤੇ ਗੋਮਤੀ ਨਦੀ ਵਿਚ ਇਸ਼ਨਾਨ ਕਰਕੇ ਹਜਾਰਾਂ ਗਊਆਂ ਦਾਨ ਕਰ ਦੇਈਏ।ਜੇ (ਕੋਈ ਮਨੁੱਖ) ਕ੍ਰੋੜਾਂ ਤੀਰਥਾਂ ਦੀ ਯਾਤਰਾ ਕਰੇ, ਅਪਣਾ ਸਰੀਰ ਹਿਮਾਲਾ ਪਹਾੜ ਦੀ ਬਰਫ ਵਿਚ ਗਾਲ ਦੇਵੇ, ਤਾਂ ਵੀ (ਇਹ ਸਾਰੇ ਕੀਤੇ ਕਰਮ) ਰਾਮ ਦੇ ਨਾਮ ਬਰਾਬਰ ਨਹੀਂ ਪੁਜ ਸਕਦੇ।੨।ਘੋੜੇ ਦਾਨ, ਹਾਥੀ ਦਾਨ, ਸਿਹਜਾ ਦੇ ਸਮੇਤ ਇਸਤ੍ਰੀ ਦਾ ਦਾਨ {ਅਰਪੈ ਨਾਰਿ ਸੀਗਾਰ ਸਮੇਤਿ ੮੭੫} ਤੇ ਜਮੀਨ ਦਾਨ ਆਦਿਕ ਇਹੋ ਜਿਹਾ ਦਾਨ ਹਰ ਰੋਜ ਕਰੀਏ।ਜੇ (ਅਪਣੇ) ਸਰੀਰ ਨੂੰ ਸ਼ੁੱਧ ਕਰ ਲਈਏ ਅਤੇ ਅਪਣੇ ਬਰਾਬਰ ਦਾ ਤੋਲ ਕੇ ਸੋਨਾ ਦਾਨ ਕਰ ਦਈਏ, ਤਾਂ ਵੀ (ਇਹ ਸਾਰੇ ਕਰਮ) ਰਾਮ ਦੇ ਨਾਮ ਬਰਾਬਰ ਨਹੀਂ ਪੁਜ ਸਕਦੇ।੩।(ਹੇ ਪਖੰਡੀ ਮਨੁੱਖ! ਉਪਰ ਦੱਸੇ ਕਰਮ ਕਾਂਡ ਦਾ ਖੰਡਨ ਕੀਤੇ ਦਾ) ਮਨ ਵਿਚ ਰੋਸ ਨਹੀ ਕਰਨਾ ਚਾਹੀਦਾ, ਜਮ ਨੂੰ ਵੀ ਦੋਸ਼ ਨਹੀਂ ਦੇਣਾ ਚਾਹੀਦਾ (ਕਿਉਂਕਿ ਕਰਮ ਕਾਂਡ ਕਰਨ ਨਾਲ ਜਮ ਤੋਂ ਬਚਿਆ ਨਹੀਂ ਜਾ ਸਕਦਾ, ਜਮ ਤੋਂ ਬਚਣ ਲਈ) ਪਵਿਤ੍ਰ ਮੋਖ ਪਦ ਨੂੰ ਪਛਾਣ ਲਈਏ।(ਕਰਮ ਕਾਂਡ ਛਡ ਕੇ) ਨਾਮ ਤੱਤ ਜੋ ਅੰਮ੍ਰਿਤ ਰਸ ਹੈ, (ਉਸ ਨੂੰ) ਪੀਣਾ ਚਾਹੀਦਾ ਹੈ, ਨਾਮ ਦੇਵ ਜੀ ਆਖਦੇ ਹਨ ਕਿ (ਪ੍ਰਭੂ ਦਾ ਨਾਮ ਹੀ) ਮੇਰਾ ਰਾਜਾ ਰਾਮ ਚੰਦਰ ਹੈ, ਜੋ ਰਾਜਾ ਦਸਰਥ ਦਾ ਪੁਤ੍ਰ ਹੈ ਭਾਵ ਲੋਕ ਰਾਮ ਚੰਦ੍ਰ ਨੂੰ ਭਗਵਾਨ ਸਮਝ ਕੇ ਪੂਜਦੇ ਹਨ, ਮੇਰੇ ਲਈ ਪ੍ਰਭੂ ਦਾ ਨਾਮ ਸਰਬ ਉਤਮ ਹੈ।੪।੪।

ਪਦਾਰਥ = ਬਾਨਾਰਸੀ-ਬਨਾਰਸ ਵਿਚ।ਉਲਟਿ-ਉਲਟ ਕੇ।ਅਗਨਿ ਦਹੈ-ਅੱਗ ਵਿਚ ਸਾੜ ਦੇਵੇ।ਕਾਇਆ ਕਲਪ-ਸਰੀਰ ਨੂੰ ਜੋਗਾ ਅਭਿਆਸ ਜਾਂ ਦਵਾਈਆਂ ਨਾਲ ਅਰੋਗ ਰੱਖ ਕੇ ਚਿਰੰਜੀਵੀ ਹੋ ਜਾਵੇ।ਅਸੁਮੇਧ ਜਗੁ-ਘੋੜੇ ਦੀ ਕੁਰਬਾਨੀ ਵਾਲਾ ਜੱਗ।ਗਰਭ ਦਾਨੁ-ਧਨ ਜਾਂ ਸੋਨਾ ਪੇਠੇ ਆਦਿ ਫਲ ਵਿਚ ਛੁਪਾ ਕੇ ਦਾਨ ਦੇਣਾ।ਸਰਿ-ਬਰਾਬਰ।ਤਊ-ਤਾਂ ਵੀ।ਨ ਪੂਜੈ-ਨਹੀਂ ਪਹੁੰਚ ਸਕਦਾ।੧। ਰੇ ਪਾਖੰਡੀ ਮਨ-ਹੇ ਪਖੰਡੀ ਮਨ ਵਾਲੇ ਮਨੁੱਖ!।ਨਿਤ ਨਿਤਹਿ-ਹਰ ਰੋਜ ਸਦਾ।ਲੀਜੈ-ਲੈਣਾ (ਜਪਣਾ) ਚਾਹੀਦਾ ਹੈ।੧।ਰਹਾਉ। ਗੋਦਾਵਰਿ-ਦੱਖਣ ਵਿਚ ਗੋਦਾਵਰੀ ਨਦੀ ਹੈ।ਕੁੰਭਿ-੧੨ ਸਾਲ ਬਾਦ ਹਰਿਦੁਆਰ, ਪ੍ਰਯਾਗ, ਨਾਸਕ ਤੇ ਉਜੈਨ ਸਥਾਨਾਂ ਤੇ ਕੁੰਭ ਦਾ ਮੇਲਾ ਹੁੰਦਾ ਹੈ।ਕੇਦਾਰ-ਹਿਮਾਲਾ ਪਰਬਤ ਤੇ ਕੇਦਾਰ ਨਾਥ ਦਾ ਤੀਰਥ ਹੈ।ਨ੍ਹਾਈਐ-ਇਸ਼ਨਾਨ ਕਰੀਏ।ਗੋਮਤੀ-ਯੂ.ਪੀ ਵਿਚ ਇਕ ਨਦੀ।ਸਹਸ-ਹਜਾਰਾਂ।ਕੋਟਿ-ਕ੍ਰੋੜਾਂ।ਤਨੁ-ਸਰੀਰ ਨੂੰ।ਹਿਵਾਲੇ-ਹਿਮਾਲਾ ਪਹਾੜ ਦੀ ਬਰਫ ਵਿਚ।ਗਾਰੈ-ਗਾਲ ਦੇਵੇ।੨।ਅਸੁ-ਘੋੜੇ।ਗਜ-ਹਾਥੀ।ਸਿਹਜਾ-ਪਲੰਘ।ਨਾਰੀ-ਇਸਤ੍ਰੀ।ਭੂਮਿ-ਜਮੀਨ।ਆਤਮੁ-ਅਪਣੇ ਆਪ ਨੂੰ; ਸਰੀਰ ਨੂੰ।ਨਿਰਮਾਇਲੁ ਕੀਜੈ-ਸ਼ੁੱਧ ਕਰ ਲਈਏ; ਦੇਵਤਿਆਂ ਦੇ ਭੇਟ ਕਰ ਦੇਈਏ; ਦੇਵਤਿਆਂ ਦੇ ਬਲੀਦਾਨ ਕਰ ਦੇਈਏ।ਕੰਚਨੁ-ਸੋਨਾ।੩।ਮਨਹਿ-ਮਨ ਵਿਚ। ਰੋਸੁ-ਗੁੱਸਾ ਗਿਲਾ।ਜਮਹਿ-ਜਮ ਨੂੰ।ਨਿਰਮਲ-ਪਵਿਤ੍ਰ।ਨਿਰਬਾਣ ਪਦੁ-ਵਾਸ਼ਨਾ ਰਹਿਤ ਪਦਵੀ; ਮੋਖ ਪਦ।ਚੀਨਿ੍ ਲੀਜੈ-ਪਛਾਣ ਲਈਏ।ਜਸਰਥ ਰਾਇ-ਰਾਜਾ-ਜਸਰਥ।ਨੰਦੁ-ਪੁਤ੍ਰ।ਪ੍ਰਣਵੈ-ਆਖਦਾ ਹੈ।ਪੀਜੈ-ਪੀਣਾ ਚਾਹੀਦਾ ਹੈ।੪।੪।

ਸਾਰੰਸ਼ = ਤਪ, ਤੀਰਥ ਇਸ਼ਨਾਨ, ਦਾਨ, ਮੂਰਤੀ ਪੂਜਾ ਆਦਿ ਧਾਰਮਕ ਕਰਮ ਪ੍ਰਮਾਤਮਾ ਦੇ ਨਾਮ ਦੇ ਬਰਾਬਰ ਨਹੀਂ ਪੁਜ ਸਕਦੇ।

ਰਾਮਕਲੀ ਬਾਣੀ ਰਵਿਦਾਸ ਜੀ ਕੀ ੧ੴ ਸਤਿਗੁਰ ਪ੍ਰਸਾਦਿ ॥ ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ ॥ ਲੋਹਾ ਕੰਚਨੁ ਹਿਰਨ ਹੋਇ ਕੈਸੇ, ਜਉ ਪਾਰਸਹਿ ਨ ਪਰਸੈ ॥੧॥ ਦੇਵ ਸੰਸੈ ਗਾਂਠਿ ਨ ਛੂਟੈ ॥ ਕਾਮ ਕ੍ਰੋਧ ਮਾਇਆ ਮਦ ਮਤਸਰ, ਇਨ ਪੰਚਹੁ ਮਿਲਿ ਲੂਟੇ ॥੧॥ਰਹਾਉ॥ (ਹੇ ਭਾਈ! ਧਰਮ ਗ੍ਰੰਥਾਂ ਨੂੰ) ਪੜ੍ਹੀਦਾ ਹੈ, ਵਿਚਾਰੀਦਾ ਹੈ ਅਤੇ ਪ੍ਰਭੂ ਦੇ ਸਾਰੇ ਨਾਵਾਂ ਨੂੰ ਸੁਣੀਦਾ ਵੀ ਹੈ, (ਵਿਸ਼ੇ ਵਿਕਾਰਾਂ ਦੇ ਕਾਰਣ) ਅਨੁਭਵੀ ਗਿਆਨ ਤੇ ਪ੍ਰੇਮ ਸਰੂਪ ਪ੍ਰਭੂ ਦਾ ਦਰਸ਼ਨ (ਫਿਰ ਵੀ) ਨਹੀਂ ਹੁੰਦਾ।ਜਦ ਤਕ ਲੋਹਾ ਪਾਰਸ ਨੂੰ ਨਹੀਂ ਛੋਂਹਦਾ, (ਤਾਂ ਉਹ) ਸ਼ੁੱਧ ਸੋਨਾ ਕਿਵੇਂ ਹੋ ਸਕਦਾ ਹੈ? (ਨਹੀਂ ਬਣ ਸਕਦਾ।ਇਸੇ ਤਰ੍ਹਾਂ ਗੁਰੂ ਨੂੰ ਮਿਲੇ ਬਿਨਾ ਮਨੁੱਖ ਹਰੀ ਰੂਪ ਨਹੀਂ ਬਣ ਸਕਦਾ)।੧।ਹੇ ਪ੍ਰਕਾਸ਼ ਸਰੂਪ ਪ੍ਰਭੂ! ਜੀਵ ਦੇ ਸੰਸਿਆਂ ਦੀ ਗੰਢ ਛੁਟਦੀ (ਖੁਲ੍ਹਦੀ) ਨਹੀਂ।ਕਾਮ, ਕ੍ਰੋਧ, ਮਾਇਆ, ਹੰਕਾਰ ਤੇ ਈਰਖਾ, ਇਨ੍ਹਾਂ ਪੰਜਾਂ ਨੇ ਮਿਲ ਕੇ (ਜੀਵ ਪਾਸੋਂ ਦੈਵੀ ਗੁਣ) ਲੁੱਟ ਲਏ ਹਨ।੧।ਰਹਾਉ।

ਅੰਗ ੯੭੪ = ਹਮ ਬਡ ਕਬਿ ਕੁਲੀਨ, ਹਮ ਪੰਡਿਤ, ਹਮ ਜੋਗੀ ਸੰਨਿਆਸੀ ॥ ਗਿਆਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹਿ ਨ ਨਾਸੀ ॥੨॥ ਕਹੁ ਰਵਿਦਾਸ ਸਭੈ ਨਹੀ ਸਮਝਸਿ, ਭੂਲਿ ਪਰੇ ਜੈਸੇ ਬਉਰੇ ॥ ਮੋਹਿ ਅਧਾਰੁ ਨਾਮੁ ਨਾਰਾਇਨ, ਜੀਵਨ ਪ੍ਰਾਨ ਧਨ ਮੋਰੇ ॥੩॥੧॥ ਅਸੀਂ ਵੱਡੇ ਕਵੀ ਹਾਂ, ਉਚੀ ਕੁਲ ਵਾਲੇ ਹਾਂ, ਅਸੀਂ ਪੰਡਤ ਹਾਂ, ਅਸੀਂ ਜੋਗੀ ਹਾਂ ਅਤੇ ਸੰਨਿਆਸੀ ਹਾਂ। ਅਸੀਂ ਗਿਆਨਵਾਨ ਹਾਂ, ਗੁਣਵਾਨ ਹਾਂ, ਸੂਰਬੀਰ ਹਾਂ, ਦਾਤੇ ਹਾਂ, ਇਹ (ਹੰਕਾਰ ਵਾਲੀ) ਬੁਧੀ ਕਦੇ ਨਹੀਂ ਨਾਸ਼ ਹੋਈ।੨।ਰਵਿਦਾਸ ਜੀ ਆਖਦੇ ਹਨ ਕਿ ਜਿਵੇਂ ਕਮਲੇ ਮਨੁੱਖ ਭੁੱਲ ਵਿਚ ਪਏ ਰਹਿੰਦੇ ਹਨ, (ਇਸੇ ਤਰ੍ਹਾਂ) ਸਾਰੇ ਲੋਕ ਸਮਝਦੇ ਨਹੀਂ (ਕੁਰਾਹੇ ਪਏ ਹੋਏ ਹਨ)।ਮੈਨੂੰ ਵਾਹਿਗੁਰੂ ਦਾ ਨਾਮ ਹੀ ਆਸਰਾ ਹੈ, (ਨਾਮ ਹੀ) ਮੇਰਾ ਜੀਵਨ, ਪ੍ਰਾਣ ਤੇ ਧਨ ਹੈ।੩।੧।

ਪਦਾਰਥ = ਪੜੀਐ-ਪੜ੍ਹੀਦਾ ਹੈ।ਗੁਨੀਐ-ਵਿਚਾਰੀਦਾ ਹੈ।ਸੁਨੀਐ-ਸੁਣੀਦਾ ਹੈ।ਅਨਭਉ-ਪ੍ਰਭੂ।ਭਾਉ-ਪ੍ਰੇਮ।ਨ ਦਰਸੈ-ਦਰਸ਼ਨ ਨਹੀਂ ਹੁੰਦਾ।ਕੰਚਨੁ-ਸੋਨਾ।ਹਿਰਨ-ਸੋਨਾ।ਜਉ-ਜਦ।ਪਾਰਸਹਿ-ਪਾਰਸ ਨੂੰ।ਨ ਪਰਸੈ-ਛੋਂਹਦਾ ਨਹੀਂ।੧।ਦੇਵ-ਹੇ ਪ੍ਰਭੂ!।ਸੰਸੈ ਗਾਂਠਿ-ਸੰਸਿਆਂ (ਸ਼ੱਕ ਜਾਂ ਭਰਮ) ਦੀ ਗੰਢ।ਨ ਛੂਟੈ-ਖੁਲ੍ਹਦੀ ਨਹੀਂ।ਮਦ-ਹੰਕਾਰ।ਮਤਸਰ-ਈਰਖਾ; ਸਾੜਾ।ਇਨ ਪੰਚਹੁ-ਇਨ੍ਹਾਂ ਪੰਜਾਂ ਨੇ।ਲੂਟੇ-ਲੁੱਟ ਲਏ ਹਨ।੧।ਰਹਾਉ।ਹਮ-ਅਸੀਂ।ਬਡ-ਵੱਡੇ।ਕਬਿ-ਕਵੀ।ਕੁਲੀਨ-ਉਚੀ ਕੁਲ ਵਾਲੇ।ਪੰਡਿਤ-ਵਿਦਵਾਨ। ਗੁਨੀ-ਗੁਣਵਾਨ।ਸੂਰ-ਸੂਰਵੀਰ।ਕਬਹਿ-ਕਦੇ ਵੀ।ਨਾਸ-ਨਾਸ ਹੋਈ।੨।ਸਭੈ-ਸਾਰੇ ਲੋਕ।ਭੂਲਿ ਪਰੇ-ਭੁੱਲ ਵਿਚ ਪਏ ਹੋਏ ਹਨ। ਬਉਰੇ-ਕਮਲੇ ਮਨੁੱਖ।ਮੋਹਿ-ਮੈਨੂੰ।ਅਧਾਰੁ-ਆਸਰਾ।ਮੋਰੇ-ਮੇਰਾ।੩।੧।

ਰਾਮਕਲੀ ਬਾਣੀ ਬੇਣੀ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥ ਇੜਾ ਪਿੰਗੁਲਾ ਅਉਰ ਸੁਖਮਨਾ, ਤੀਨਿ ਬਸਹਿ ਇਕ ਠਾਈ ॥ ਬੇਣੀ ਸੰਗਮੁ ਤਹ ਪਿਰਾਗੁ ,ਮਨੁ ਮਜਨੁ ਕਰੇ ਤਿਥਾਈ ॥੧॥ ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥ ਤਹਾਂ ਨਿਰੰਜਨੁ ਰਮਈਆ ਹੋਇ ॥੧॥ਰਹਾਉ॥ ਦੇਵ ਸਥਾਨੈ ਕਿਆ ਨੀਸਾਣੀ ॥ ਤਹ ਬਾਜੇ ਸਬਦ ਅਨਾਹਦ ਬਾਣੀ ॥ ਤਹ ਚੰਦੁ ਨ ਸੂਰਜੁ ,ਪਉਣੁ ਨ ਪਾਣੀ ॥ ਸਾਖੀ ਜਾਗੀ, ਗੁਰਮੁਖਿ ਜਾਣੀ ॥੨॥ ਉਪਜੈ ਗਿਆਨੁ ,ਦੁਰਮਤਿ ਛੀਜੈ ॥ ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ ਏਸੁ ਕਲਾ ਜੋ ਜਾਣੈ ਭੇਉ ॥ ਭੇਟੈ ਤਾਸੁ ਪਰਮ ਗੁਰਦੇਉ ॥੩॥ ਦਸਮ ਦੁਆਰਾ ਅਗਮ ਅਪਾਰਾ, ਪਰਮ ਪੁਰਖ ਕੀ ਘਾਟੀ

॥ ਊਪਰਿ ਹਾਟੁ ਹਾਟ ਪਰਿ ਆਲਾ, ਆਲੇ ਭੀਤਰਿ ਥਾਤੀ ॥੪॥ ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥ ਬੀਜ ਮੰਤ੍ਰੁ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥ (ਜਿਸ ਮਨੁੱਖ ਨੂੰ ਵਾਹਿਗੁਰੂ ਦਾ ਅਨੁਭਵ ਹੋ ਜਾਂਦਾ ਹੈ, ਉਸ ਨੂੰ ਸਮਝ ਆ ਜਾਂਦੀ ਹੈ ਕਿ) ਚੰਦ੍ਰਮਾ ਦੀ ਸੱਜੀ ਸੁਰ, ਸੂਰਜ ਦੀ ਖੱਬੀ ਸੁਰ ਅਤੇ ਸੁਖਮਨਾ ਇਹ ਤਿੰਨੇ ਸੁਰਾਂ ਇਕ ਜਗ੍ਹਾ (ਦਸਮ ਦੁਆਰ) ਵਿਚ ਵਸਦੀਆਂ ਹਨ। ਉਥੇ ਤ੍ਰਿਬੇਣੀ ਵਿਚ ਗੰਗਾ ਜਮੁਨਾ ਤੇ ਸੁਰੱਸਤੀ ਦਾ ਸੰਗਮ ਪਿਰਾਗ ਤੀਰਥ ਹੈ, ਉਥੇ ਹੀ (ਪਿਰਾਗ ਤੀਰਥ ਵਿਚ) ਮਨ ਇਸ਼ਨਾਨ ਕਰਦਾ ਹੈ (ਹੁਣ ਉਸ ਮਨੁੱਖ ਨੂੰ ਨਾ ਤੀਰਥਾਂ ਤੇ ਜਾਣ ਦੀ ਲੋੜ ਹੈ ਅਤੇ ਨਾ ਹੀ ਪ੍ਰਾਣਾਯਾਮ ਦੀ ਲੋੜ ਹੈ)।੧। ਹੇ ਸੰਤ ਜਨੋਂ! ਉਥੇ (ਦਸਮ ਦੁਆਰ ਵਿਚ) ਮਾਇਆ ਰਹਿਤ ਪ੍ਰਭੂ ਵਸਦਾ ਹੈ। ਕੋਈ ਵਿਰਲਾ ਮਨੁੱਖ ਗੁਰੂ ਦੀ ਸ਼ਰਣ ਵਿਚ ਪਹੁੰਚ ਕੇ ਪ੍ਰਭੂ ਨੂੰ ਜਾਣਦਾ ਹੈ। ਉਥੇ (ਦਸਮ ਦੁਆਰ ਵਿਚ ਪਹੁੰਚਣ ਵਾਲਾ ਮਨੁੱਖ) ਮਾਇਆ ਤੋਂ ਨਿਰਲੇਪ ਪ੍ਰਭੂ ਦਾ ਰੂਪ ਹੋ ਜਾਂਦਾ ਹੈ।੧। ਰਹਾਉ। (ਪ੍ਰਸ਼ਨ, ਉਪਰ ਦੱਸੇ) ਪ੍ਰਭੂ ਦੇ ਅਸਥਾਨ ਦੀ ਕੀ ਨਿਸ਼ਾਨੀ ਹੈ? (ਉਤਰ) ਉਥੇ ਅਨਾਹਦ ਸ਼ਬਦ ਦੀ ਬਾਣੀ ਦੇ ਬਾਜੇ ਵਜਦੇ ਹਨ। ਉਥੇ ਨਾ ਚੰਦ ਹੈ, ਨਾ ਸੂਰਜ ਹੈ ਅਤੇ ਨਾ ਹੀ ਹਵਾ ਤੇ ਪਾਣੀ ਹਨ (ਉਥੇ ਇੰਨੀ ਪੂਰਨਤਾ ਹੈ ਕਿ ਬਾਹਰਲੇ ਚੰਦ ਸੂਰਜ ਪੌਣ ਪਾਣੀ ਦੀ ਮਨੁੱਖ ਲੋੜ ਪ੍ਰਤੀਤ ਨਹੀਂ ਕਰਦਾ)। ਗੁਰੂ ਦੀ ਸਿੱਖਿਆ ਦੁਆਰਾ (ਜਿਸ ਮਨੁੱਖ ਦੀ) ਸੁਰਤ ਜਾਗ ਪੈਂਦੀ ਹੈ, (ਉਸ ਨੇ ਇਹ ਅਵਸਥਾ) ਜਾਣੀ ਹੈ।੨। (ਉਸ ਅਵਸਥਾ ਵਿਚ ਬ੍ਰਹਮ) ਗਿਆਨ ਪੈਦਾ ਹੁੰਦਾ ਹੈ, (ਜਿਸ ਨਾਲ) ਖੋਟੀ ਮੱਤ ਨਾਸ਼ ਹੋ ਜਾਂਦੀ ਹੈ। ਦਸਮ ਦੁਆਰ ਵਿਚ (ਮਨੁੱਖ ਦਾ ਮਨ) ਨਾਮ ਦੇ ਅੰਮ੍ਰਿਤ ਰਸ ਨਾਲ ਭਿੱਜ (ਪ੍ਰਸੰਨ ਹੋ) ਜਾਂਦਾ ਹੈ। ਜਿਹੜਾ ਮਨੁੱਖ (ਦਸਮ ਦੁਆਰ ਦੀ) ਇਸ ਕਲਾ ਦਾ ਭੇਦ ਜਾਣ ਲੈਂਦਾ ਹੈ। ਉਸ ਨੂੰ ਪਰਮ ਗੁਰਦੇਵ ਮਿਲ ਪੈਂਦਾ ਹੈ।੩। ਦਸਮ ਦੁਆਰ (ਮਨ ਬਾਣੀ ਤੇ ਦੇਸ਼ ਕਾਲ ਵਸਤੂ ਤੋਂ) ਪਰੇ ਹੈ ਅਤੇ ਉਹ ਬੇਅੰਤ ਪ੍ਰਮੇਸ਼ਰ ਦੇ ਰਹਿਣ ਦੀ ਥਾਂ ਹੈ। ਜੀਵਾਂ ਦੀ ਸ਼ਰੇਣੀ ਵਿਚ ਸਭ ਤੋਂ ਉਪਰ ਮਨੁੱਖਾ ਸਰੀਰ ਰੂਪ ਹੱਟ ਹੈ, ਉਸ ਹੱਟ ਦੇ ਉਪਰ ਸਿਰ ਰੂਪ ਆਲਾ ਹੈ ਅਤੇ ਆਲੇ ਦੇ ਅੰਦਰ ਦਿਮਾਗ ਰੂਪ ਥੈਲੀ ਹੈ।੪। (ਜੋ ਮਨੁੱਖ ਇਸ ਦੱਸੀ ਥੈਲੀ ਵਿਚ ਬਿਰਤੀ ਲਾ ਕੇ) ਗਿਆਨ ਅਵਸਥਾ ਵਿਚ ਜਾਗਦਾ ਰਹਿੰਦਾ ਹੈ, ਉਹ ਕਦੇ (ਅਗਿਆਨਤਾ ਦੀ ਨੀਂਦ ਵਿਚ) ਨਹੀਂ ਸੌਂਦਾ। (ਉਸ ਦੀ) ਸਮਾਧੀ ਵਿਚ ਤਿੰਨਾਂ ਗੁਣਾਂ ਵਾਲੀ ਤ੍ਰਿਲੋਕੀ (ਦੁਨੀਆਂ) ਅਲੋਪ ਹੋ ਜਾਏਗੀ। (ਫਿਰ ਉਹ) ਬੀਜ ਮੰਤ੍ਰ (ਵਾਹਿਗੁਰੂ ਦਾ ਨਾਮ) ਲੈ ਕੇ ਹਿਰਦੇ ਵਿਚ ਟਿਕਾਈ ਰਖਦਾ ਹੈ। ਅਤੇ (ਉਸ ਦਾ) ਮਨ ਮਾਇਆ ਵੱਲੋਂ ਉਲਟ ਕੇ ਅਫੁਰ ਪ੍ਰਭੂ ਵਿਚ ਟਿਕਿਆ ਰਹਿੰਦਾ ਹੈ।੫।

ਪਦਾਰਥ = ਬੇਣੀ–ਭਗਤ ਦਾ ਨਾਮ ਹੈ। ਇੜਾ–ਨੱਕ ਦੀ ਖੱਬੀ ਨਾੜੀ (ਗੰਗਾ)। ਪਿੰਗੁਲਾ–ਨੱਕ ਦੀ ਸੱਜੀ ਨਾੜੀ (ਜਮੁਨਾ)। ਅਉਰ–ਅਤੇ। ਸੁਖਮਨਾ–ਨੱਕ ਦੇ ਉਪਰ ਨਾੜੀ, ਜਿੱਥੇ ਜੋਗੀ ਲੋਕ ਪ੍ਰਾਣ ਟਿਕਾਉਂਦੇ ਹਨ (ਇੜਾ ਪਿੰਗਲਾ ਨਾੜੀਆਂ ਇਥੇ ਮਿਲਦੀਆਂ ਹਨ)। ਤੀਨਿ–ਤਿੰਨੇ ਨਾੜੀਆਂ (ਇੜਾ ਪਿੰਗਲਾ ਤੇ ਸੁਖਮਨਾ)। ਬਸਹਿ–ਵਸਦੀਆਂ ਹਨ। ਇਕ ਠਾਈ–ਇਕ ਥਾਂ। ਬੇਣੀ ਸੰਗਮੁ–ਤ੍ਰਿਬੇਣੀ (ਗੰਗਾ ਜਮੁਨਾ ਤੇ ਸੁਰੱਸਤੀ) ਦਾ ਮੇਲ। ਤਹ–ਉਥੇ। ਪਿਰਾਗੁ–ਪ੍ਰਯਾਗ ਤੀਰਥ। ਮਜਨੁ–ਇਸ਼ਨਾਨ।੧। ਸੰਤਹੁ–ਹੇ ਸੰਤ ਜਨੋਂ!। ਤਹਾ–ਉਥੇ। ਨਿਰੰਜਨ–ਮਾਇਆ ਤੋਂ ਨਿਰਲੇਪ। ਰਾਮੁ–ਵਿਆਪਕ ਪ੍ਰਭੂ। ਗੁਰ ਗਮਿ–ਗੁਰੂ ਦੀ ਸ਼ਰਣ ਵਿਚ ਪੁਹੁੰਚ ਕੇ। ਚੀਨੈ–ਜਾਣਦਾ ਹੈ। ਰਮਈਆ–ਵਿਆਪਕ ਪ੍ਰਭੂ।੧। ਰਹਾਉ। ਦੇਵ ਸਥਾਨੈ–ਪ੍ਰਭੂ ਦੇ ਅਸਥਾਨ ਦੀ। ਬਾਜੇ–ਵਜਦੇ ਹਨ। ਬਾਜੇ ਅਨਾਹਦ–ਅਪਣੇ ਆਪ ਬਿਨਾ ਵਜਾਏ ਵਜਣ ਵਾਲੇ ਵਾਜੇ। ਸਾਖੀ–ਸਿੱਖਿਆ ਦੁਆਰਾ। ਜਾਗੀ–(ਸੁਰਤ) ਜਾਗ ਪੈਂਦੀ ਹੈ। ਗੁਰਮੁਖਿ–ਗੁਰੂ ਦੀ।੨। ਦੁਰਮਤਿ–ਖੋਟੀ ਮੱਤ। ਛੀਜੈ–ਨਾਸ਼ ਹੋ ਜਾਂਦੀ ਹੈ। ਅੰਮ੍ਰਿਤ ਰਸਿ–ਨਾਮ ਦੇ ਅੰਮ੍ਰਿਤ ਰਸ ਨਾਲ। ਗਗਨੰਤਰਿ–ਦਸਮ ਦੁਆਰ (ਪ੍ਰਭੂ ਦੇ ਅਸਥਾਨ) ਵਿਚ। ਭੀਜੈ–ਭਿੱਜ ਜਾਂਦਾ ਹੈ। ਏਸੁ ਕਲਾ–ਇਸ ਹੁੱਨਰ ਦਾ। ਭੇਉ–ਭੇਦ। ਭੇਟੈ–ਮਿਲ ਪੈਂਦਾ ਹੈ। ਤਾਸੁ–ਉਸ ਨੂੰ। ਪਰਮ ਗੁਰਦੇਉ–ਸਭ ਤੋਂ ਉਚਾ ਪ੍ਰਭੂ।੩। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰਾ–ਬੇਅੰਤ। ਪਰਮ ਪੁਰਖ–ਪ੍ਰਮੇਸਰ। ਘਾਟੀ–ਥਾਂ। ਹਾਟ–ਮਨੁੱਖਾ ਸਰੀਰ ਰੂਪ ਹੱਟ। ਆਲਾ–ਤਾਕੀ; ਰਖਨਾ। ਭੀਤਰਿ–ਅੰਦਰ। ਥਾਤੀ–ਥੈਲੀ।੪। ਸੁ–ਉਹ। ਕਬਹੁ–ਕਦੇ ਵੀ। ਤੀਨਿ ਤਿਲੋਕ–ਤਿੰਨਾਂ ਗੁਣਾਂ ਵਾਲੀ ਤ੍ਰਿਲੋਕੀ (ਦੁਨੀਆਂ)। ਸਮਾਧਿ–ਸਮਾਧੀ ਵਿਚ। ਪਲੋਵੈ–ਅਲੋਪ ਹੋ ਜਾਏਗੀ। ਬੀਜ ਮੰਤ੍ਰੁ–ਹਰੀ ਦਾ ਨਾਮ ਜੋ ਬੀਜ ਦੇ ਤੌਰ ਤੇ ਹਰੇਕ ਜੀਵ ਦੇ ਅੰਦਰ ਹੈ। ਲੈ–ਲੈ (ਜਪ) ਕੇ। ਹਿਰਦੈ ਰਹੈ–ਹਿਰਦੇ ਵਿਚ ਟਿਕਾਈ ਰਖਦਾ ਹੈ। ਉਲਟਿ–ਉਲਟ ਕੇ। ਸੁੰਨ ਮਹਿ–ਅਫੁਰ ਪ੍ਰਭੂ ਵਿਚ। ਗਹੈ–ਪਕੜਦਾ (ਟਿਕਾਉਂਦਾ) ਹੈ।੫।

ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥ ਗੁਰ ਕੀ ਸਾਖੀ, ਰਾਖੈ ਚੀਤਿ ॥ ਮਨੁ ਤਨੁ ਅਰਪੈ, ਕ੍ਰਿਸਨ ਪਰੀਤਿ ॥੬॥ ਕਰ ਪਲਵ ਸਾਖਾ ਬੀਚਾਰੇ ॥ ਅਪਨਾ ਜਨਮੁ ,ਨ ਜੂਐ ਹਾਰੇ ॥ ਅਸੁਰ ਨਦੀ ਕਾ ਬੰਧੈ ਮੂਲੁ ॥ ਪਛਿਮ ਫੇਰਿ ਚੜਾਵੈ ਸੂਰੁ ॥ ਅਜਰੁ ਜਰੈ ਸੁ ਨਿਝਰੁ ਝਰੈ ॥ ਜਗੰਨਾਥ ਸਿਉ ਗੋਸਟਿ ਕਰੈ ॥੭॥ ਚਉਮੁਖ ਦੀਵਾ ਜੋਤਿ ਦੁਆਰ ॥ ਪਲੂ ਅਨਤ ਮੂਲੁ ਬਿਚਕਾਰਿ ॥ ਸਰਬ ਕਲਾ ਲੇ, ਆਪੇ ਰਹੈ ॥ ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ ਮਸਤਕਿ ਪਦਮੁ ਦੁਆਲੈ ਮਣੀ ॥ ਮਾਹਿ

ਨਿਰੰਜਨੁ ਤ੍ਰਿਭਵਣ ਧਣੀ ॥ ਪੰਚ ਸਬਦ ਨਿਰਮਾਇਲ ਬਾਜੇ ॥ ਢੁਲਕੇ ਚਵਰ, ਸੰਖ ਘਨ ਗਾਜੇ ॥ ਦਲਿ ਮਲਿ ਦੈਤਹੁ ,ਗੁਰਮੁਖਿ ਗਿਆਨੁ ॥ ਬੇਣੀ ਜਾਚੈ ਤੇਰਾ ਨਾਮੁ ॥੯॥੧॥ (ਜਿਹੜਾ ਮਨੁੱਖ ਗਿਆਨ ਅਵਸਥਾ ਵਿਚ) ਜਾਗਦਾ ਰਹਿੰਦਾ ਹੈ, (ਉਹ ਕਦੇ) ਝੂਠ ਨਹੀਂ ਬੋਲਦਾ।(ਉਹ) ਪੰਜ ਕਰਮ ਇੰਦ੍ਰੀਆਂ ਨੂੰ ਵਸ ਵਿਚ ਕਰਕੇ ਰਖਦਾ ਹੈ।(ਉਹ) ਗੁਰੂ ਦੀ ਸਿੱਖਿਆ ਚਿਤ ਵਿਚ (ਸੰਭਾਲ ਕੇ) ਰਖਦਾ ਹੈ।ਪ੍ਰਭੂ ਦੀ ਪ੍ਰੀਤੀ ਵਿਚ (ਉਹ ਅਪਣਾ) ਮਨ ਤੇ ਸਰੀਰ ਅਰਪਣ ਕਰ ਦੇਂਦਾ ਹੈ।੬।(ਉਹ ਮਨੁੱਖ ਅਪਣੇ) ਹੱਥਾਂ ਨੂੰ ਸਰੀਰ ਰੂਪ ਬ੍ਰਿਛ ਦੇ ਪੱਤੇ ਤੇ ਸ਼ਾਖਾਂ ਵਿਚਾਰਦਾ ਹੈ (ਜਿਵੇਂ ਸ਼ਾਖਾਂ ਦੁਆਰਾ ਬ੍ਰਿਛ ਦਾ ਫੈਲਾਉ ਹੁੰਦਾ ਹੈ, ਤਿਵੇਂ ਹੱਥਾਂ ਨਾਲ ਸੇਵਾ ਕੀਤਿਆਂ ਮਨੁੱਖ ਦਾ ਵਾਧਾ ਹੁੰਦਾ ਹੈ।ਉਹ) ਅਪਣਾ ਜਨਮ (ਵਿਸ਼ੇ ਵਿਕਾਰਾਂ ਰੂਪ) ਜੂਏ ਵਿਚ ਨਹੀਂ ਹਾਰਦਾ।ਉਹ ਮੰਦੇ ਖਿਆਲਾਂ ਦੀ ਨਦੀ ਦੇ ਮੁੱਢ (ਮੰਦੇ ਖਿਆਲਾਂ ਦੇ ਮੂਲ ਸੋਮੇ ਅਗਿਆਨ) ਨੂੰ ਬੰਨ੍ਹ ਲਾ ਦੇਂਦਾ ਹੈ।ਪੱਛਮ ਵੱਲੋਂ ਫੇਰ ਕੇ (ਅਗਿਆਨਤਾ ਦਾ ਹਨ੍ਹੇਰਾ ਦੂਰ ਕਰਕੇ ਗਿਆਨ ਦਾ) ਸੂਰਜ ਚੜ੍ਹਾਉਂਦਾ ਹੈ (ਸ਼ਬਦਾਰਥ); ਮਨ ਜੋ ਪਿਛਲੇ ਪਾਸੇ ਜਗਤ ਵੱਲ ਮੁੜਿਆ ਹੋਇਆ ਹੈ, ਇਧਰੋਂ ਮੋੜ ਕੇ ਗਿਆਨ ਦਾ ਸੂਰਜ ਚੜ੍ਹਾਉਂਦਾ ਹੈ (ਮਨ ਜਗਤ ਦੇ ਪਦਾਰਥਾਂ ਵੱਲ ਹੈ, ਇਹੀ ਪੱਛਮ ਦਿਸ਼ਾ ਹੈ)।ਉਹ ਅਜਰ ਅਵਸਥਾ ਨੂੰ ਜਰਦਾ (ਸਹਿੰਦਾ) ਹੈ, (ਜਿਸ ਦਾ ਸਦਕਾ ਉਸ ਦੇ ਅੰਦਰ ਨਾਮ) ਅੰਮ੍ਰਿਤ ਦਾ ਇਕ ਰਸ ਪ੍ਰਵਾਹ ਝਰਦਾ ਹੈ।(ਫਿਰ ਉਹ) ਜਗਤ ਦੇ ਮਾਲਕ ਪ੍ਰਭੂ ਨਾਲ ਗਲਬਾਤ ਕਰਦਾ ਹੈ।੭।(ਅੰਨਵੈ ਅਖਰ ਉਸ ਦੇ) ਦਸਮ ਦੁਆਰ ਵਿਚ ਚਾਰ ਮੂੰਹਾਂ (ਗਿਆਨ ਦਾ) ਦੀਵਾ ਬਲ ਪੈਂਦਾ ਹੈ (ਸਭ ਪਾਸੇ ਰੱਬੀ ਜੋਤ ਦਾ ਪ੍ਰਕਾਸ਼ ਦਿਸਦਾ ਹੈ।ਉਹ ਮਨੁੱਖ) ਮਨ ਮਾਣਕ ਨੂੰ ਸ਼ੁੱਭ ਖਿਆਲਾਂ ਰੂਪ ਰਤਨਾਂ ਨਾਲ ਪਰੋ ਲੈਂਦਾ ਹੈ।(ਉਹ ਦੇਖਦਾ ਹੈ ਕਿ) ਮੂਲ ਹਰੀ (ਦਸਮ ਦੁਆਰ) ਵਿਚਕਾਰ ਵਸਦਾ ਹੈ, (ਜਿਸ ਪ੍ਰਭੂ ਦੇ) ਪੱਤੇ ਰੂਪ ਸ੍ਰਿਸਟੀਆਂ ਅਣਗਿਣਤ ਹਨ।(ਪ੍ਰਭੂ) ਆਪ ਹੀ ਸਾਰੀਆਂ ਸ਼ਕਤੀਆਂ ਲੈ ਕੇ (ਸ੍ਰਿਸਟੀ ਵਿਚ) ਰਹਿੰਦਾ ਹੈ।੮।(ਉਸ ਮਨੁੱਖ ਦੇ) ਮੱਥੇ ਵਿਚ ਕਮਲ ਖਿੜ ਪੈਂਦਾ ਹੈ ਅਤੇ (ਕਮਲ ਦੇ) ਦੁਆਲੇ ਮਣੀ ਰੂਪ ਪ੍ਰਭੂ ਦਾ ਪ੍ਰਕਾਸ਼ ਹੈ; ਮੱਥੇ (ਦਸਮ ਦੁਆਰ) ਵਿਚ ਕਮਲ ਹੈ, ਆਲੇ ਦੁਆਲੇ ਮਾਸ ਪੇਸ਼ੀਆਂ ਮਣੀ ਵਾਂਗ ਪ੍ਰਕਾਸ਼ ਰਹੀਆਂ ਹਨ (ਫ.ਕੋ.)।(ਉਸ ਕਮਲ ਦੇ) ਅੰਦਰ ਮਾਇਆ ਤੋਂ ਰਹਿਤ ਤਿੰਨਾਂ ਭਵਨਾਂ ਦਾ ਮਾਲਕ ਪ੍ਰਭੂ ਵਸਦਾ ਹੈ।(ਉਹ ਅਪਣੇ ਅੰਦਰ) ਪੰਜ ਤਰ੍ਹਾਂ ਦੇ ਪਵਿਤ੍ਰ ਸ਼ਬਦ ਦੇ ਬਾਜੇ (ਆਤਮ ਮੰਡਲ ਦੇ ਸੰਗੀਤ) ਵਜ ਰਹੇ ਸੁਣਦਾ ਹੈ।(ਉਹ ਦਸਮ ਦੁਆਰ ਵਿਚ) ਚੌਰ ਢੁਲਦਾ ਦੇਖਦਾ ਹੈ (ਆਤਮਕ ਅਨੰਦ ਨੂੰ ਚੌਰ ਢੁਲਦੇ ਰੂਪ ਵਿਚ ਦਸਿਆ ਹੈ ਜਾਂ 'ਪਵਣੁ ਚਵਰੋ ਕਰੇ' ਵਾਲਾ ਵਾਤਾਵਰਣ ਪ੍ਰਤੀਤ ਹੋ ਰਿਹਾ ਹੈ), ਸੰਖ ਤੇ ਬਦਲ ਆਦਿਕਾਂ ਦੀ ਧੁਨ ਗਜਦੀ ਸੁਣਦਾ ਹੈ।(ਜਿਸ ਮਨੁੱਖ ਨੂੰ) ਗੁਰੂ ਦਾ ਗਿਆਨ ਮਿਲਿਆ ਹੈ, ਉਹ ਕਾਮਾਦਿਕ ਦੈਂਤਾਂ ਨੂੰ ਮਲ ਕੇ ਦਲ ਦੇਂਦਾ ਹੈ।(ਹੇ ਪ੍ਰਭੂ! ਤੇਰੇ ਪਾਸੋਂ ਤੇਰਾ ਦਾਸ) ਬੇਣੀ ਤੇਰਾ ਨਾਮ ਮੰਗਦਾ ਹੈ।੯।੧।

ਪਦਾਰਥ = ਅਲੀਆ–ਝੂਠ।ਭਾਖੈ–ਬੋਲਦਾ ਹੈ।ਪਾਚਉ ਇੰਦ੍ਰੀ–ਪੰਜ ਕਰਮ ਇੰਦ੍ਰੇ (ਹੱਥ ਪੈਰ ਮੂੰਹ ਗੁਦਾ ਤੇ ਲਿੰਗ)।ਬਸਿ ਕਰਿ–ਵਸ ਵਿਚ ਕਰਕੇ।ਸਾਖੀ–ਸਿੱਖਿਆ।ਚੀਤਿ–ਚਿੱਤ ਵਿਚ।ਤਨੁ–ਸਰੀਰ।ਕ੍ਰਿਸਨ–ਪ੍ਰਭੂ।੬।ਕਰ–ਹੱਥ (ਬਹੁ ਵਚਨ)।ਪਲਵ–ਪੱਤੇ। ਸਾਖਾ–ਟਾਹਣੀਆਂ।ਜੂਐ–ਜੂਏ ਵਿਚ।ਨ ਹਾਰੇ–ਨਹੀਂ ਹਾਰਦਾ।ਅਸੁਰ ਨਦੀ–ਮੰਦੇ ਖਿਆਲਾਂ ਦਾ ਪ੍ਰਵਾਹ।ਬੰਧੈ–ਬੰਨ੍ਹ (ਰੋਕ ਲਾ) ਦੇਂਦਾ ਹੈ।ਮੂਲੁ–ਮੁੱਢ ਨੂੰ (ਨਿਕਾਸ, ਜਿੱਥੋਂ ਨਦੀ ਦਾ ਪ੍ਰਵਾਹ ਚਾਲੂ ਹੁੰਦਾ ਹੈ)।ਪਛਿਮ ਫੇਰਿ–ਪੱਛਮ ਵੱਲੋਂ ਮੋੜ ਕੇ (ਪੱਛਮ ਵੱਲ ਸੂਰਜ ਛਿਪਦਾ ਹੈ ਤੇ ਹਨ੍ਹੇਰਾ ਹੋ ਜਾਂਦਾ ਹੈ, ਹਨ੍ਹੇਰੇ ਤੋਂ ਭਾਵ ਅਗਿਆਨ)।ਸੂਰੁ–(ਗਿਆਨ ਦਾ) ਸੂਰਜ।ਅਜਰੁ–ਨਾ ਸਹਾਰੇ ਜਾਣ ਵਾਲੀ ਗਿਆਨ ਅਵਸਥਾ।ਜਰੈ–ਸਹਾਰਦਾ ਹੈ।ਸੁ–ਉਹ।ਨਿਝਰ ਝਰੈ–ਅੰਮ੍ਰਿਤ ਦਾ ਝਰਨਾ ਫੁਟਦਾ ਹੈ।ਜਗੰਨਾਥ–ਜਗਤ ਦਾ ਮਾਲਕ ਪ੍ਰਭੂ। ਸਿਉ–ਨਾਲ।ਗੋਸਟਿ–ਗਲਬਾਤ।੭।ਦੁਆਰ–ਦਸਮ ਦੁਆਰ।ਪਲੂ (ਪਲਵ)–ਪੱਤੇ।ਅਨਤ–ਅਣਗਿਣਤ; ਆਲੇ ਦੁਆਲੇ।ਮੂਲੁ–ਮੂਲ ਰੂਪ ਪ੍ਰਭੂ।ਸਰਬ ਕਲਾ–ਸਾਰੀਆਂ ਸ਼ਕਤੀਆਂ।ਲੇ–ਲੈ ਕੇ।ਮਹਿ–ਵਿਚ।ਗੁਹੈ–ਗੁੰਦ (ਪਰੋ) ਲੈਂਦਾ ਹੈ।੮।ਮਸਤਕਿ–ਮੱਥੇ ਵਿਚ ।ਪਦਮੁ–ਕਮਲ ਫੁੱਲ।ਦੁਆਲੈ–ਆਲੇ ਦੁਆਲੇ।ਮਣੀ–ਕੀਮਤੀ ਰਤਨ।ਮਾਹਿ–ਵਿਚ।ਨਿਰੰਜਨੁ–ਮਾਇਆ ਤੋਂ ਨਿਰਲੇਪ।ਤ੍ਰਿਭਵਣ–ਤਿੰਨਾਂ ਭਵਨਾਂ ਦਾ।ਧਣੀ–ਮਾਲਕ।ਪੰਚ ਸਬਦ–ਪੰਜ ਕਿਸਮਾਂ ਦੇ ਸਾਜਾਂ ਦੀ ਅਵਾਜ।ਨਿਰਮਾਇਲ–ਨਿਰਮਲ (ਸ਼ੁੱਧ)।ਢੁਲਕੇ–ਝੁਲਦਾ ਹੈ।ਘਨ ਗਾਜੇ–ਬੱਦਲ ਗੱਜਦਾ ਹੈ।ਦਲਿ ਮਲਿ–ਮਲ ਕੇ ਦਲ ਦੇਂਦਾ ਹੈ।ਦੈਤਹੁ–ਕਾਮਾਦਿਕ ਦੈਂਤਾਂ ਨੂੰ।ਜਾਚੈ–ਮੰਗਦਾ ਹੈ।੯।੧।

ਰਾਗ ਰਾਮਕਲੀ ਸੰਪੂਰਨ